ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੯ ਭਾਦੋਂ-ਅੱਸੂ ਸੰਮਤ ਨਾਨਕਸ਼ਾਹੀ ੫੫੭ ਸਤੰਬਰ ੨੦੨੫ ਅੰਕ : ੬
Vol. : 69 September 2025 Issue : 6

ਭਾਈ ਘਨੱ੍ਈਆ ਜੀ



# ਗੁਰਮੁਖੀ ਵਰਣਮਾਲਾ



ੳ ūṛā ਉਦਾਸੀ Udaasi
ਅ aiṛā ਅਰਦਾਸ Ardas
ੲ īṛī ਇਸ਼ਨਾਨ Ishnaan
ਸ sassā ਸੇਵਾ Sewa
ਹ hāhā ਹਰਿਮੰਦਰ ਸਾਹਿਬ Harmandir Sahib
ਕ kakkā ਕੜਾ kara
ਖ khakhkhā ਖੰਡਾ Khanda
ਗ gaggā ਗੁਰਦੁਆਰਾ Gurdwara
ਘ ghaggā ਘੱਲੂਘਾਰਾ Ghallughara
ਙ nngnā
ਙੰਙਾ ਙਿਆਨੁ ਨਹੀ ਮੁਖ ਬਾਤਉ॥
ਭਾਵ:
ਅਧਿਆਤਮਕ ਗਿਆਨ ਸਿਰਫ ਮੂੰਹ ਦੀ ਗੱਲਾਂ ਨਾਲ ਹੀ ਪ੍ਰਾਪਤ ਨਹੀਂ ਹੋ ਸਕਦਾ।
ਚ chachchā ਚੌਰ ਸਾਹਿਬ ਚਵਰ Chavar
ਛ chhachhchhā ਛਤਰ Chhatar
ਜ jajjā ਜੂੜਾ Jura
ਝ jhajjā ਨਿਸ਼ਾਨ ਸਾਹਿਬ ਝੰਡਾ Jhanda
ਞ nānnā
ਞੰਞਾ ਞਾਣਹੁ ਦ੍ਰਿੜ ਸਹੀ ਬਿਨਸਿ ਜਾਤ ਏਹ ਹੇਤ॥
ਭਾਵ:
ਪਰਮਾਤਮਾ ਪ੍ਰਤੀ ਪਿਆਰ ਨੂੰ ਹੀ ਦ੍ਰਿੜ੍ਹਤਾ ਨਾਲ ਸਹੀ ਜਾਣੋ ਕਿਉਂ ਜੁ ਦੁਨਿਆਵੀ ਪ੍ਰੇਮ ਖਤਮ ਹੋ ਜਾਂਦਾ ਹੈ।
ਟ ṭainkā ਟਹਿਲ ਸੇਵਾ Tehal Sewa
ਠ ṭhaṭhṭhā ਠੰਡਾ ਬੁਰਜ Thanda Burj
ਡ ḍaḍḍā ਡਿਓੜੀ Deorhi
ਢ ḍhaḍḍā ਢਾਡੀ Dhadi
ਣ ṇāṇā
ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ॥
ਭਾਵ:
ਜੋ ਇਨਸਾਨ ਆਪਣੀ ਆਤਮਾ ਨੂੰ ਜਿੱਤ ਲੈਂਦਾ ਹੈ ਉਹ ਦੁਨੀਆ ਦੇ ਹਰ ਮੈਦਾਨ 'ਤੇ ਫਤਹਿ ਪਾ ਲੈਂਦਾ ਹੈ।
ਤ tattā ਤਬਲਾ Tabla
ਥ thaththā ਥੜ੍ਹਾ ਸਾਹਿਬ Thara Sahib
ਦ daddā ਦਸਤਾਰ Dastar
ਧ dhaddā ਧਰਤੀ Dharti
ਨ nannā ਨਗਾਰਾ Nagara
ਪ pappā ਪੰਜ ਪਿਆਰੇ Panj Piare
ਫ phaphphā ੳ ਅ ੲ ਦ ਧ ਨ ਫ ਬ ਭ ਫੱਟੀ Phati
ਬ babbā ਬਾਟਾ Baatta
ਭ bhabhā ਭੁਝੰਗੀ Bhujhangi
ਮ mammā ਮੂਲਮੰਤਰ Moolmantar
ਯ yayyā ਯੁੱਧ Yudh
ਰ rārā ਰਬਾਬ Rabab
ਲ lallā ਲੰਗਰ Langar
ਵ vavvā ਵਾਹਿਗੁਰੂ Waheguru
ੜ ṛhāṛhā
ੜਾੜਾ ੜਾੜਿ ਮਿਟੈ ਸੰਗਿ ਸਾਧੂ॥
ਭਾਵ:
ਗੁਰੂ ਪਿਆਰਿਆਂ ਦੀ ਸੰਗਤ ਵਿਚ ਸਭ ਦੁੱਖ-ਕਲੇਸ਼ ਖ਼ਤਮ ਹੋ ਜਾਂਦੇ ਹਨ।
ਸ਼ shashshā ਸ਼ਹੀਦ Shaheed
ਖ਼ khakhkhā ਖ਼ਾਲਸਾ Khalsa
ਗ਼ ghaghghā ਗ਼ੁੰਬਦ Gumbad
ਜ਼ zzazā ਜ਼ਫ਼ਰਨਾਮਾ Zafarnama
ਫ਼ faffā ਫ਼ਤਹਿ Fateh

ੴ ਸਤਿਗੁਰ ਪ੍ਰਸਾਦਿ॥

**ਗੁਰਮਤਿ ਸਾਚੀ ਸਾਚਾ ਵੀਚਾਰੁ॥**

# ਗੁਰਮਤਿ ਪ੍ਰਕਾਸ਼

**(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)**

ਭਾਦੋਂ-ਅੱਸੂ, ਸੰਮਤ ਨਾਨਕਸ਼ਾਹੀ ੫੫੭ ਸਤੰਬਰ 2025

ਜਿਲਦ ੬੯ (Vol. 69) ਅੰਕ ੦੬ (Issue 06)

*ਸੰਪਾਦਕ*
**ਸਤਵਿੰਦਰ ਸਿੰਘ**
*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net
e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਂਝੀਵਾਲਤਾ | -ਸ. ਬਲਵਿੰਦਰ ਸਿੰਘ ਕਾਹਲਵਾਂ | ੮ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਨਾਮ' ਦਾ ਸੰਕਲਪ | -ਡਾ. ਗੁਰਵਿੰਦਰ ਕੌਰ | ੧੨ |
| ਸ੍ਰੀ ਗੁਰੂ ਗ੍ਰੰਥ ਸਾਹਿਬ: ਸੰਪਾਦਨ ਦਾ ਪਿਛੋਕੜ | -ਡਾ. ਧਰਮ ਸਿੰਘ | ੨੩ |
| ਸੇਵਾ-ਸਿਮਰਨ ਤੇ ਸੂਰਬੀਰਤਾ ਦੇ ਸਿਰਤਾਜ : ਭਾਈ ਘਨੱਈਆ ਜੀ | -ਡਾ. ਰੂਪ ਸਿੰਘ | ੨੯ |
| ਪ੍ਰਿਥਮ ਭਗੌਤੀ ਸਿਮਰਿ ਕੈ... | -ਸ. ਗੁਰਚਰਨਜੀਤ ਸਿੰਘ ਲਾਂਬਾ | ੩੫ |
| ਸਤੰਬਰ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ ਅਤੇ ਦਿਹਾੜੇ:- | | |
| (ਭਾਈ ਜੀਵਨ ਸਿੰਘ ਜੀ, ਮਹਾਰਾਜਾ ਦਲੀਪ ਸਿੰਘ) | -ਡਾ. ਗੁਰਪ੍ਰੀਤ ਸਿੰਘ | ੩੭ |
| ...ਮਨੁੱਖੀ ਹੱਕਾਂ ਦਾ ਪਹਿਰੇਦਾਰ : ਸ਼ਹੀਦ ਸ.ਜਸਵੰਤ ਸਿੰਘ ਖਾਲੜਾ | -ਸ. ਅਵਤਾਰ ਸਿੰਘ ਆਨੰਦ | ੪੦ |
| ਨਵੀਂ ਪੀੜ੍ਹੀ ਨੂੰ ਗੁਰਬਾਣੀ ਨਾਲ ਕਿਵੇਂ ਜੋੜੀਏ | -ਇੰਜੀ. ਕਰਮਜੀਤ ਸਿੰਘ ਨੂਰ | ੪੪ |
| ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ... | -ਡਾ. ਸਤਿੰਦਰ ਸਿੰਘ | ੪੯ |
| ਮਾਝ ਦੀ ਵਾਰ : ਅਧਿਆਤਮਿਕ ਤੇ ਦਾਰਸ਼ਨਿਕ ਪੱਖ | -ਡਾ. ਮਾਨ ਸਿੰਘ ਨਿਰੰਕਾਰੀ | ੫੭ |
| ਹੰਕਾਰਿਆ ਸੋ ਮਾਰਿਆ | -ਡਾ. ਰਾਜਵਿੰਦਰ ਸਿੰਘ ਜੋਗਾ | ੬੩ |
| ਸ਼ੁਕਰ ਵਿਚ ਇਸ ਨਸ਼ੁਕਰੇ ਨੂੰ... (ਗ਼ਜ਼ਲ) | -ਸ. ਸਤਿਨਾਮ ਸਿੰਘ ਕੋਮਲ | ੬੫ |
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸ਼ਰਧਾਲੂ ਸਿੱਖ: ਭਾਈ ਕਾਲਾ ਜੀ | -ਸ. ਕਰਮਜੀਤ ਸਿੰਘ ਦੂਲਾ ਨੰਗਲ | ੬੬ |
| ਸ੍ਰੀ ਗੁਰੂ ਰਾਮਦਾਸ ਸਰਾਂ ਦਾ ਇਤਿਹਾਸ | -ਸ. ਅਜ਼ਾਦ ਦੀਪ ਸਿੰਘ | ੭੧ |
| ਸਿੱਖ ਧਰਮ ਦੀ ਵਿਲੱਖਣਤਾ (ਬੱਚਿਆਂ ਲਈ ਵਿਸ਼ੇਸ਼) | -ਬੀਬੀ ਰਜਵੰਤ ਕੌਰ | ੭੬ |
| ਗੁਰਮਤਿ ਦੇ ਅਨਮੋਲ ਵਿਚਾਰ | -ਭਾਈ ਰੇਸ਼ਮ ਸਿੰਘ | ੮੩ |
| ਸਿੱਖ ਸਾਹਿਤ ਦੇ ਰੂ-ਬ-ਰੂ ੪ | -ਡਾ. ਰਣਜੀਤ ਕੌਰ ਪੰਨਵਾਂ | ੮੫ |
| ਰਾਗੁ ਵਡਹੰਸੁ | -ਮਾ. ਬਲਬੀਰ ਸਿੰਘ ਹੰਸਪਾਲ | ੮੮ |
| ਬਿਰਹੇ ਪਿਆਸ ਕੋ (ਕਬਿੱਤ) | -ਭਾਈ ਹਰਪ੍ਰੀਤ ਸਿੰਘ | ੯੦ |
| ਸਤੰਬਰ ਅਤੇ ਅਕਤੂਬਰ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੯੧ |
| ਖ਼ਬਰਨਾਮਾ | | ੯੨ |

# ਗੁਰਬਾਣੀ ਵਿਚਾਰ

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥*
*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਜਿੰਨ੍ੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*
*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੁਆਰਾ ਅੱਸੂ ਮਹੀਨੇ ਦੀ ਬਹਾਰ ਤੇ ਵਾਤਾਵਰਨ ਦੇ ਪ੍ਰਥਾਏ ਮਨੁੱਖੀ ਆਤਮਾ ਦੀ ਪਰਮਾਤਮਾ ਨਾਲ ਮਿਲਾਪ ਦੀ ਤਾਂਘ ਤੇ ਇਸ ਆਤਮਿਕ ਮਿਲਾਪ ਦੇ ਸੁਖ ਅਨੰਦ ਦਾ ਵਰਣਨ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਅੱਸੂ ਦੇ ਮਹੀਨੇ ਵਿਚ ਜਦੋਂ ਕਿ ਭਾਦਰੋਂ ਦੇ ਗੁੰਮੇ ਤੇ ਹੁੰਮਸ ਦਾ ਅਣਚਾਹਿਆ ਅਸਰ ਖ਼ਤਮ ਹੋ ਜਾਣ ਕਾਰਨ ਪਿਆਰੇ ਪ੍ਰੀਤਮ ਪ੍ਰਤੀ ਪਿਆਰ ਦਾ ਉਛਾਲਾ ਅੰਤਰ-ਆਤਮੇ 'ਚ ਉਪਜਿਆ ਹੈ,ਮਿਲਾਪ ਦੀ ਤਾਂਘ ਉਪਜੀ ਹੈ ਕਿ ਪਿਆਰੇ ਨੂੰ ਜਿਵੇਂ-ਕਿਵੇਂ ਮਿਲਿਆ ਜਾਵੇ। ਮਨ ਅਤੇ ਸਰੀਰ ਅਰਥਾਤ ਸਮੁੱਚੇ ਇਨਸਾਨੀ ਵਜੂਦ ਵਿਚ ਪਿਆਰੇ ਦੇ ਦੀਦਾਰ ਦੀ ਤ੍ਰੇਹ ਡੂੰਘੀ ਹੋਈ ਹੈ। ਹੇ ਮੇਰੀ ਮਾਂ! ਕੋਈ ਆ ਕੇ ਮੈਨੂੰ ਮੇਰਾ ਪਿਆਰਾ ਪ੍ਰੀਤਮ ਮਿਲਾ ਦੇਵੇ! ਸੰਤ ਭਾਵ ਪ੍ਰਭੂ ਨਾਲ ਮਿਲਾਪ ਹਾਸਲ ਕਰ ਚੁੱਕੇ ਰੂਹਾਨੀ ਜੀਊੜੇ ਕੋਲ ਹੀ ਅਜਿਹੀ ਸਮਰੱਥਾ ਹੈ ਅਰਥਾਤ ਸੱਚਾ ਗੁਰੂ ਹੀ ਮੇਰੀ ਸਹਾਇਤਾ ਕਰ ਸਕਦਾ ਹੈ। ਇਸ ਵਾਸਤੇ ਮੈਂ ਇਸ ਮਹੀਨੇ ਦੀ ਮਿੱਠੀ ਬਹਾਰ ਤੇ ਰਸੀਲੇ ਵਾਤਾਵਰਨ ਦਾ ਲਾਭ ਲੈਂਦੀ ਹੋਈ ਜਾ ਕੇ ਉਸ ਦੇ ਚਰਨਾਂ ਨਾਲ ਜੁੜਦੀ ਹਾਂ! ਪਰਮਾਤਮਾ ਪਿਆਰੇ ਤੋਂ ਬਿਨਾਂ ਸੁਖ ਅਨੰਦ ਲੱਭਣ ਦੀ ਹੋਰ ਕੋਈ ਜਗ੍ਹਾ ਵੀ ਤਾਂ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਪਿਆਰੇ ਦੇ ਨਾਮ ਦਾ ਰਸ ਚੱਖ ਲਿਆ ਹੈ ਉਹ ਰੱਜ ਗਏ। ਉਹ ਆਪਾ-ਭਾਵ ਛੱਡ ਕੇ ਇਹੀ ਅਰਜ਼ ਕਰਦੇ ਹਨ ਕਿ ਹੇ ਮਾਲਕ ਜੀਓ! ਸਾਨੂੰ ਆਪਣੇ ਦਾਮਨ ਨਾਲ ਲਾ ਲਵੋ। ਜਿਹੜੀਆਂ ਜੀਵ-ਇਸਤਰੀਆਂ ਨੂੰ ਪਰਮਾਤਮਾ ਰੂਪੀ ਪਿਆਰਾ ਸੱਜਣ ਪਤੀ ਮਿਲ ਜਾਂਦਾ ਹੈ ਉਹ ਮੁੜ ਉਸ ਤੋਂ ਕਦੇ ਵੀ ਵਿਛੋੜਾ ਨਹੀਂ ਪੈਣ ਦਿੰਦੀਆਂ। ਅੰਤ ਵਿਚ ਸਤਿਗੁਰੂ ਜੀ ਸਾਡੀ ਅਧਿਆਤਮਿਕ ਅਗਵਾਈ ਕਰਦੇ ਹੋਏ ਇਹ ਸਿੱਟਾ ਬਖ਼ਸ਼ਿਸ਼ ਕਰਦੇ ਹਨ ਕਿ ਹੇ ਨਾਨਕ! ਪ੍ਰਭੂ ਮਾਲਕ ਤੋਂ ਬਿਨਾਂ ਹੋਰ ਕੋਈ ਦੂਸਰਾ ਸਹਾਈ ਹੋਣ ਵਾਲਾ ਇਸ ਸੰਸਾਰ 'ਤੇ ਨਹੀਂ ਹੈ, ਇਸ ਤੱਥ ਨੂੰ ਜਾਣ ਕੇ ਮੈਂ ਉਸ ਮਾਲਕ ਦੀ ਸ਼ਰਨ ਵਿਚ ਹਾਂ। ਜਿਨ੍ਹਾਂ ਜੀਵ ਇਸਤਰੀਆਂ ਉੱਪਰ ਹਰੀ ਰੂਪੀ ਰਾਜੇ ਦੀ ਮਿਹਰ ਦੀ ਨਜ਼ਰ ਹੁੰਦੀ ਹੈ ਉਹ ਮਨੁੱਖਾ ਜੀਵਨ ਰੂਪੀ ਅੱਸੂ ਦੇ ਮਹੀਨੇ ਵਿਚ ਸੁਖੀ ਵਸਦੀਆਂ ਹਨ। ■

ਸੰਪਾਦਕੀ...

# ਗੁਰਬਾਣੀ ਦਾ ਅਦਬ-ਸਤਿਕਾਰ

*ਇਹ ਇਕ ਚੰਗੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਧ ਤੋਂ ਵੱਧ ਵਿਹਾਰਕ ਲਾਹਾ ਲੈਣ ਵਾਸਤੇ ਸਾਰੀ ਦੁਨੀਆ ਦੇ ਪੱਧਰ 'ਤੇ ਇਕ ਨਵੀਂ ਚੇਤਨਾ ਨਜ਼ਰ ਆ ਰਹੀ ਹੈ। ਪਾਵਨ ਬਾਣੀ ਨੂੰ ਪੜ੍ਹਿਆ, ਅਧਿਐਨ ਕੀਤਾ, ਸੁਣਿਆ, ਸਮਝਿਆ ਜਾ ਰਿਹਾ ਹੈ। ਸੂਝ-ਬੂਝ ਵਾਲੇ ਲੋਕ ਇਸ ਪਾਵਨ ਬਾਣੀ ਉੱਪਰ ਅਮਲ ਤੇ ਵਿਹਾਰ ਕਰਦਿਆਂ ਆਪਣਾ ਲੋਕ-ਪਰਲੋਕ ਸੁਆਰ ਰਹੇ ਹਨ, ਐਪਰ ਜਿਹੜਾ ਮੁਲਕ ਸਿੱਖ ਗੁਰੂ ਸਾਹਿਬਾਨ ਦੀ ਜਨਮ-ਭੂਮੀ ਅਤੇ ਵਧੇਰੇ ਕਰਕੇ ਕਰਮ-ਭੂਮੀ ਰਿਹਾ, ਉੱਥੇ ਇਸ ਸੰਬੰਧ ਵਿਚ ਹਾਲਾਤ ਕੁਝ ਇਕ ਕਮੀਆਂ ਸਹਿਤ ਪੂਰੀ ਤਰ੍ਹਾਂ ਇੱਛਤ ਜਾਂ ਲੋੜੀਂਦੇ ਰੂਪ 'ਚ ਨਜ਼ਰ ਨਹੀਂ ਆ ਰਹੇ।*

*ਚੰਗੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਤੀ ਲੋਕਾਂ 'ਚ ਡੂੰਘਾ ਵਿਸ਼ਵਾਸ ਅਤੇ ਸ਼ਰਧਾ-ਭਾਵਨਾ ਵੇਖਣ 'ਚ ਆ ਰਹੀ ਹੈ। ਵਿਸ਼ਵਾਸ ਅਤੇ ਸ਼ਰਧਾ ਤਾਂ ਮੂਲ ਰੂਪ 'ਚ ਧਰਮ ਦੀ ਨੀਂਹ ਹੁੰਦੇ ਹਨ। ਵਿਸ਼ਵਾਸ ਅਤੇ ਸ਼ਰਧਾ ਭਾਵਨਾ ਤੋਂ ਬਿਨਾਂ ਕਿਸੇ ਵੀ ਧਰਮ ਦੀ ਹੋਂਦ ਨਹੀਂ ਹੋ ਸਕਦੀ। ਇਸ ਦੇ ਨਾਲ ਹੀ ਜੁੜਿਆ ਇਕ ਹੋਰ ਪਹਿਲੂ ਵੀ ਵਿਚਾਰ ਕਰਨ ਦੇ ਯੋਗ ਹੈ ਕਿ ਸਾਡਾ ਵਿਸ਼ਵਾਸ, ਸਾਡੀ ਸ਼ਰਧਾ-ਭਾਵਨਾ ਕਿਸ ਤਰ੍ਹਾਂ ਦੀ ਹੈ। ਕੀ ਇਹ ਸਾਡੇ ਦਿਲ ਦੀਆਂ ਡੂੰਘਾਈਆਂ 'ਚੋਂ ਪੈਦਾ ਹੋ ਰਹੀ ਹੈ ਜਾਂ ਇਹ ਦੂਜੇ ਲੋਕਾਂ ਨੂੰ ਵਿਖਾਉਣ ਦੇ ਵਾਸਤੇ ਹੀ ਹੈ। ਇਸ ਸਵਾਲ ਉੱਪਰ ਯੋਗ ਵਿਚਾਰ ਕਰਨੀ ਜ਼ਰੂਰੀ ਹੈ।*

*ਦੂਜੀ ਗੱਲ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਦੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਸਥਾਪਿਤ ਕੀਤਾ ਗਿਆ, ਇਸ ਦਾ ਪਾਵਨ ਪ੍ਰਕਾਸ਼ ਕੀਤਾ ਗਿਆ ਤਦੋਂ ਗੁਰੂ-ਘਰ ਦੇ ਨਾਲ ਬੜੀ ਦੇਰ ਤੋਂ ਮਨ-ਅੰਤਰ ਤੋਂ ਜੁੜੇ ਬੜੇ ਵਿਆਪਕ ਅਨੁਭਵ ਤੇ ਤਜ਼ਰਬੇ ਵਾਲੇ ਬਾਬਾ ਬੁੱਢਾ ਜੀ ਨੂੰ ਇਸ ਦੇ ਪਹਿਲੇ ਗ੍ਰੰਥੀ ਹੋਣ ਦਾ ਸਨਮਾਨ ਪੰਚਮ ਪਾਤਸ਼ਾਹ ਜੀ ਨੇ ਬਖਸ਼ਿਆ। ਬਾਬਾ ਜੀ ਨੇ ਇਹ ਮਹਾਨ ਜ਼ਿੰਮੇਵਾਰੀ ਪੂਰੇ ਸਮਰਪਣ ਭਾਵ ਨਾਲ ਨਿਭਾਈ। ਅਜਿਹਾ ਕਰਕੇ ਆਪ ਨੇ ਇਕ ਉੱਚਾ ਤੇ ਨਿਰਮਲ ਨਮੂਨਾ ਪੇਸ਼ ਕੀਤਾ ਕਿ ਸ਼ਰਧਾ-ਭਾਵਨਾ ਇਸ ਤਰ੍ਹਾਂ ਪ੍ਰਗਟਾਉਣੀ ਹੈ, ਸਤਿਕਾਰ ਇਸ ਪ੍ਰਕਾਰ ਕਰਨਾ ਹੈ। ਜਿਵੇਂ-ਜਿਵੇਂ ਸਿੱਖ ਗੁਰਦੁਆਰਾ ਸਾਹਿਬਾਨ ਦਾ ਵਿਕਾਸ ਹੋਇਆ ਉਸ ਨਾਲ ਅੱਜ ਗ੍ਰੰਥੀ ਸਿੰਘਾਂ ਦੀ ਇਕ ਪੂਰੀ ਸ਼੍ਰੇਣੀ ਦੇਖੀ ਜਾ ਰਹੀ ਹੈ। ਇਸ ਸ਼੍ਰੇਣੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਯਾਦਾ ਨੂੰ ਤਨਦੇਹੀ ਨਾਲ ਨਿਭਾਉਣ ਵਿਚ ਮੁੱਖ ਹਿੱਸਾ ਹੈ। ਮਰਯਾਦਾ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਵਾਲੇ ਸਾਰੇ ਗ੍ਰੰਥੀ ਸਾਹਿਬਾਨ ਸਤਿਕਾਰਯੋਗ ਹਨ। ਸਿੱਖ ਪੰਥ ਉਨ੍ਹਾਂ ਦੇ ਸਤਿਕਾਰ ਪ੍ਰਤੀ ਸੁਚੇਤ ਵੀ ਹੈ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਮਰਯਾਦਾ ਵਿਲੱਖਣ ਹੈ। ਉੱਚੀ-ਸੁੱਚੀ ਇਹ ਮਰਯਾਦਾ ਅਪਾਰ ਸ਼ੋਭਾ ਦਿੰਦੀ ਹੈ। ਇਹ ਵੇਖਣ ਵਾਲਿਆਂ ਨੂੰ ਵਿਗਾਸ ਤੇ ਤਸੱਲੀ ਬਖਸ਼ਦੀ ਹੈ। ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਸੀਂ ਆਪਣੀ ਸ਼ਰਧਾ ਭੇਟ ਕਰਦੇ ਹਾਂ ਤੇ ਆਪਣਾ*

*ਸਿਰ ਝੁਕਾਉਂਦੇ ਹਾਂ।*

*ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਗੁਰਦੁਆਰਾ ਸਾਹਿਬਾਨ ਵਿਖੇ ਮਰਯਾਦਾ ਦਾ ਪਾਲਣ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਯਾਦਾ ਸਹੀ ਰੂਪ 'ਚ ਗੁਰਦੁਆਰਾ ਸਾਹਿਬ ਵਿਖੇ ਨਿਭਾਈ ਜਾ ਰਹੀ ਹੈ। ਦਸਮ ਪਾਤਸ਼ਾਹ ਨੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਹਾਜ਼ਰ-ਨਾਜ਼ਰ ਗੁਰੂ ਹਨ। ਸਿੱਖ ਪੰਥ ਲਈ ਹਾਜ਼ਰ-ਨਾਜ਼ਰ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉੱਚਾ-ਸੁੱਚਾ ਸਤਿਕਾਰ ਬੇਹੱਦ ਜ਼ਰੂਰੀ ਹੈ। ਇਸ ਵਿਚ ਜ਼ਰਾ ਜਿੰਨੀ ਵੀ ਢਿੱਲ ਸਾਡੇ ਲਈ ਮਾੜੀ ਗੱਲ ਹੈ।*

*ਹਾਲ ਹੀ ਵਿਚ ਗੁਰਬਾਣੀ ਨਾਲ ਜੁੜੇ ਕੁਝ ਚਲੰਤ ਅਤੇ ਸੰਵੇਦਨਸ਼ੀਲ ਮਸਲੇ ਸਾਡੇ ਸਾਹਮਣੇ ਆ ਰਹੇ ਹਨ। ਅੱਜ ਆਧੁਨਿਕ ਸਮੇਂ ਮੋਬਾਇਲਾਂ ਤੇ ਹੋਰ ਡਿਜੀਟਲ ਉਪਕਰਨਾਂ 'ਤੇ ਗੁਰਬਾਣੀ ਨੂੰ ਵੱਖ-ਵੱਖ ਐਪਸ ਰਾਹੀਂ ਡਾਊਨਲੋਡ ਕਰਨ ਅਤੇ ਉਸ ਤੋਂ ਹੀ ਗੁਰਬਾਣੀ ਪੜ੍ਹਨ, ਸੁਣਨ, ਨਿੱਤਨੇਮ ਆਦਿ ਕਰਨ ਦਾ ਰੁਝਾਨ ਵਧਿਆ ਹੈ। ਬੇਸ਼ੱਕ ਇਹ ਕੋਈ ਮਾੜੀ ਗੱਲ ਨਹੀਂ ਕਿ ਸਾਨੂੰ ਤਕਨੀਕ ਦਾ ਸਹਾਰਾ ਲੈਂਦਿਆਂ ਹੋਇਆਂ ਗੁਰਬਾਣੀ ਨਾਲ ਜੁੜਨਾ ਚਾਹੀਦਾ ਹੈ, ਪਰੰਤੂ ਇਸ ਦੇ ਨਾਲ ਹੀ ਕੁਝ ਹੋਰ ਗੱਲਾਂ ਜੋ ਕਿ ਗੁਰਬਾਣੀ ਦੇ ਸਤਿਕਾਰ ਨਾਲ ਜੁੜੀਆਂ ਹੋਈਆਂ ਹਨ, ਵੀ ਸਾਡੇ ਸਾਹਮਣੇ ਆ ਰਹੀਆਂ ਹਨ। ਜਿਸ ਵਿਚ ਮੁੱਖ ਰੂਪ ਵਿਚ ਮੋਬਾਇਲ ਫ਼ੋਨਾਂ 'ਤੇ ਵਰਤੀਆਂ ਜਾਣ ਵਾਲੀਆਂ ਕੁਝ ਅਜਿਹੀਆਂ ਐਪਸ ਧਿਆਨ ਵਿਚ ਆ ਰਹੀਆਂ ਹਨ ਜਿਨ੍ਹਾਂ ਵਿਚ ਪਾਵਨ ਗੁਰਬਾਣੀ ਦੀਆਂ ਪਾਵਨ ਪੰਕਤੀਆਂ ਦੇ ਸ਼ਬਦ-ਜੋੜ ਠੀਕ ਨਹੀਂ ਹਨ, ਜੋ ਕਿ ਇਕ ਤਰ੍ਹਾਂ ਨਾਲ ਗੁਰਬਾਣੀ ਦੀ ਬੇਅਦਬੀ ਹੈ। ਗੁਰਬਾਣੀ ਦੇ ਸਤਿਕਾਰ ਦੇ ਸੰਦਰਭ ਵਿਚ ਜੇਕਰ ਗੁਰ ਇਤਿਹਾਸ ਨੂੰ ਵੀ ਵਾਚਿਆ ਜਾਵੇ ਤਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਪੁੱਤਰ ਰਾਮਰਾਇ ਨੂੰ ਔਰੰਗਜ਼ੇਬ ਦੇ ਦਰਬਾਰ ਵਿਚ ਗੁਰਬਾਣੀ ਦੇ ਕੇਵਲ ਇਕ ਸ਼ਬਦ 'ਮੁਸਲਮਾਨ' ਦੀ ਥਾਂ 'ਬੇਈਮਾਨ' ਕਹਿਣ 'ਤੇ ਹੀ ਸਿੱਖੀ ਵਿੱਚੋਂ ਖਾਰਜ ਕਰ ਦਿੱਤਾ ਸੀ ਤਾਂ ਅਸੀਂ ਆਮ ਲੋਕ ਗੁਰਬਾਣੀ ਨਾਲ ਛੇੜ-ਛਾੜ ਕਰਨ ਵਾਲੇ ਕੌਣ ਹੁੰਦੇ ਹਾਂ? ਗੁਰਬਾਣੀ ਐਪਸ ਬਣਾਉਣ ਵਾਲਿਆਂ ਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ, ਕਿ ਗੁਰਬਾਣੀ ਦੇ ਮੂਲ ਸਰੂਪ ਨੂੰ ਵਿਗਾੜਨ ਦੀ ਕੋਸ਼ਿਸ਼ ਨਾ ਕੀਤੀ ਜਾਵੇ।*

*ਐਪਸ ਬਣਾਉਣ ਅਤੇ ਗੁਰਬਾਣੀ ਦਾ ਪ੍ਰਚਾਰ ਕਰਨ ਦੀ ਆੜ ਵਿਚ ਗ਼ਲਤ ਸ਼ਬਦ-ਜੋੜਾਂ ਵਾਲੇ ਗੁਰਬਾਣੀ ਐਪਸ ਬਣਾਉਣ ਵਾਲੀਆਂ ਸੰਸਥਾਵਾਂ ਅਤੇ ਵਿਅਕਤੀ ਵੀ ਅਜਿਹਾ ਕਰਨ ਤੋਂ ਗੁਰੇਜ਼ ਕਰਨ। ਅਸੀਂ ਅਜਿਹੇ ਲੋਕਾਂ ਨੂੰ ਸਖਤ ਤਾੜਨਾ ਕਰਦੇ ਹਾਂ ਜੋ ਇਨ੍ਹਾਂ ਐਪਸ ਰਾਹੀਂ ਪੈਸਾ ਇਕੱਠਾ ਕਰਨ ਵਾਲੇ ਗੁਰਬਾਣੀ ਦੀ ਇਸ ਬੇਅਦਬੀ ਦੇ ਰੁਝਾਨ ਨੂੰ ਬੜਾਵਾ ਦੇ ਰਹੇ ਹਨ, ਕਿ ਉਹ ਅਜਿਹਾ ਨਾ ਕਰਨ ਅਤੇ ਸਿੱਖ ਭਾਵਨਾਵਾਂ ਨੂੰ ਸਮਝਦਿਆਂ ਹੋਇਆਂ ਅਤੇ ਪਾਵਨ ਗੁਰਬਾਣੀ ਦੇ ਸਤਿਕਾਰ ਨੂੰ ਮੁੱਖ ਰਖਦਿਆਂ ਹੋਇਆਂ, ਆਪਣੇ ਐਪਸ ਵਿਚ ਸੁਧਾਰ ਕਰਨ, ਤਾਂ ਕਿ ਗੁਰਬਾਣੀ ਦਾ ਅਦਬ ਤੇ ਸਤਿਕਾਰ ਕਾਇਮ ਰਹੇ।* ■

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਂਝੀਵਾਲਤਾ

*-ਸ. ਬਲਵਿੰਦਰ ਸਿੰਘ ਕਾਹਲਵਾਂ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਸਰਬ-ਸਾਂਝੀਵਾਲਤਾ ਦੀ ਲਹਿਰ ਨੂੰ ਚਲਾਉਣ ਤੇ ਆਪਣੇ ਜੀਵਨ-ਕਾਲ ਵਿਚ ਹੀ ਸਿਖਰਾਂ 'ਤੇ ਪਹੁੰਚਾਉਣ ਵਿਚ ਹਿੱਸਾ, ਅਦੁੱਤੀ ਤੇ ਲਾਸਾਨੀ ਹੈ। ਇਨ੍ਹਾਂ ਬਾਣੀਕਾਰਾਂ ਨੇ ਅਕਾਲ ਪੁਰਖ ਦੇ ਸੱਚੇ ਨਾਮ ਦੇ ਡੂੰਘੇ ਅਨੁਭਵ ਦੁਆਰਾ ਲੋਕਾਂ ਨੂੰ ਪਿਆਰ ਤੇ ਸਾਂਝੀਵਾਲਤਾ ਦਾ ਸਬਕ ਪੜ੍ਹਾਉਣ ਦਾ ਦ੍ਰਿੜ੍ਹ ਇਰਾਦਾ ਕੀਤਾ, ਭਾਵੇਂ ਉਹ ਉੱਤਰ ਪ੍ਰਦੇਸ਼ ਵਿਚ ਵਿਚਰਨ ਵਾਲੇ ਭਗਤ ਕਬੀਰ ਜੀ ਹਨ ਜਾਂ ਪੰਜਾਬ ਦੀ ਧਰਤੀ 'ਤੇ ਵਿਚਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ। ਇਹ ਭਾਰਤੀ ਲੋਕਾਂ ਦੀ ਸਦੀਆਂ ਤੋਂ ਚੱਲ ਰਹੀ ਬਦਕਿਸਮਤੀ ਵਾਲੀ ਹੋਣੀ ਨੂੰ ਬਦਲਣ ਦਾ ਸਾਹਸ ਰੱਖਣ ਵਾਲੇ ਮਹਾਨ ਪੁਰਖ ਹਨ। ਇਨ੍ਹਾਂ ਬਾਣੀਕਾਰਾਂ ਨੇ ਪਹਿਲੀ ਵਾਰ ਸਦੀਆਂ ਤੋਂ ਸਮਾਜਿਕ ਤੇ ਸਭਿਆਚਾਰਕ ਲੋਕ-ਜੀਵਨ ਵਿਚ ਪ੍ਰਚਲਿਤ ਤੇ ਪ੍ਰਵਾਨਿਤ ਜਾਤ-ਪਾਤੀ ਪ੍ਰਣਾਲੀ ਦੀ ਅਰਥਹੀਣਤਾ ਦਾ ਖੰਡਨ ਹੀ ਕੀਤਾ ਅਤੇ ਆਪਣੀ ਸ਼ਕਤੀਸ਼ਾਲੀ ਵਿਚਾਰਧਾਰਾ ਤੇ ਦਲੀਲ ਨਾਲ ਇਸ ਨੂੰ ਨਕਾਰਿਆ। ਭਗਤ ਕਬੀਰ ਜੀ ਬ੍ਰਾਹਮਣ ਦੀ ਜਾਤ-ਪਾਤ ਦੇ ਆਧਾਰ 'ਤੇ ਆਪੇ ਬਣਾਈ ਸਰਬ-ਉੱਚਤਾ ਨੂੰ ਵੰਗਾਰਦੇ ਹੋਏ ਫੁਰਮਾਉਂਦੇ ਹਨ:

*ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥*
*ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ਰਹਾਉ॥*
*ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥*
*ਤਉ ਆਨ ਬਾਟ ਕਾਹੇ ਨਹੀ ਆਇਆ॥੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੪)*

ਭਗਤ ਕਬੀਰ ਜੀ ਦੀ ਉਸ ਸਮੇਂ ਦੇ ਪ੍ਰਸੰਗ ਵਿਚ ਅਜਿਹੀ ਦਲੇਰੀ ਦੀ ਦਾਦ ਦੇਣੀ ਬਣਦੀ ਹੈ। ਇਹ ਉਹ ਯੁੱਗ ਸੀ ਜਿਸ 'ਚ ਬ੍ਰਾਹਮਣ ਦੀ ਸਰਬਉੱਚਤਾ ਨੂੰ ਸਮਾਜ ਸਿਰ ਝੁਕਾ ਕੇ ਪ੍ਰਵਾਨ ਕਰਦਾ ਸੀ। ਸਮੇਂ ਦੀ ਹਕੂਮਤ ਬ੍ਰਾਹਮਣ ਦੀ ਸਰਬਉੱਚਤਾ ਨੂੰ ਇਸ ਕਰਕੇ ਬਰਕਰਾਰ ਰੱਖਣਾ ਚਾਹੁੰਦੀ ਸੀ ਕਿ ਇਹ ਮਨੂੰ ਸਿਮ੍ਰਤੀ ਜਿਹੇ ਗ੍ਰੰਥਾਂ ਦੁਆਰਾ ਲੋਕਾਂ ਨੂੰ ਵੰਡ ਰਹੀ ਸੀ, ਉਨ੍ਹਾਂ ਦੀ ਏਕਤਾ ਤੇ ਆਪਸੀ ਭਾਈਚਾਰੇ ਨੂੰ ਖਤਮ ਕਰ ਰਹੀ ਸੀ।

ਅੱਜ ਵੀ ਭਾਈਚਾਰਕ ਏਕਤਾ ਅਤੇ ਸਰਬ-ਸਾਂਝੀਵਾਲਤਾ ਨੂੰ ਦੇਸ਼ ਦੇ ਸੁਆਰਥੀ ਹਾਕਮ ਖਤਮ ਕਰਨ ਦਾ ਯਤਨ ਕਰ ਰਹੇ ਹਨ। ਸਰਬ-ਸਾਂਝੀਵਾਲਤਾ ਦਰਅਸਲ ਪਹਿਲਾਂ ਦੇ ਦੇਸ਼ੀ ਜਾਂ ਵਿਦੇਸ਼ੀ ਸ਼ਾਸਕਾਂ ਨੂੰ ਵੀ ਚੁੱਭਦੀ ਸੀ ਤੋਂ ਅਜੋਕੇ ਅਖੌਤੀ ਲੋਕਤੰਤਰੀ ਯੁੱਗ ਦੇ ਸ਼ਾਸਕਾਂ ਨੂੰ ਵੀ ਚੁੱਭਦੀ ਹੀ ਹੈ। ਉੱਪਰੋਂ ਭਾਵੇਂ ਉਹ ਕਿੰਨੀਆਂ

** ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੭੬੦੦੪੭੦੦*

ਝੂਠੇ ਦਿਖਾਵੇ ਵਾਲੀਆਂ ਪਿਆਰ ਭਰੀਆਂ ਗੱਲਾਂ ਕਰਦੇ ਹੋਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਹੀ ਪਹਿਲੀ ਵਾਰ ਲੋਕਾਂ ਨੂੰ ਹਲੂਣਾ ਦੇ ਕੇ ਜਗਾਉਣ ਦੀ ਪਹਿਲ ਕੀਤੀ ਕਿ ਭੋਲੇ ਲੋਕੋ! ਤੁਸੀਂ ਇਕ ਦੂਜੇ ਤੋਂ ਦੂਰੀਆਂ ਕਾਹਨੂੰ ਬਣਾ ਰੱਖੀਆਂ ਹਨ? ਤੁਸੀਂ ਧਰਮ, ਵਰਨ, ਨਸਲ, ਜਾਤ-ਪਾਤ, ਦੇਸ਼ਾਂ ਅਤੇ ਪ੍ਰਾਂਤਾਂ ਆਦਿ ਦੀਆਂ ਹੱਦਬੰਦੀਆਂ 'ਚ ਕਿਉਂ ਬੱਝਦੇ ਹੋ? ਕੀ ਤੁਹਾਨੂੰ ਗਿਆਨ ਨਹੀਂ ਕਿ ਤੁਸੀਂ ਇੱਕੋ ਰੱਬ ਦੀ ਰਚਨਾ ਹੋ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਤੇ ਅਨੁਭਵੀ ਬਾਣੀਕਾਰਾਂ ਨੇ ਲੋਕਾਂ ਨੂੰ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ।

ਭਗਤ ਸ਼ੇਖ ਫਰੀਦ ਜੀ ਫੁਰਮਾਉਂਦੇ ਹਨ ਕਿ ਉਹ ਰੱਬ ਸੱਚਾ ਸਾਰਿਆਂ ਦੇ ਹਿਰਦੇ ਵਿਚ ਵਾਸ ਕਰ ਰਿਹਾ ਹੈ, ਇਸ ਲਈ ਸਾਰੇ ਹਿਰਦੇ ਹੀ ਕੀਮਤੀ ਹਨ ਭਾਵ ਸਾਰੇ ਇਨਸਾਨ ਹੀ ਵਡਮੁੱਲੇ ਹਨ। ਇਸ ਲਈ ਹੇ ਮਨੁੱਖ! ਤੂੰ ਕਿਸੇ ਨੂੰ ਵੀ ਫਿੱਕਾ ਅਥਵਾ ਨਫ਼ਰਤ ਜਾਂ ਘਿਰਣਾ ਭਰਿਆ ਬੋਲ ਨਾ ਬੋਲ, ਤੂੰ ਕਿਸੇ ਵੀ ਹਿਰਦੇ ਨੂੰ ਠੋਕਰ ਨਾ ਮਾਰ!

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥*
*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)*

ਭਗਤ ਕਬੀਰ ਜੀ ਦਾ ਪਾਵਨ ਬਚਨ ਹੈ ਕਿ ਸਭ ਲੋਕਾਈ ਉਸ ਇੱਕੋ ਅੱਲ੍ਹਾ ਨੂਰ ਦੀ ਰਚਨਾ ਹੈ:

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੯)*

ਸ੍ਰੀ ਗੁਰੂ ਅਰਜਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਵੀ ਹਨ ਤੇ ਇਸ ਦੇ ਸੰਪਾਦਕ ਵੀ। ਆਪ ਨੇ ਹੀ ਇਸ ਪਾਵਨ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਆਪਣੀ ਸਰਬ-ਸਾਂਝੀ ਗੁਰਮਤਿ ਵਿਚਾਰਧਾਰਾ ਦੀ ਕਸਵੱਟੀ ਨੂੰ ਸਨਮੁਖ ਰੱਖਦਿਆਂ ਸੰਪੂਰਨ ਕੀਤਾ ਤੇ ਇਸ ਨੂੰ ਸਮੁੱਚੀ ਮਾਨਵਤਾ ਦੀ ਰੂਹਾਨੀ ਅਗਵਾਈ ਤੇ ਇਨਸਾਨੀ ਪਿਆਰ ਦੀ ਭਾਵਨਾ ਨੂੰ ਸਦਾ-ਜੀਵਤ ਰੱਖਣ ਲਈ ਇਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ 'ਚ ਕਰਵਾਇਆ।

ਗੁਰੂ ਸਾਹਿਬ ਨੇ ਇਸ ਅਦੁੱਤੀ ਗ੍ਰੰਥ 'ਚ ਗੁਰੂ ਸਾਹਿਬਾਨ ਅਤੇ ਗੁਰਸਿੱਖ ਨਿਕਟਵਰਤੀਆਂ ਦੀ ਬਾਣੀ ਦੇ ਨਾਲ-ਨਾਲ ਸਮੁੱਚੇ ਦੇਸ਼ ਭਰ 'ਚੋਂ ਜਿੱਥੋਂ ਵੀ ਸਰਬ-ਸਾਂਝੀਵਾਲਤਾ ਅਤੇ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦੀ ਬਾਣੀ ਮਿਲ ਸਕੀ ਉਸ ਨੂੰ ਰਚਨਾਕਾਰ ਦੇ ਮਜ਼੍ਹਬ, ਅਖੌਤੀ ਉੱਚੀ ਜਾਂ ਨੀਵੀਂ ਜਾਤ, ਇਲਾਕੇ, ਅਖੌਤੀ ਚੰਗੇ ਜਾਂ ਮੰਦੇ

ਕਿੱਤੇ ਨਾਲ ਸੰਬੰਧ ਨੂੰ ਮੂਲੋਂ ਹੀ ਅਣਡਿੱਠ ਕਰ ਕੇ ਦਰਜ ਕਰਨ ਦੀ ਕਮਾਲ ਦੀ ਜੁਰਅੱਤ ਦਿਖਾਈ। ਉਦਾਹਰਨ ਦੇ ਤੌਰ 'ਤੇ ਇਸ ਵਿਚ ਭਗਤ ਸ਼ੇਖ ਫਰੀਦ ਜੀ ਅਤੇ ਭਗਤ ਭੀਖਣ ਜਿਹੇ ਸੂਫੀ (ਮੁਸਲਮਾਨ) ਫਕੀਰਾਂ ਦਾ ਪਾਵਨ ਕਲਾਮ ਪੂਰੇ ਮਾਣ-ਸਨਮਾਨ ਸਹਿਤ ਦਰਜ ਕੀਤਾ ਗਿਆ ਮਿਲਦਾ ਹੈ। ਭਗਤ ਸਾਹਿਬਾਨ 'ਚੋਂ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਵੱਧ ਹੈ। ਇਸ ਬਾਣੀ ਵਿਚ ਜਾਤ-ਪਾਤ ਵਿਰੋਧੀ ਤੇ ਵਰਨ-ਵਿਵਸਥਾ ਵਿਰੋਧੀ ਭਰਪੂਰ ਵਰਣਨ ਮਿਲਦਾ ਹੈ। ਭਗਤ ਰਵਿਦਾਸ ਜੀ ਅਤੇ ਭਗਤ ਨਾਮਦੇਵ ਜੀ ਦੀ ਕਾਫੀ ਵੱਡੇ ਆਕਾਰ ਵਿਚ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ। ਭਗਤ ਸੈਣ ਜੀ ਅਤੇ ਭਗਤ ਧੰਨਾ ਜੀ ਸਮੇਤ ਇਨ੍ਹਾਂ ਭਗਤ ਸਾਹਿਬਾਨ ਦੀ ਸਰਬ-ਸਾਂਝੀਵਾਲਤਾ ਨੂੰ ਸਮਰਪਿਤ ਬਾਣੀ ਇਸ ਕਰਕੇ ਖਾਸ ਅਧਿਐਨ ਦੀ ਮੰਗ ਕਰਦੀ ਹੈ, ਕਿਉਂਕਿ ਇਹ ਉਹ ਭਗਤ ਸਾਹਿਬਾਨ ਹਨ ਜਿਨ੍ਹਾਂ ਨੇ ਖੁਦ ਜਾਤ-ਪਾਤੀ ਵਿਤਕਰਿਆਂ ਨੂੰ ਵਕਤ ਦੇ ਬਿਪਰਵਾਦੀ ਨਿਜ਼ਾਮ 'ਚ ਵਿਚਰਦਿਆਂ ਹੰਢਾਇਆ ਹੋਇਆ ਸੀ, ਜਿਨ੍ਹਾਂ ਨੂੰ ਤਤਕਾਲੀ ਰਾਜਿਆਂ ਅਤੇ ਬ੍ਰਾਹਮਣਾਂ ਦੀ ਘਿਰਣਾ ਅਤੇ ਕ੍ਰੋਧ ਦਾ ਵੀ ਨਿਸ਼ਾਨਾ ਬਣਨਾ ਪਿਆ ਸੀ ਪਰ ਉਨ੍ਹਾਂ ਨੇ ਆਪਣੇ ਸਰਬ-ਸਾਂਝੀਵਾਲਤਾ ਦੇ ਮਿਸ਼ਨ ਨੂੰ ਹਰ ਹਾਲਤ 'ਚ ਬਰਕਰਾਰ ਤੇ ਚੱਲਦਾ ਰੱਖਿਆ ਸੀ। ਵਿਰੋਧੀ ਹਾਲਤਾਂ 'ਚ ਕੀਤੇ ਗਏ ਕਾਰਜ ਨੂੰ ਨਿਸਚੈ ਹੀ ਵੱਧ ਮਹੱਤਵਪੂਰਨ ਮੰਨਿਆ ਜਾਣਾ ਚਾਹੀਦਾ ਹੈ। ਪਰ ਦੂਜੇ ਪਾਸੇ ਜਿਹੜੇ ਭਗਤ ਸਾਹਿਬਾਨ ਦਾ ਪਰਿਵਾਰਕ ਪਿਛੋਕੜ ਅਖੌਤੀ ਉੱਚੀ ਕੁਲ ਜਾਤੀ ਜਾਂ ਵਰਨ ਨਾਲ ਜੁੜਦਾ ਹੈ ਉਨ੍ਹਾਂ ਦੇ ਸਰਬ-ਸਾਂਝੀਵਾਲਤਾ ਦੇ ਸਰੋਕਾਰ ਨੂੰ ਵੀ ਸਿਰ ਝੁਕਾਉਣਾ ਬਣਦਾ ਹੈ। ਉਨ੍ਹਾਂ ਦਾ ਅਲੱਗ ਤਰ੍ਹਾਂ ਦਾ ਮਹੱਤਵ ਹੈ। ਜਾਤ-ਪਾਤੀ ਚੱਕਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰ ਬਾਣੀਕਾਰ ਨੇ ਆਪਣੇ ਆਪਣੇ ਢੰਗ ਤੇ ਲਹਿਜ਼ੇ ਵਿਚ ਰੱਦ ਕੀਤਾ ਹੀ ਹੈ।

ਭਗਤ ਨਾਮਦੇਵ ਜੀ ਦੀ ਵਿਅਕਤੀਗਤ ਕਥਾ ਸਮੁੱਚੇ ਤਤਕਾਲੀ ਬਿਪਰਵਾਦੀ ਨਿਜ਼ਾਮ ਦੀ ਕਰੂਰਤਾ ਦਾ ਅਹਿਸਾਸ ਕਰਵਾਉਂਦੀ ਹੈ ਜਿਸ ਅਨੁਸਾਰ ਬ੍ਰਾਹਮਣ/ਪੁਜਾਰੀ ਵਰਗ ਉਨ੍ਹਾਂ ਨੂੰ ਮੰਦਰਾਂ 'ਚ ਦਾਖ਼ਲ ਹੋਣੋਂ ਰੋਕਦਾ ਸੀ। ਮੰਦਰ 'ਚੋਂ ਧੱਕੇ ਮਾਰ ਕੇ ਕੱਢੇ ਜਾਣ 'ਤੇ ਭਗਤ ਨਾਮਦੇਵ ਜੀ ਆਪਣੇ ਪ੍ਰਭੂ ਭਗਤੀ ਉੱਪਰ ਹੱਕ ਨੂੰ ਕਾਇਮ ਰੱਖਦੇ ਬਚਨ ਕਰਦੇ ਹਨ:

*ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ॥*
*ਤੂ ਨ ਬਿਸਾਰੇ ਰਾਮਈਆ॥੧॥ਰਹਾਉ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੨)*

ਪ੍ਰਭੂ-ਪਿਤਾ ਨੂੰ ਮੁਖਾਤਬ ਹੁੰਦਿਆਂ ਜਾਤ-ਅਭਿਮਾਨੀਆਂ ਵੱਲੋਂ ਧੱਕੇ ਪੈਣ ਦੀ ਆਪਣੀ ਕਰੁਣ-ਕਥਾ ਭਗਤ ਜੀ ਦੇ ਸ਼ਬਦਾਂ 'ਚ ਇਉਂ ਹੈ:

*ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੨)*

ਪੰਡਤ ਵਿਰੁੱਧ ਪ੍ਰਭੂ ਅੱਗੇ ਸ਼ਿਕਾਇਤ ਦਾ ਨਮੂਨਾ ਹੈ:

*ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥੨॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੨)*

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ 'ਚੋਂ ਸਾਨੂੰ ਖੇਤੀਬਾੜੀ ਕਰਨ ਵਾਲੇ, ਖੱਡੀ 'ਤੇ ਕੱਪੜਾ ਬੁਣਨ ਵਾਲੇ, ਕੱਪੜਾ ਰੰਗਣ ਵਾਲੇ, ਢੋਰ/ਮਰੇ ਹੋਏ ਪਸ਼ੂ ਢੋਣ ਤੇ ਜੁੱਤੀਆਂ ਗੰਢਣ ਵਾਲੇ, ਨਾਈ ਦਾ ਕਿੱਤਾ ਕਰਦੇ ਰਹੇ ਤੇ ਜਾਨਵਰਾਂ ਦਾ ਮਾਸ ਵੇਚ-ਕੇ ਗੁਜ਼ਰਾਨ ਤੋਰਨ ਵਾਲੇ ਉਸ ਸਮੇਂ ਦੇ ਸਮਾਜ 'ਚ ਨੀਵੇਂ ਸਮਝੇ ਜਾਂਦੇ ਕੰਮ ਕਰਨ ਵਾਲੇ ਬਾਣੀਕਾਰ ਮਿਲਦੇ ਹਨ ਕਿਉਂ ਜੋ ਇਸ ਦੇ ਬਾਣੀਕਾਰ ਸਾਨੂੰ ਇਹ ਦ੍ਰਿੜ੍ਹ ਕਰਾਉਣਾ ਚਾਹੁੰਦੇ ਹਨ ਕਿ ਕਿੱਤਾ ਕੋਈ ਵੀ ਅਪਵਿੱਤਰ ਨਹੀਂ ਹੁੰਦਾ, ਅਪਵਿੱਤਰਤਾ ਦਾ ਸੰਬੰਧ ਤਾਂ ਦੂਜਿਆਂ ਦਾ ਲਹੂ ਚੂਸ ਕੇ, ਦੂਜਿਆਂ ਦਾ ਹੱਕ ਮਾਰ ਕੇ, ਦੂਜਿਆਂ ਦੀ ਕਿਰਤ-ਕਮਾਈ ਉੱਪਰ ਨਜ਼ਾਇਜ਼ ਕਬਜ਼ਾ ਕਰਨ ਨਾਲ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਬਚਨ ਹੈ:

*ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥*
*ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥*
*ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥*
*ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦)*

ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦਾ ਇੱਕੋ ਹੀ ਜੀਵਨ-ਉਦੇਸ਼ ਤੇ ਮਿਸ਼ਨ ਹੈ। ਉਨ੍ਹਾਂ ਅੰਦਰ ਪੂਰਨ ਇਕਮਿਕਤਾ, ਇਕਸੁਰਤਾ ਤੇ ਵਿਚਾਰਧਾਰਕ ਏਕਤਾ ਹੈ। ਸ੍ਰੀ ਗੁਰੂ ਅਰਜਨ ਸਾਹਿਬ ਵੱਲੋਂ ਭਗਤ ਸਾਹਿਬਾਨ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਕਰਨਾ ਇਸ ਤੱਥ ਦਾ ਲਖਾਇਕ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਭਗਤ ਸਾਹਿਬਾਨ ਉਚ ਆਤਮਿਕ ਅਵਸਥਾ ਬਾਰੇ ਫੁਰਮਾਨ ਕਰਦੇ ਹਨ:

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥*
*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥*
*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥੨॥*
*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥*
*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥੪॥੨॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੭)*

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬ-ਸਾਂਝੀਵਾਲਤਾ ਦੇ ਉਪਦੇਸ਼ ਨੇ ਆਪਣਾ ਉਸਾਰੂ ਪ੍ਰਭਾਵ ਮਨੁੱਖਤਾ ਉੱਪਰ ਪਾਇਆ ਹੈ। ਇਸ ਨੇ ਆਪਸੀ ਵੈਰ-ਵਿਰੋਧ, ਨਫ਼ਰਤ 'ਚ ਸੜਦੇ ਲੋਕਾਂ ਨੂੰ ਪਿਆਰ ਤੇ ਮਿਲਾਪ ਨਾਲ ਰਹਿਣ ਦੀ ਜੀਵਨ-ਜਾਚ ਪ੍ਰਦਾਨ ਕੀਤੀ ਹੈ। ■

*ਧਰਮ ਅਧਿਐਨ ਦੇ ਖੋਜਾਰਥੀਆਂ ਲਈ ਵਿਸ਼ੇਸ਼:*

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਨਾਮ' ਦਾ ਸੰਕਲਪ

*-ਡਾ. ਗੁਰਵਿੰਦਰ ਕੌਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਨਾਮ' ਦੀ ਸਰਬ-ਸ੍ਰੇਸ਼ਟਤਾ, ਸੰਪੂਰਨਤਾ, ਵਿਸ਼ਵ-ਵਿਆਪਕਤਾ ਤੇ ਸਦੀਵਤਾ ਨੂੰ ਪ੍ਰਵਾਨ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਨਾਮ' ਸ਼ਬਦ ਨਾਮ, ਨਾਮਿ, ਨਾਮੁ, ਨਾਮੰ, ਨਾਉ, ਨਾਵੈ, ਆਦਿ ਰੂਪਾਂ ਵਿਚ ਕ੍ਰਮਵਾਰ ੮੫੫, ੬੫੪, ੩੩੯੦, ੧੦, ੩੯੬, ੨੫੯ ਵਾਰ ਆਇਆ ਹੈ।[੧] ਇਨ੍ਹਾਂ ਤੋਂ ਬਿਨਾਂ ਨਾਓ, ਨਾਉ, ਨਾਊ, ਨਾਉਂ, ਨਾਂਇ, ਨਾਵ, ਨਾਂ, ਆਦਿ ਸ਼ਬਦਾਂ ਦਾ ਵੀ 'ਨਾਮ' ਸ਼ਬਦ ਨਾਲ ਡੂੰਘਾ ਸੰਬੰਧ ਹੈ।। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਨਾਮ' ਸ਼ਬਦ ਸਭ ਤੋਂ ਪਹਿਲਾਂ ਜਪੁਜੀ ਸਾਹਿਬ ਵਿਚ ਆਇਆ ਹੈ।

**'ਨਾਮ' ਸ਼ਬਦ ਦੀ ਵਿਉਤਪਤੀ ਅਤੇ ਅਰਥ:** ਨਾਮ ਸੰਸਕ੍ਰਿਤ ਦੇ ਸ਼ਬਦ 'ਨਾਮਨ' ਦਾ ਪੰਜਾਬੀ ਰੂਪ ਹੈ।[੨] ਇਸ ਦਾ ਫ਼ਾਰਸੀ ਰੂਪ ਵੀ ਨਾਮ ਹੀ ਹੈ ਤੇ ਅੰਗਰੇਜ਼ੀ ਰੂਪ 'ਨੇਮ' (name) ਹੈ। ਵਿਦਵਾਨਾਂ ਨੇ ਵਿਆਕਰਣਕ ਪਹਿਲੂ ਤੋਂ ਨਾਮ ਦੀ ਦੋ ਰੂਪਾਂ ਵਿਚ ਵੰਡ ਕੀਤੀ ਹੈ। ਨਾਮ ਦਾ ਪਹਿਲਾ ਰੂਪ ਵਰਣਾਤਮਕ ਹੈ, ਜਿਸ ਵਿਚ ਲਿਖਣ, ਪੜ੍ਹਨ ਜਾਂ ਬੋਲਣ ਵਿਚ ਆਉਣ ਵਾਲੇ ਸਾਰੇ ਨਾਮ ਸ਼ਾਮਲ ਹੁੰਦੇ ਹਨ। ਆਮ ਸ਼ਬਦਾਂ ਵਿਚ, ਜਿਸ ਪਦ ਦੁਆਰਾ ਕਿਸੇ ਵਸਤੂ, ਵਿਅਕਤੀ ਜਾਂ ਸਥਾਨ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਸ ਨੂੰ ਨਾਮ ਕਿਹਾ ਜਾਂਦਾ ਹੈ ਪਰ ਇਹ ਸਮੇਂ ਤੇ ਸਥਾਨ ਵਿਚ ਸੀਮਾ-ਬੱਧ ਹੁੰਦੇ ਹਨ। ਨਾਮ ਦਾ ਦੂਜਾ ਰੂਪ ਧੁਨਾਤਮਕ ਹੈ। ਪ੍ਰੋ. ਸਾਹਿਬ ਸਿੰਘ ਅਨੁਸਾਰ, "ਲਫ਼ਜ਼ 'ਨਾਮ' ਦਾ ਅਰਥ 'ਅਕਾਲ ਪੁਰਖ' ਹੈ, ਤੇ ਅਕਾਲ ਪੁਰਖ ਦਾ ਨਾਮ ਭੀ"[੩] ਇਹ ਸਾਰਾ ਸੰਸਾਰ, ਜੋ ਅਕਾਲ ਪੁਰਖ ਨੇ ਬਣਾਇਆ ਹੈ, ਇਹ ਉਸ ਦਾ ਸਰੂਪ ਹੈ ਭਾਵ, ਜਿਹੜੀ ਥਾਂ ਜਾਂ ਪਦਾਰਥ ਵੇਖੀਏ ਉਹੀ ਅਕਾਲ ਪੁਰਖ ਦਾ ਸਰੂਪ ਦਿੱਸਦਾ ਹੈ, ਸ੍ਰਿਸ਼ਟੀ ਦਾ ਜ਼ੱਰਾ-ਜ਼ੱਰਾ ਅਕਾਲ ਪੁਰਖ ਦਾ ਸਰੂਪ ਹੈ।[੪]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਨਾਮ' ਦੈਵੀ ਸ਼ਕਤੀ ਦੇ ਰੂਪ ਵਿਚ ਸਾਰੇ ਖੰਡਾਂ, ਬ੍ਰਹਿਮੰਡਾਂ, ਅਕਾਸ਼ਾਂ, ਪਤਾਲਾਂ, ਅਕਾਰਾਂ, ਪੁਰੀਆਂ, ਭਵਨਾਂ, ਆਦਿ ਦੀ ਹੋਂਦ ਦਾ ਕਾਰਨ ਹੈ। ਗੁਰਬਾਣੀ ਵਿਚ ਨਾਮ ਨੂੰ ਅਜਿਹੀ ਸਿਰਜਣਾਤਮਕ ਸ਼ਕਤੀ ਪ੍ਰਵਾਨ ਕੀਤਾ ਗਿਆ ਹੈ, ਜਿਸ ਤੋਂ ਵੇਦ, ਪੁਰਾਣ, ਸਿਮ੍ਰਤੀਆਂ ਆਦਿ ਧਾਰਮਿਕ ਗ੍ਰੰਥਾਂ ਦੀ ਸਿਰਜਣਾ ਹੋਈ। ਇੱਥੋਂ ਤਕ ਕਿ ਧਾਰਮਿਕ ਅਨੁਭਵ ਅਤੇ ਧਾਰਮਿਕ-ਚਿੰਤਨ ਦੇ ਮੂਲ ਸਾਧਨਾਂ- ਸੁਣਨ ਤੇ ਗਿਆਨ-ਧਿਆਨ ਨੂੰ ਵੀ ਨਾਮ ਦੇ ਦੁਆਰਾ ਹੀ ਧਾਰਨ

** ਪਿੰਡ ਤੇ ਡਾਕ: ਸੂਲਰ, ਜ਼ਿਲ੍ਹਾ ਪਟਿਆਲਾ-੧੪੭੦੦੧; ਮੋ: ੯੮੧੪੫-੩੮੨੮੮*

ਕਰਦੇ ਮੰਨਿਆ ਗਿਆ ਹੈ:

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥*
*ਨਾਮ ਕੇ ਧਾਰੇ ਆਗਾਸ ਪਾਤਾਲ॥*
*ਨਾਮ ਕੇ ਧਾਰੇ ਸਗਲ ਆਕਾਰ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੪)*

ਨਾਮ ਤੋਂ ਭਾਵ ਇਕ ਸਰਬ-ਵਿਆਪਕ ਸ਼ਕਤੀ ਹੈ, ਜੋ ਹਰ ਥਾਂ ਭਰਪੂਰ ਹੋ ਕੇ ਘਟ ਘਟ ਨੂੰ ਧਾਰ ਰਹੀ ਹੈ। ਜਿੰਨੀ ਵੀ ਸ੍ਰਿਸ਼ਟੀ ਹੈ ਸਭ ਨਾਮ ਹੀ ਹੈ, ਨਾਮ ਤੋਂ ਬਿਨਾਂ ਕੋਈ ਵੀ ਸਥਾਨ ਖਾਲੀ ਨਹੀਂ ਹੈ:

*ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪)*

ਗੁਰਬਾਣੀ ਵਿਚ ਨਾਮ ਦੀ ਹੋਂਦ ਨੂੰ ਅਨੁਭਵ ਕਰਨ ਲਈ ਪ੍ਰੇਰਨਾ ਦਿੱਤੀ ਗਈ ਹੈ। ਇਸ ਸਰਬ-ਵਿਆਪਕ ਨਾਮ-ਰੂਪ ਦੈਵੀ ਸ਼ਕਤੀ ਨੂੰ ਪਛਾਣਨਾ ਤੇ ਉਸ ਨਾਲ ਇਕਸੁਰਤਾ ਪ੍ਰਾਪਤ ਕਰਨੀ ਹੀ ਜੀਵ ਆਤਮਾ ਦਾ ਮਨੋਰਥ ਦੱਸਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਇਸ ਨਾਮ ਦੀ ਉਤਪਤੀ ਨਾਮੀ ਦੁਆਰਾ ਹੀ ਹੋਈ ਹੈ:

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)*

ਨਾਮ ਤੇ ਨਾਮੀ ਵਿਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਨਹੀਂ ਹੈ। ਦੋਵੇਂ ਇਕ ਹਨ ਅਰਥਾਤ ਨਾਮ ਨਾਮੀ ਦਾ ਪ੍ਰਤੀਕ ਹੈ।[੫] ਨਾਮ ਕਹਿਣ ਨਾਲ ਨਾਮੀ ਦੀ ਸਰਬ-ਵਿਆਪਕ ਸ਼ਕਤੀ ਦਾ ਅੰਤਰ-ਆਤਮੇ ਅਨੁਭਵ ਹੁੰਦਾ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਨੇ ਨਾਮ ਸਾਧਨਾ ਦਾ ਸਭ ਤੋਂ ਵੱਧ ਮਹੱਤਵ ਪ੍ਰਵਾਨ ਕੀਤਾ ਹੈ। ਸਾਧਨਾ ਪੱਖ ਤੋਂ ਉਸ ਸਾਰੀ ਕਿਰਿਆ, ਜੋ ਦ੍ਰਿਸ਼ਟਮਾਨ ਤੋਂ ਚੁੱਕਣ ਤੇ ਦ੍ਰਿਸ਼ਟਾ ਵਿਚ ਲਾਉਣ 'ਤੇ ਖਰਚ ਹੁੰਦੀ ਹੈ, ਨੂੰ 'ਨਾਮ' ਆਖਿਆ ਗਿਆ ਹੈ ਜਾਂ ਜੀਭ ਦੇ ਉਚਾਰਨ ਤੋਂ ਨਾਮੀ ਵਿਚ ਅਭੇਦਤਾ ਤਕ ਦੇ ਸਾਰੇ ਅਭਿਆਸ ਨੂੰ ਨਾਮ ਕਿਹਾ ਗਿਆ ਹੈ ਜਾਂ ਰਸਨਾ ਦੁਆਰਾ ਨਾਮ ਜਪਣ ਤੋਂ ਲੈ ਕੇ ਅਕਾਲ ਪੁਰਖ ਨਾਲ ਮੇਲ ਹੋਣ ਤਕ ਦੀ ਪ੍ਰਕਿਰਿਆ ਨਾਮ ਕਹੀ ਜਾਂਦੀ ਹੈ। ਸੰਖੇਪ ਵਿਚ ਨਾਮ ਹੈ- ਨਾਮੀ ਵੱਲ ਲੱਗਣਾ। ਭਾਈ ਵੀਰ ਸਿੰਘ ਨੇ ਨਾਮ ਵਿਚ ਨਾਮ ਜਪ, ਆਤਮਿਕ ਉਂਨਤੀ ਅਤੇ ਨਾਮ ਜਪਣ ਵਾਲੇ ਦੇ ਬਾਹਰੀ ਅਮਲ ਨੂੰ ਵੀ ਸ਼ਾਮਲ ਕੀਤਾ ਹੈ। ਉਹ ਲਿਖਦੇ ਹਨ, "ਨਾਮ ਰਟਣ ਤੋਂ ਲੈ ਕੇ ਸਾਈਂ ਪੁੱਜਣ ਤਕ ਸਾਰਾ ਅੰਤਰ-ਆਤਮੇ ਉੱਚ-ਜੀਵਨ ਦੀ ਪ੍ਰਾਪਤੀ ਦਾ ਨਾਮ ਹੈ ਅਤੇ ਬਾਹਰ ਉੱਚ ਵਰਤਾਉ ਦਾ ਅਮਲ ਵਿਚ ਆਉਣਾ ਹੈ ਅਰਥਾਤ ਅੰਦਰ ਉੱਚ

ਜੀਵਨ ਦੀ ਪ੍ਰਤੀਤੀ ਤੇ ਅਨੁਭਵ ਅਤੇ ਬਾਹਰ ਉੱਚ ਜੀਵਨ ਤੇ ਅਮਲ।"[੬] ਪਰਮਾਤਮਾ ਦਾ ਨਾਮ ਧਿਆਉਣਾ ਤੇ ਚੰਗੇ ਅਮਲ ਕਰਨੇ ਅੰਤਰ-ਸੰਬੰਧਿਤ ਕਿਰਿਆਵਾਂ ਹਨ। 'ਨਾਮ', ਜਿਸ ਨੂੰ ਸਰਬ-ਵਿਆਪਕ ਸ਼ਕਤੀ ਤੇ 'ਵਿਸ਼ਵ-ਵਿਆਪੀ ਚੇਤਨਾ' (universal consciousness) ਆਖਿਆ ਗਿਆ ਹੈ, ਅਮਲੀ ਜੀਵਨ ਪੈਦਾ ਕਰਨ ਵਾਲਾ ਮੁੱਖ ਸੋਮਾ ਬਣ ਜਾਂਦਾ ਹੈ। ਸ਼ੁਰੂ ਵਿਚ ਨਾਮ ਜਪ ਤੋਂ ਹੀ ਅਰੰਭ ਹੁੰਦਾ ਹੈ। ਇਹੀ ਰਸਨਾ ਦੁਆਰਾ ਨਾਮ ਸਿਮਰਨ ਹੋ ਜਾਂਦਾ ਹੈ। ਰਸਨਾ ਨਾਲ ਨਾਮ ਜਪਣਾ ਸਿਰਫ ਅੱਖਰਾਂ ਦਾ ਰਟਣਾ ਨਹੀਂ ਹੈ ਕਿਉਂਕਿ ਇਸ ਤਰ੍ਹਾਂ ਜਪ ਮਕੈਨੀਕਲ ਬਣ ਜਾਂਦਾ ਹੈ। ਗੁਰਮਤਿ ਸਿਮਰਨ ਦੇ ਸੰਕਲਪ ਵਿਚ ਸਿਮਰਨ ਦੇ ਪਰਿਭਾਸ਼ਕ ਅਰਥ 'ਪਿਆਰ ਸਹਿਤ ਯਾਦ' ਨੂੰ ਸਥਾਨ ਦਿੰਦੀ ਹੈ। ਨਾਮ ਦੇ ਚਿੰਤਨ ਵਿਚ ਧਿਆਨ ਕੇਂਦਰਿਤ ਕਰਨ ਲਈ ਰਸਨਾ ਦੁਆਰਾ ਪਰਮਾਤਮਾ ਦੇ ਨਾਮ ਦਾ ਜਾਪ ਕਰਦਿਆਂ ਧਿਆਨ ਉਸ ਦੀਆਂ ਸਿਫਤਾਂ ਵਿਚ ਜੋੜਨਾ ਜ਼ਰੂਰੀ ਹੈ। ਜਿਸਦਾ ਨਾਮ ਬਾਰ ਬਾਰ ਲੈਂਦੇ ਰਹੀਏ ਹੌਲੀ ਹੌਲੀ ਉਸ ਨਾਲ ਪਿਆਰ ਪੈ ਜਾਂਦਾ ਹੈ। ਫਿਰ ਬਿਨਾਂ ਯਤਨ ਕੀਤਿਆਂ ਹੀ ਧਿਆਨ ਪਰਮਾਤਮਾ ਦੀ ਯਾਦ ਵਿਚ ਟਿਕ ਜਾਂਦਾ ਹੈ ਅਤੇ ਅਜਪਾ-ਜਾਪ ਹੋਣ ਲਗਦਾ ਹੈ ਤੇ ਅਖੀਰ ਇਹੀ ਜਪ ਲਿਵ-ਜਪ ਬਣ ਜਾਂਦਾ ਹੈ। ਇਹ ਲਿਵ ਦੀ ਅਵਸਥਾ ਹੈ, ਜਿਸ ਨੂੰ ਗੁਰੂ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ:

*ਗੁਰ ਪਰਸਾਦਿ ਰਹੈ ਲਿਵ ਲਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੨)*

ਤੁਲਨਾਤਮਿਕ ਪਹਿਲੂ ਤੋਂ ਅਧਿਐਨ ਕਰਨ ਉਪਰੰਤ ਪ੍ਰੋ. ਪੂਰਨ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬਾਨ ਨੇ ਨਾਮ ਨੂੰ ਪਰੰਪਰਾਗਤ ਸਰੂਪ ਨਾਲੋਂ ਵੱਖਰੇ ਮੌਲਿਕ ਤੇ ਵਿਲੱਖਣ ਸੰਦਰਭ ਵਿਚ ਪ੍ਰਸਤੁਤ ਕੀਤਾ ਹੈ। ਭਾਰਤੀ ਪਰੰਪਰਾ ਵਿਚ ਨਾਮ ਜਪਣ ਵਾਲੇ ਦੀ ਜਿਹੜੀ ਸ਼ਖ਼ਸੀਅਤ ਉੱਘੜਦੀ ਹੈ ਉਹ ਅਸਿਰਜਨਸ਼ੀਲ ਸ਼ਾਂਤੀ ਦਾ ਮੁਜੱਸਮਾ (embodiment of uncreative peace) ਕਹੀ ਜਾ ਸਕਦੀ ਹੈ।[੭] ਡਾ. ਬਲਕਾਰ ਸਿੰਘ ਦੇ ਸ਼ਬਦਾਂ ਵਿਚ, "ਇਸ ਸ਼ਖ਼ਸੀਅਤ ਵਿਚ ਸਕ੍ਰਿਅਤਾ ਜਾਂ ਪ੍ਰਾਣਸ਼ੀਲਤਾ ਦਾ ਲਗਪਗ ਅਭਾਵ ਹੈ। ਇਸ ਆਧਾਰ 'ਤੇ ਪੱਛਮੀ ਲੇਖਕਾਂ ਨੇ ਜੋ ਮਤਿ ਪ੍ਰਸਤੁਤ ਕੀਤਾ ਹੈ ਉਹ ਭਾਰਤੀ ਧਰਮ ਚਿੰਤਨ ਨੂੰ ਸਮੁੱਚੇ ਧਰਮ ਚਿੰਤਨ ਦੇ ਪ੍ਰਸੰਗ ਵਿਚ ਸਤਰਕ (alert) ਦੀ ਥਾਂ ਸੁਪਨਈ (dreaming) ਸਾਬਤ ਕਰਦਾ ਹੈ। ਇਸ ਦਾ ਕਾਰਨ ਭਾਰਤੀ ਚਿੰਤਨ ਵਿਚ ਪਰਮਾਤਮਾ ਸੱਤਾ ਬਾਰੇ ਉਂਘਲਾਈ (dozing) ਦ੍ਰਿਸ਼ਟੀਕੋਣ ਨੂੰ ਮੰਨਿਆ ਹੈ। ਸਿੱਟਾ ਇਹ ਕੱਢਿਆ ਹੈ ਕਿ ਭਾਰਤੀਆਂ ਦਾ ਜੀਵਨ ਅਜਿਹੀ ਖੜੋਤ ਦਾ ਸ਼ਿਕਾਰ ਹੋ ਚੁੱਕਾ ਸੀ, ਜਿਸ ਵਿਚ ਕਿਸੇ ਕਿਸਮ ਦੀ ਪ੍ਰਗਤੀ ਨਗਰ ਨਹੀਂ ਆਉਂਦੀ ਸੀ। ਇਹੀ ਕਾਰਨ ਹੈ ਕਿ ਸਮੁੱਚੇ ਭਾਰਤੀ ਜੀਵਨ ਵਿਚ ਗਿਰਾਵਟ ਆ ਗਈ ਸੀ। ਭਾਈ ਗੁਰਦਾਸ ਜੀ ਅਨੁਸਾਰ ਇਹ ਧਾਰਮਿਕ

ਗਿਲਾਨੀ ਦੀ ਹਾਲਤ ਸੀ ਜਿਸ ਸਮੇਂ ਦੈਵੀ ਸ਼ਕਤੀ ਕੋਲ ਕੀਤੀ ਗਈ ਯਾਚਨਾ ਸੁਣੀ ਗਈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗ ਵਿਚ ਆ ਕੇ 'ਨਾਮ ਮਾਰਗ' ਦਰਸਾਇਆ। ਇਸ ਦੀ ਸ੍ਰੇਸ਼ਠਤਾ ਇਹੀ ਮੰਨੀ ਜਾ ਸਕਦੀ ਹੈ ਕਿ ਭਾਰਤੀ ਧਰਮ ਚਿੰਤਨ ਵਿਚ ਬੇਸ਼ੱਕ ਨਾਮ ਦੀ ਮਹੱਤਤਾ ਨੂੰ ਮੰਨਿਆ ਹੋਇਆ ਸਿੱਧ ਹੁੰਦਾ ਹੈ ਪ੍ਰੰਤੂ ਇਸ ਨੂੰ ਨਾਮ ਮਾਰਗ ਵਾਂਗ ਸਕ੍ਰਿਆ ਸਾਧਨ ਜਾਂ ਜੀਵਨ ਜੁਗਤੀ ਦੇ ਤੌਰ 'ਤੇ ਪ੍ਰਸਤੁਤ ਨਹੀਂ ਕੀਤਾ ਗਿਆ।"[੮] ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਜਾਪਦਾ ਹੈ ਕਿ ਨਾਮ ਮਾਰਗ ਵਿਚ 'ਧਰਮ' ਦੇ ਤਿੰਨਾਂ ਪੱਖਾਂ (ਗਿਆਨ, ਕਰਮ ਤੇ ਭਗਤੀ) ਦਾ ਪ੍ਰਗਟਾਵਾ ਕਰਨ ਵਾਲੇ ਪ੍ਰਚਲਿਤ ਭਾਰਤੀ ਮਾਰਗਾਂ-ਗਿਆਨ ਮਾਰਗ, ਕਰਮ ਮਾਰਗ ਤੇ ਭਗਤੀ ਮਾਰਗ ਵਿੱਚੋਂ ਗੁਰੂ ਸਾਹਿਬਾਨ ਨੇ ਕਿਸੇ ਨੂੰ ਉਸ ਦੀ ਪੂਰਨਤਾ ਵਿਚ ਸਵੀਕਾਰ ਨਹੀਂ ਕੀਤਾ ਸਗੋਂ ਤਿੰਨਾਂ ਦੇ ਸੰਤੁਲਿਤ ਸੰਯੋਗ ਨੂੰ ਪਰਵਾਨ ਕਰ ਲਿਆ ਹੈ।

ਨਾਮ ਸਿਮਰਨ ਦੀ ਗੱਲ ਕਰਦਿਆਂ ਨਿਹਰੰਜਨ ਰੇ ਨੇ ਇਹ ਪ੍ਰਵਾਨ ਕੀਤਾ ਹੈ ਕਿ ਨਾਮ ਅਮੁਕਵੇਂ ਦੁਹਰਾਉ (endless repetition) ਅਤੇ ਅਰਾਧਨਾ (adoration) ਤਕ ਸੀਮਿਤ ਸੰਕਲਪ ਨਹੀਂ ਹੈ ਸਗੋਂ ਇਸ ਵਿਚ ਪ੍ਰੇਮਾ ਭਗਤੀ (loving devotion) ਵੀ ਸ਼ਾਮਲ ਹੈ। ਇਸ ਭਗਤੀ ਨਾਲ ਰਜੇਵਾਂ (filled) ਅਤੇ ਸੰਤ੍ਰਿਪਤ (saturated) ਅਵਸਥਾ ਪ੍ਰਾਪਤ ਹੁੰਦੀ ਹੈ।"[੯] ਨਿਹਰੰਜਨ ਰੇ ਦੀ ਇਸ ਰਾਇ ਦਾ ਆਧਾਰ ਗੁਰਬਾਣੀ ਹੈ ਅਤੇ ਇਸ ਨਾਲ ਇਸ ਸਿੱਟੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰਮਤਿ ਵਿਚ ਨਾਮ ਦਾ ਸੰਕਲਪ ਅਨੰਤ ਵਿਚ ਗੁਆਚ ਜਾਣ ਦਾ ਨਾਂ ਨਹੀਂ ਹੈ ਅਤੇ ਨਾ ਹੀ ਕੇਵਲ ਮਾਤਰ ਖੁਸ਼ਕ ਵਿਧੀ। ਸੰਸਾਰਿਕ ਕਾਰ-ਵਿਹਾਰ ਕਰਦਿਆਂ ਸੁਰਤਿ ਨੂੰ ਅਕਾਲ ਪੁਰਖ ਨਾਲ ਜੋੜੀ ਰੱਖਣਾ ਹੈ। ਇਸ ਨੂੰ ਸ਼ਬਦ-ਸੁਰਤਿ ਦਾ ਅਭਿਆਸ ਆਖਿਆ ਗਿਆ ਹੈ ਭਾਵ ਨਾਮ ਸਿਮਰਨ ਦੀ ਵਿਧੀ ਰਾਹੀਂ ਸੁਰਤਿ ਨੂੰ ਸ਼ਬਦ ਨਾਲ ਜੋੜਨਾ। ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਆਪਣੀ ਸੁਰਤਿ ਨੂੰ ਹਰਿ ਨਾਮ ਵਿਚ ਜੋੜਿਆਂ ਜਿੱਥੇ ਨਾਮੀ ਦੀ ਆਤਮਿਕ ਅਵਸਥਾ ਉੱਚੀ ਹੋ ਜਾਂਦੀ ਹੈ, ਉੱਥੇ ਉਸ ਦਾ ਆਚਰਨ ਉੱਚਾ ਤੇ ਕਰਣੀ ਵੀ ਸ਼ੁੱਧ ਹੋ ਜਾਂਦੀ ਹੈ। ਨਾਮ ਸਿਮਰਨ ਕਰਨ ਵਾਲੇ ਦੀ ਮਤਿ 'ਤੱਤ ਗਿਆਨ' ਵਾਲੀ ਬਣ ਜਾਂਦੀ ਹੈ, ਜਿਸ ਨਾਲ ਉਸ ਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਉਹ ਦਿਨ ਰਾਤ ਲਿਵ ਵਾਲੀ ਅਵਸਥਾ ਵਿਚ ਵਿਚਰਦਾ ਹੋਇਆ ਪਰਉਪਕਾਰ ਕਰਨ ਵਾਲੇ ਕੰਮਾਂ ਵਿਚ ਜੁਟ ਜਾਂਦਾ ਹੈ। (ਸਲੋਕ ੧੩, ੧੯, ੨੬ ਪੰਨੇ- ੧੩੫੫-੫੬) ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮ ਦਾ ਕਿਰਿਆਸ਼ੀਲ ਸੰਦਰਭ ਸਾਹਮਣੇ ਆਉਂਦਾ ਹੈ।

**'ਨਾਮ' ਤੇ ਧਰਮ ਦਾ ਅੰਤਰ-ਸੰਬੰਧ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮ ਤੇ ਧਰਮ ਦੇ ਅੰਤਰ-ਸੰਬੰਧ ਨੂੰ ਪ੍ਰਵਾਨ ਕੀਤਾ ਗਿਆ ਹੈ। ਡਾ. ਤਾਰਨ ਸਿੰਘ ਨੇ ਨਾਮ ਤੇ ਧਰਮ ਦੇ ਅੰਤਰ-ਸੰਬੰਧ ਦਾ ਵਿਵੇਚਨ ਕਰਦਿਆਂ ਲਿਖਿਆ ਹੈ ਕਿ

'ਧਰਮ' ਅਨੁਸਾਰ ਜਿਊਣ ਦੀਆਂ ਸਾਰੀਆਂ ਸੰਭਾਵਨਾਵਾਂ ਮਨੁੱਖ ਦੇ ਅੰਦਰ ਬਿਰਾਜਮਾਨ ਹਨ, ਇਨ੍ਹਾਂ ਨੂੰ ਕੇਵਲ ਆਪਣੇ-ਆਪ ਵਿੱਚੋਂ ਪਰਗਟ ਕਰਨਾ ਹੈ। ਨਾਮ ਦੇ ਅਭਿਆਸ ਦੁਆਰਾ ਹੀ ਇਨ੍ਹਾਂ ਸੰਭਾਵਨਾਵਾਂ ਦੇ ਪ੍ਰਗਟਾਵੇ ਅਤੇ ਵਿਕਾਸ ਦਾ ਅਮਲ ਅਰੰਭ ਅਤੇ ਸੰਪੂਰਨ ਹੁੰਦਾ ਹੈ। ਨਾਮ ਸਿਮਰਨ ਦੁਆਰਾ ਹੀ ਮਨੁੱਖ ਵਿਚ 'ਧਰਮ' ਦਾ ਬੀਜ ਬੀਜਿਆ ਜਾਂਦਾ ਹੈ। ਵਿਦਵਾਨ ਦੇ ਆਪਣੇ ਸ਼ਬਦਾਂ ਵਿਚ, "Dharma of Guru Nanak's conception is not a matter of formal concepts, beliefs, worship and practices but a state of purity and strength of mind, born of the intense love of the Supreme Being 'Wahiguru' inculcated through constant devoted remembrance of the Name, and expressed in that natural behaviour of it which contributes to the total human life by promoting and sustaining it in truth, righteousness and justice and by giving it physical, emotional, intellectual and spiritual poise. It is more concerned with life here and accepts that hereafter shall take care of itself if life here is lived truthfully in the love of the Supreme Truth. As the Supreme Being or Truth is inherent in man, living of Dharma comes to him naturally. All potentialities for life of Dharma are lying within man. They are only to unfold themselves. Practice of the Name starts and completes the process of unfoldment and evolution. Remembrance of the Name cultivates Dharma in man."[੧੦]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ, ਪਰਮਾਤਮਾ ਦਾ ਸਿਮਰਨ ਕਰਨਾ ਹੀ ਮਨੁੱਖ ਵਾਸਤੇ ਗੁਰੂ ਦਾ ਦੱਸਿਆ ਹੋਇਆ ਸਹੀ ਰਸਤਾ ਹੈ। ਨਾਮ-ਸਿਮਰਨ ਹੀ 'ਧਰਮ' ਦੀ ਪਉੜੀ ਹੈ, ਜਿਸ ਦੀ ਰਾਹੀਂ ਮਨੁੱਖ ਪਰਮਾਤਮਾ ਦੇ ਚਰਨਾਂ ਵਿਚ ਪਹੁੰਚ ਸਕਦਾ ਹੈ, ਪਰ ਕੋਈ ਵਡਭਾਗਾ ਮਨੁੱਖ ਹੀ ਇਸ ਰਸਤੇ 'ਤੇ ਚੱਲਦਾ ਹੈ। ਪਰਮਾਤਮਾ ਦੇ ਨਾਮ-ਸਿਮਰਨ ਵਿਚ ਚਿੱਤ ਲਾਉਣ ਵਾਲੇ ਮਨੁੱਖ ਦੇ ਕਰੋੜਾਂ ਜਨਮਾਂ ਦੇ ਪਾਪ ਨਾਸ਼ ਹੋ ਜਾਂਦੇ ਹਨ:

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥*
*ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨੨)*

**'ਨਾਮ ਧਰਮ':** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਮੁੱਚੀ ਮਨੁੱਖਤਾ ਲਈ

ਕੇਵਲ ਇੱਕੋ ਧਰਮ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਹ ਧਰਮ ਹੈ- ਨਾਮ ਸਿਮਰਨ ਦਾ ਧਰਮ ਅਰਥਾਤ ਨਾਮ ਧਰਮ, ਜੋ ਸਾਰਿਆਂ ਵਰਣਾਂ ਲਈ ਸਾਂਝਾ ਹੈ। ਹਿੰਦੂ ਧਰਮ ਵਿਚ ਹਰ ਵਰਣ ਅਤੇ ਆਸ਼ਰਮ ਵਾਸਤੇ ਵੱਖ-ਵੱਖ ਧਰਮ ਨਿਰਧਾਰਿਤ ਕੀਤੇ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦ੍ਰਿੜ੍ਹ ਕਰਵਾਇਆ ਹੈ ਕਿ ਅਕਾਲ ਪੁਰਖ ਨਾਲ ਇਕ ਸੁਰ ਹੋਣ ਲਈ ਨਾਮ-ਸਿਮਰਨ ਰੂਪ ਧਰਮ ਸਾਰਿਆਂ ਲਈ ਸਾਂਝਾ ਹੈ। ਆਸਾ ਦੀ ਵਾਰ ਵਿਚ ਗੁਰ ਫ਼ੁਰਮਾਨ ਹੈ:

*ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥*
*ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥*
*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥*
*ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੯)*

ਅਰਥਾਤ ਜੋਗ ਦਾ ਧਰਮ ਗਿਆਨ ਪ੍ਰਾਪਤ ਕਰਨਾ (ਬ੍ਰਹਮ ਦੀ ਵਿਚਾਰ ਕਰਨਾ), ਬ੍ਰਾਹਮਣਾਂ ਦਾ ਧਰਮ ਵੇਦਾਂ ਦੀ ਵਿਚਾਰ, ਖਤ੍ਰੀਆਂ ਦਾ ਧਰਮ ਸੂਰਮਿਆਂ ਵਾਲੇ ਕੰਮ ਕਰਨਾ ਅਤੇ ਸ਼ੂਦਰਾਂ ਦਾ ਧਰਮ ਦੂਜਿਆਂ ਦੀ ਸੇਵਾ ਕਰਨੀ ਹੈ। ਇਹ ਵੰਡ ਹਿੰਦੂ ਧਰਮ ਅਨੁਸਾਰ ਹੈ ਪਰ ਗੁਰਬਾਣੀ ਸੰਦੇਸ਼ ਦਿੰਦੀ ਹੈ ਕਿ ਸਾਰਿਆਂ ਦਾ ਮੁੱਖ 'ਧਰਮ' ਇਕ ਪਰਮਾਤਮਾ ਦਾ ਨਾਮ ਸਿਮਰਨਾ ਹੈ। ਜੋ ਮਨੁੱਖ ਇਸ ਭੇਦ ਨੂੰ ਜਾਣ ਲੈਂਦਾ ਹੈ, ਉਹ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।

ਨਾਮ ਧਰਮ ਸਾਰਿਆਂ ਜੁਗਾਂ ਲਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਜੁਗਾਂ ਵਿਚ ਪਰੰਪਰਿਕ ਵੰਡ ਵੀ ਪਰਵਾਨ ਨਹੀਂ ਕੀਤੀ। ਉਨ੍ਹਾਂ ਅਨੁਸਾਰ ਇਕ ਅਕਾਲ ਪੁਰਖ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ ਤੇ ਉਹ ਇੱਕੋ ਹੀ ਸਾਰੇ ਜੁਗਾਂ ਵਿਚ ਵਿਆਪਕ ਹੈ ਇਸ ਲਈ ਸਾਰੇ ਜੁਗਾਂ ਦਾ ਧਰਮ ਵੀ ਇੱਕੋ ਨਾਮ-ਸਿਮਰਨ ਹੀ ਹੈ। ਇਸੇ ਧਰਮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖੀ ਤੁਕ ਦੁਆਰਾ ਪਰਿਭਾਸ਼ਿਤ ਕੀਤਾ ਹੈ:

*ਏਕੋ ਧਰਮੁ ਦ੍ਰਿੜੈ ਸਚੁ ਕੋਈ॥*
*ਗੁਰਮਤਿ ਪੂਰਾ ਜੁਗਿ ਜੁਗਿ ਸੋਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੮)*

'ਧਰਮ' ਸਮੇਂ ਸਮੇਂ ਬਦਲਦਾ ਨਹੀਂ ਆਇਆ, ਇਸ ਗੱਲ ਦੀ ਸੋਝੀ ਮਨੁੱਖ ਨੂੰ ਗੁਰੂ ਦੀ ਸਿੱਖਿਆ ਰਾਹੀਂ ਆਉਂਦੀ ਹੈ। ਇਸ ਸੰਦਰਭ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਵੇਦਾਂ ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਉੱਥੇ ਵੱਖ-ਵੱਖ ਜੁਗਾਂ ਲਈ ਵੱਖਰੇ ਵੱਖਰੇ 'ਧਰਮ' ਪਰਵਾਨ ਕੀਤੇ ਹਨ:

*ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੭)*

ਪਰ ਗੁਰਮਤਿ ਅਨੁਸਾਰ ਚਾਰੇ ਜੁਗਾਂ ਵਿਚ ਅਕਾਲ ਪੁਰਖ ਦਾ ਨਾਮ ਹੀ ਸਭ

ਤੋਂ ਉੱਤਮ ਹੈ:

*ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੯)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਨਾਮ ਜਪਣ ਤੇ ਧਾਰਮਿਕ ਅਨੁਭਵ ਪ੍ਰਾਪਤ ਕਰਨ ਲਈ ਮਨੁੱਖ ਨੂੰ ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਜਾਣ ਤੇ ਕਠਿਨ ਤਪੱਸਿਆ ਕਰਨ ਦੀ ਲੋੜ ਨਹੀਂ, ਸਗੋਂ ਇਸ ਸੰਸਾਰ ਵਿਚ ਰਹਿੰਦਿਆਂ ਗ੍ਰਹਿਸਥ ਦੇ ਫ਼ਰਜ਼ ਨਿਭਾਉਂਦਿਆਂ ਹੀ ਇਹ ਪ੍ਰਾਪਤੀ ਸੰਭਵ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ 'ਲਾਵਾਂ' ਸਿਰਲੇਖ ਵਾਲੀ ਬਾਣੀ ਵਿਚ ਪਰਮਾਤਮਾ ਨਾਲ ਜੀਵ ਆਤਮਾ ਦੇ ਮਿਲਾਪ ਨੂੰ ਵਿਆਹ ਦੀ ਸੰਗਿਆ ਦਿੱਤੀ ਹੈ। ਪਹਿਲੀ ਲਾਂਵ ਵਿਚ ਧਰਮ ਦ੍ਰਿੜ੍ਹ ਕਰਨ ਭਾਵ 'ਹਰਿ ਨਾਮੁ' ਧਿਆਉਣ ਤੇ ਨਾਮ ਦਾ ਅਭਿਆਸ ਕਰਨ ਦਾ ਉਪਦੇਸ਼ ਦਿੱਤਾ ਹੈ:

*ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥*
*ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੭੩)*

ਵਾਸਤਵਿਕਤਾ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮ ਮਾਰਗ ਨੂੰ ਜੀਵਨ ਜੁਗਤੀ ਦੇ ਤੌਰ 'ਤੇ ਪ੍ਰਸਤੁਤ ਕੀਤਾ ਗਿਆ ਹੈ।

**ਨਾਮ ਸਰਬ-ਸ੍ਰੇਸ਼ਟ ਧਰਮ:** ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਦ੍ਰਿੜ੍ਹ ਕਰਵਾਇਆ ਹੈ:

*ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੬)*

ਅਰਥਾਤ ਪਰਮਾਤਮਾ ਦਾ ਨਾਮ ਹੀ 'ਸ੍ਰੇਸ਼ਟ ਧਰਮ' ਤੇ 'ਨਿਰਮਲ ਕਰਮੁ' ਹੈ। ਦੂਜੇ ਸ਼ਬਦਾਂ ਵਿਚ, ਅਕਾਲ ਪੁਰਖ ਦਾ ਨਾਮ ਸਿਮਰਨਾ ਤੇ ਨਿਰਮਲ ਕਰਮਾਂ ਦੁਆਰਾ ਪਵਿੱਤਰ ਆਚਰਨ ਬਣਾਉਣਾ ਹੀ ਸਾਰੇ ਧਰਮਾਂ ਨਾਲੋਂ ਸ੍ਰੇਸ਼ਟ ਧਰਮ ਹੈ ਭਾਵ ਧਰਮ ਉਹ ਚੰਗਾ ਹੈ ਜਿਸ ਵਿਚ ਨਾਮ ਬਾਣੀ ਦਾ ਅਭਿਆਸ ਅਤੇ ਚੰਗੇ ਕਰਮ ਕਰਨ ਦਾ ਪ੍ਰਬੰਧ ਹੋਵੇ। ਇਸ ਖਿਆਲ ਅਨੁਸਾਰ ਸਿੱਖ ਧਰਮ ਦੇ ਬੁਨਿਆਦੀ ਅਸੂਲ ਦੋ ਮੰਨੇ ਗਏ ਹਨ: 'ਨਾਮ ਸਿਮਰਨ' ਤੇ 'ਸੇਵਾ'। ਇਹ ਸਿੱਖੀ ਦੇ ਦੋ ਥੰਮ੍ਹ ਹਨ ਜਿਨ੍ਹਾਂ 'ਤੇ ਸਿੱਖ ਧਰਮ ਚਿੰਤਨ ਦੀ ਉਸਾਰੀ ਹੋਈ ਹੈ। ਜਿਸ ਕਿਸੇ ਵਿਅਕਤੀ ਦੇ ਹਿਰਦੇ ਵਿਚ ਅਕਾਲ ਪੁਰਖ ਦੇ ਨਾਮ ਦਾ ਨਿਵਾਸ ਹੋ ਜਾਂਦਾ ਹੈ, ਉਸ ਦੀ ਇਸ ਅਵਸਥਾ ਦਾ ਪ੍ਰਗਟਾਵਾ ਉਸ ਦੁਆਰਾ ਕੀਤੇ ਕਰਮਾਂ ਰਾਹੀਂ ਹੁੰਦਾ ਹੈ। ਉਹ ਸ਼ੁਭ ਕਰਮਾਂ ਦੁਆਰਾ ਮਨੁੱਖ ਮਾਤਰ ਦੀ ਸੇਵਾ ਵਿਚ ਜੁੱਟ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਮ ਸਿਮਰਨ ਦੇ ਨਾਲ ਸੇਵਾ ਭਾਵ ਨਿਰਮਲ ਕਰਮ ਕਰਨ ਨੂੰ ਸ੍ਰੇਸ਼ਟ ਧਰਮ ਦਾ ਲਾਜ਼ਮੀ ਅੰਗ ਪਰਵਾਨ ਕੀਤਾ ਹੈ, ਜਿਸ ਕਰਕੇ ਜਿੱਥੇ ਧਰਮ ਦੇ ਕ੍ਰਿਆਸ਼ੀਲ ਸਰੂਪ ਦਾ

ਪ੍ਰਗਟਾਵਾ ਹੋਇਆ ਹੈ, ਉੱਥੇ ਇਸ ਦਾ ਸਮਾਜਿਕ ਸੰਦਰਭ ਵੀ ਉੱਘੜ ਕੇ ਸਾਹਮਣੇ ਆਇਆ ਹੈ। ਨਾਮ ਅਤੇ ਸੇਵਾ ਦੇ ਆਧਾਰ 'ਤੇ ਉੱਭਰੇ ਧਰਮ ਦੇ ਸੰਕਲਪ ਦੁਆਰਾ ਦੀਨ ਅਤੇ ਦੁਨੀਆ, ਲੋਕ ਅਤੇ ਪ੍ਰਲੋਕ ਦਾ ਸੁਮੇਲ ਹੀ ਨਹੀਂ ਹੋਇਆ ਸਗੋਂ ਨਿੱਜੀ ਅਤੇ ਸਮੂਹਿਕ ਦੋਹਾਂ ਪਹਿਲੂਆਂ ਨਾਲ 'ਧਰਮ' ਦਾ ਸੰਬੰਧ ਕਾਇਮ ਹੋਇਆ ਹੈ। ਇਸ ਤਰ੍ਹਾਂ ਧਰਮ ਅਜਿਹਾ ਸੂਤਰ ਬਣ ਗਿਆ ਹੈ, ਜਿਸ ਨੇ ਪਰਵਿਰਤੀ (ਸੰਸਾਰਿਕਤਾ) ਅਤੇ ਨਿਰਵਿਰਤੀ (ਸੰਸਾਰ ਤਿਆਗ) ਦੋਹਾਂ ਪਰਸਪਰ ਵਿਰੋਧੀ ਸਿਰਿਆਂ ਵਿਚ ਵਿਲੱਖਣ ਸੰਜੋਗ ਉਪਜਾਇਆ ਹੈ ਅਤੇ ਨਾਮ ਜਪਣ, ਕਿਰਤ ਕਰਨ ਤੇ ਵੰਡ ਕੇ ਛਕਣ ਨੂੰ ਬੁਨਿਆਦੀ ਅਸੂਲਾਂ ਵਜੋਂ ਮਾਨਤਾ ਦਿੱਤੀ ਹੈ। ਇਸ ਤਰ੍ਹਾਂ ਪੁਰਾਤਨ ਆਸਤਿਕ ਪ੍ਰਣਾਲੀ ਜਿੱਥੇ ਧਰਮ ਦੇ ਸੰਕਲਪ ਰਾਹੀਂ ਮਨੁੱਖ ਨੂੰ ਟੁੱਕੜਿਆਂ ਵਿਚ ਵੰਡਦੀ ਹੈ, ਉੱਥੇ ਗੁਰਮਤਿ ਦਾ 'ਨਾਮ' ਦਾ ਸੰਕਲਪ ਸਾਰਿਆਂ ਲਈ ਸਾਂਝਾ ਹੈ ਜੋ ਹਰ ਮਨੁੱਖ ਨੂੰ ਸਮੁੱਚੀ ਮਨੁੱਖਤਾ ਨਾਲ ਜੋੜਦਾ ਹੈ।

**ਪਰਮਾਤਮਾ ਦਾ ਨਾਮ ਸਾਰੇ ਮਿੱਥੇ ਹੋਏ ਕਰਮਾਂ-ਧਰਮਾਂ ਤੋਂ ਸਰਬ-ਸ੍ਰੇਸ਼ਟ:** ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਾਮ ਦੇ ਮੁਕਾਬਲੇ ਤੇ ਪ੍ਰਚਲਿਤ ਧਾਰਮਿਕ ਕਰਮਾਂ ਨੂੰ ਰੱਦ ਕੀਤਾ ਗਿਆ ਹੈ:

*ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਨਾਮੁ ਆਚਾਰੁ' ਨੂੰ ਵੇਦਾਂ ਸ਼ਾਸਤਰਾਂ ਦੁਆਰਾ ਨਿਰਧਾਰਿਤ ਕੀਤੇ ਕਰਮਾਂ-ਧਰਮਾਂ ਤੋਂ ਸ੍ਰੇਸ਼ਟ ਆਖਿਆ ਹੈ:

*ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ॥*
*ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੫)*

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੇਦਾਂ ਦੇ ਹਵਾਲੇ ਨਾਲ ਨਾਮ ਦੀ ਸਾਰੇ ਕਰਮਾਂ-ਧਰਮਾਂ ਤੋਂ ਸਰਬ-ਸ੍ਰੇਸ਼ਟਤਾ ਦਾ ਨਿਸਚਾ ਕਰਵਾਇਆ ਹੈ:

*ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥*
*ਅਉਰ ਧਰਮ ਤਾ ਕੈ ਸਮ ਨਾਹਿਨ ਇਹ ਬਿਧਿ ਬੇਦੁ ਬਤਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕੇਵਲ ਇਕ ਪਰਮਾਤਮਾ ਦਾ ਨਾਮ ਸਿਮਰਨ ਕਰਨ ਦਾ ਆਦੇਸ਼ ਦਿੱਤਾ ਹੈ ਅਤੇ ਹੋਰ ਸਾਰੇ ਕਰਮਾਂ ਧਰਮਾਂ ਨੂੰ ਫੋਕਟ ਆਖਿਆ ਹੈ ਜਿਹੜੇ ਭਰਮ ਪੈਦਾ ਕਰਦੇ ਹਨ:

*-ਭਜੋਂ ਸੁ ਏਕ ਨਾਮਯੰ॥ ਜੁ ਕਾਮ ਸਰਬ ਠਾਮਯੰ॥* *(ਬਚਿਤ੍ਰ ਨਾਟਕ)*
*-ਸਭ ਕਰਮ ਫੋਕਟ ਜਾਨ॥ ਸਭ ਧਰਮ ਨਿਹਫਲ ਮਾਨ॥*

*ਬਿਨ ਏਕ ਨਾਮ ਆਧਾਰ॥ ਸਭ ਕਰਮ ਭਰਮ ਬਿਚਾਰ॥* *(ਅਕਾਲ ਉਸਤਤ)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਭਗਤਾਂ ਦੀ ਬਾਣੀ (ਜਿਹੜੀ ੧੨ ਵੀਂ ਸਦੀ ਵਿਚ ਹੋਏ ਭਗਤ ਸਾਹਿਬਾਨ ਤੋਂ ਅਰੰਭ ਹੁੰਦੀ ਹੈ) ਵਿਚ ਵੀ ਨਾਮ ਦੀ ਮਹੱਤਤਾ, ਨਾਮ ਦੀ ਸਬਲਤਾ ਤੇ ਨਾਮ ਦੀ ਉੱਤਮਤਾ ਨੂੰ ਪ੍ਰਵਾਨ ਕੀਤਾ ਗਿਆ ਹੈ:

- *ਰਾਮੁ ਰਾਜਾ ਨਉ ਨਿਧਿ ਮੇਰੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੫੮)*
- *ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੮)*
- *ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੪)*
- *ਗੁਰਮਤਿ ਰਾਮ ਨਾਮ ਗਹੁ ਮੀਤਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੪)*
- *ਹਰਿ ਹਰਿ ਕਰਤ ਮਿਟੇ ਸਭ ਭਰਮਾ॥*
  *ਹਰਿ ਕੋ ਨਾਮੁ ਲੈ ਊਤਮ ਧਰਮਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੪)*

ਗੁਰਬਾਣੀ ਵਿਚ *ਹਰਿ ਕੇ ਨਾਮ ਸਮਸਰਿ ਕਛੁ ਨਾਹਿ, ਨਾਮੁ ਤੁਲਿ ਕਛੁ ਅਵਰੁ ਨ ਹੋਇ, ਨਹੀਂ ਤੁਲਿ ਰਾਮ ਨਾਮ ਬੀਚਾਰ,* ਆਦਿ ਗੁਰ-ਕਥਨਾਂ ਦੁਆਰਾ ਵੇਦਾਂ ਸ਼ਾਸਤਰਾਂ ਦੁਆਰਾ ਨਿਰਧਾਰਿਤ ਸਾਰੇ ਕਰਮਾਂ-ਧਰਮਾਂ ਨਾਲੋਂ ਨਾਮ ਦੀ ਸਰਬ-ਉੱਚਤਾ ਦਾ ਨਿਸਚਾ ਕਰਵਾਇਆ ਗਿਆ ਹੈ। ਬੇਸ਼ਕ ਹਿੰਦੂ ਧਰਮ ਦੇ ਸ਼ਾਸਤਰਾਂ ਤੇ ਸਿਮ੍ਰਤੀਆਂ ਵਿਚ ਕਈ ਤਰ੍ਹਾਂ ਦੀ ਗਿਆਨ ਚਰਚਾ ਤੇ ਧਾਰਮਿਕ, ਭਾਈਚਾਰਕ ਰੀਤਾਂ-ਰਸਮਾਂ ਦੀ ਨਿਯਮਾਵਲੀ ਹੈ ਜਿਵੇਂ- ਵੇਦਾਂ ਮੰਤਰਾਂ ਦੇ ਜਾਪ ਕਰਨੇ, ਸਰੀਰ ਨੂੰ ਧੂਣੀਆਂ ਨਾਲ ਤਪਾਉਣਾ। ਗਿਆਨ ਦੀਆਂ ਗੱਲਾਂ ਕਰਨੀਆਂ, ਦੇਵਤਿਆਂ ਦੀ ਪੂਜਾ ਕਰਨੀ, ਛੇ ਸ਼ਾਸਤਰਾਂ ਤੇ ਸਤਾਈ ਸਿਮ੍ਰਤੀਆਂ ਦੇ ਉਪਦੇਸ਼ ਸੁਣਨੇ, ਵਰਤਾਂ ਦੇ ਬੰਧੇਜ ਰੱਖਣੇ, ਕਰਮ-ਕਾਂਡੀ 'ਧਰਮ' ਦੀਆਂ ਕ੍ਰਿਆਵਾਂ ਕਰਨੀਆਂ, ਪੁੰਨ-ਦਾਨ (ਧਨ, ਘੋੜੇ, ਜ਼ਮੀਨ, ਆਦਿ), ਹਵਨ, ਆਦਿ ਕਰਨੇ, ਜੋਗ ਸਾਧਨ (ਨਿਉਲੀ ਕਰਮ, ਆਸਣ, ਆਦਿ) ਕਰਨੇ, ਸਭ ਕੁਝ ਤਿਆਗ ਕੇ ਜੰਗਲਾਂ ਵਿਚ ਵਾਸ ਤੇ ਨੌਂ ਖੰਡਾਂ ਦਾ ਭ੍ਰਮਣ ਕਰਨਾ, ਸਰੀਰ ਨੂੰ ਰਤੀ ਰਤੀ ਕਰਕੇ ਕਟਾਉਣਾ ਤੇ ਅੱਗ ਵਿਚ ਜਲਾਉਣਾ, ਉਰਧ ਤਪ ਸਾਧਨੇ ਆਦਿ। ਇਸੇ ਤਰ੍ਹਾਂ ਜੈਨ ਮਾਰਗ ਦੇ ਅਤਿ ਕਠੋਰ, ਸੰਜਮ ਤੇ ਸਾਧਨ ਆਦਿ ਅਨੇਕਾਂ ਕਰਮ ਹਨ ਪਰ ਪਰਮਾਤਮਾ ਦੇ ਨਾਮ ਬਰਾਬਰ ਨਹੀਂ ਹਨ ਕਿਉਂਕਿ ਇਹ ਮਨ ਦੀ ਹਉਮੈਂ ਨੂੰ ਦੂਰ ਨਹੀਂ ਕਰਦੇ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਰ-ਬਾਰ ਇਸ ਧਾਰਨਾ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਅਕਾਲ ਪੁਰਖ ਦੇ ਨਾਮ ਸਿਮਰਨ ਰਾਹੀਂ ਉਸ ਨਾਲ ਇਕਸੁਰ ਹੋਣ ਵਿਚ ਸਾਰੇ ਕਰਮ-ਧਰਮ ਆ ਜਾਂਦੇ ਹਨ:

- *ਸਭਿ ਕਰਮ ਧਰਮ ਹਰਿ ਨਾਮੁ ਜਪਾਹਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੯)*
- *ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥*

*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੫)*

ਵਾਸਤਵ ਵਿਚ, ਪਰਮਾਤਮਾ ਦਾ ਅਨੁਭਵ ਕਰਨ ਲਈ ਸਭ ਤੋਂ ਬਲਵਾਨ ਸਾਧਨ ਨਾਮ ਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਮ ('ਸਚ ਧਰਮ') ਨੂੰ ਪੱਕਾ ਥੰਮ੍ਹ ਆਖਿਆ ਹੈ, ਜਿਸ ਉੱਤੇ 'ਧਰਮ' ਦੀ ਉਸਾਰੀ ਹੋਈ ਹੈ:

*ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੦)*

ਉੱਪਰ ਕੀਤੀ ਵਿਚਾਰ ਦੇ ਆਧਾਰ 'ਤੇ ਸਿੱਟਾ ਇਹ ਨਿਕਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਸਾਰੇ ਕਰਮ-ਕਾਂਡ ਵਿਅਰਥ ਹਨ ਕਿਉਂਕਿ ਇਹ ਵਿਕਾਰਾਂ ਤੋਂ ਮੁਕਤ ਨਹੀਂ ਕਰਾ ਸਕਦੇ। ਕੋਈ ਦਾਨ, ਜੱਗ, ਦੇਵ-ਪੂਜਾ, ਅਵਤਾਰ-ਭਗਤੀ, ਤੀਰਥ-ਇਸ਼ਨਾਨ ਮਨੁੱਖ ਨੂੰ ਮਾਇਆ ਦੀ ਫਾਹੀ ਤੋਂ ਬਚਾ ਨਹੀਂ ਸਕਦਾ ਅਤੇ ਨਾ ਹੀ ਪ੍ਰਭੂ-ਚਰਨਾਂ ਵਿਚ ਜੋੜ ਸਕਦਾ ਹੈ। ਮਿੱਥੇ ਹੋਏ ਧਾਰਮਿਕ ਕਰਮ, ਵਰਤ ਪੂਜਾ, ਆਦਿਕ ਬਣਾਏ ਹੋਏ ਨੇਮ ਉੱਚੇ ਆਤਮਿਕ ਜੀਵਨ ਵਾਸਤੇ ਸਹਾਇਕ ਨਹੀਂ ਹਨ। ਜੇ ਮਨੁੱਖ ਨੇ 'ਧਰਮ' ਭਾਵ, ਹਰਿ ਨਾਮ ਸਿਮਰਨ ਦਾ ਵਾਪਾਰ ਨਾ ਕੀਤਾ ਤਾਂ ਸਮਝੋ ਸਾਰੇ ਨਿਰਾਰਥਕ, ਅਸ਼ੁਭ ਤੇ ਮੰਦੇ ਕਰਮ ਕੀਤੇ ਹਨ। ਨਾਮ-ਸਿਮਰਨ ਹੀ (ਸਾਰੇ ਕਰਮਾਂ-ਧਰਮਾਂ ਤੋਂ) ਸ਼ੁਭ ਤੇ ਚੰਗਾ 'ਧਰਮ' ਹੈ।

*- ਗੁਰਮੁਖਿ ਨਾਮਿ ਰਤੇ ਸੁਖੁ ਹੋਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੩੦)*

*- ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੯)*

ਇਸ ਲਈ ਮਨੁੱਖ ਨੂੰ ਸਾਰੇ ਭਰਮ ਤਿਆਗ ਕੇ ਪਰਮਾਤਮਾ ਦਾ ਨਾਮ ਸਿਮਰਨਾ ਹੀ ਸਹੀ ਹੈ:

*ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ॥*
*ਕਹੁ ਨਾਨਕ ਅਟਲ ਇਹੁ ਧਰਮੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੯੬)*

ਮਨੁੱਖ ਲਈ ਸਾਰੇ ਮਿੱਥੇ ਹੋਏ ਧਾਰਮਿਕ ਕਰਮਾਂ ਨਾਲੋਂ ਪਰਮਾਤਮਾ ਦਾ ਨਾਮ ਹੀ ਸਾਰਥਕ ਕਰਮ ਤੇ ਸਾਰੇ ਤੀਰਥ-ਇਸ਼ਨਾਨਾਂ ਨਾਲੋਂ ਪਵਿੱਤਰ-ਇਸ਼ਨਾਨ ਹੈ।

**ਨਾਮ ਦੀ ਪ੍ਰਾਪਤੀ:** ਗੁਰਬਾਣੀ ਵਿਚ ਨਾਮ ਦੀ ਪ੍ਰਾਪਤੀ ਗੁਰੂ ਦੁਆਰਾ ਸਤਸੰਗਤਿ ਵਿਚ ਜਾਣ ਨਾਲ ਹੁੰਦੀ ਦੱਸੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸਤਸੰਗਤਿ ਕਰਨ ਦੀ ਪ੍ਰੇਰਨਾ ਦਿੰਦੇ ਹਨ:

*ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨)*

ਬੇਸ਼ਕ ਭਾਰਤੀ ਤੇ ਸਾਮੀ ਧਰਮ-ਪਰੰਪਰਾਵਾਂ ਵਿਚ ਸੰਗਤ ਦਾ ਜ਼ਿਕਰ ਆਇਆ ਹੈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਸਾਧ-ਸੰਗਤ ਨੂੰ 'ਧਰਮ' ਦਾ ਲਾਜ਼ਮੀ ਅੰਗ ਬਣਾ ਦਿੱਤਾ ਹੈ। ਵਿਅਕਤੀ ਅਤੇ ਜਾਤੀ ਅਮਲ ਦੇ ਨਾਲ ਨਾਲ ਸਮਾਜਿਕ ਜਾਂ ਸਮੂਹਿਕ ਅਮਲ ਦਾ ਵੀ ਕੋਈ ਨਾ ਕੋਈ ਰੂਪ ਜਰੂਰ

ਧਾਰਨ ਕਰਦਾ ਹੈ। ਸਿੱਖ ਧਰਮ ਵਿਚ ਸਤਿਗੁਰੂ ਦੇ ਰੱਬੀ ਗਿਆਨ ਦੇ ਵਿਅਕਤੀਗਤ ਅਮਲ ਦਾ ਸਿੱਟਾ ਜਿੱਥੇ ਸਿੱਖ ਜਾਂ ਗੁਰਸਿੱਖ ਹੈ ਉੱਥੇ ਇਸ ਦੇ ਧਰਮ ਦੀ ਪ੍ਰਾਪਤੀ ਸਾਧ-ਸੰਗਤ ਵਿੱਚੋਂ ਹੀ ਹੋਣੀ ਦੱਸੀ ਹੈ।[੧੧] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਮਜ਼ ਸਮਝਾਈ ਹੈ ਕਿ ਇਹ ਨਾਮ ਕੇਵਲ ਉਸ ਮਨੁੱਖ ਨੂੰ ਹੀ ਮਿਲਦਾ ਹੈ, ਜਿਸ 'ਤੇ ਪਰਮਾਤਮਾ ਦੀ ਬਖਸ਼ਿਸ਼ ਹੁੰਦੀ ਹੈ ਹੋਰ ਕਿਸੇ ਢੰਗ ਨਾਲ ਜਾਂ ਕਿਸੇ ਧਾਰਮਿਕ ਰਸਮ ਰਿਵਾਜ ਦੇ ਕਰਨ ਨਾਲ ਨਹੀਂ ਮਿਲਦਾ:

*ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥*
*ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੪)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਤੱਥ ਦੀ ਪ੍ਰੋੜ੍ਹਤਾ ਹੋਈ ਹੈ ਕਿ ਪਰਮਾਤਮਾ ਦਾ ਰੂਪ ਗੁਰੂ ਨਾਨਕ ਸਾਰੇ ਜਗਤ ਵਿਚ ਪਰਗਟ ਹੋਇਆ ਹੈ ਮਾਨੋਂ ਹਨੇਰੇ ਵਿਚ ਦੀਵਾ ਜਗ ਪਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਹੋਏ ਨਾਮ ਰੂਪੀ ਧਰਮ ਦੀ ਬਰਕਤਿ ਨਾਲ ਸਾਰੀ ਸ੍ਰਿਸ਼ਟੀ ਪਾਰ ਲੰਘ ਰਹੀ ਹੈ:

*ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥*
*ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੭)*

ਉਪਰੋਕਤ ਵਿਸ਼ਲੇਸ਼ਣ ਦੀ ਰੋਸ਼ਨੀ ਵਿਚ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਨਾਮ' ਨੂੰ ਮਨੁੱਖੀ ਜੀਵਨ ਦੇ ਉਦੇਸ਼ ਦੀ ਪੂਰਤੀ ਲਈ ਸਰਬ-ਸ੍ਰੇਸ਼ਟ ਸਾਧਨ ਵਜੋਂ ਮਾਨਤਾ ਪ੍ਰਾਪਤ ਹੈ।

**ਹਵਾਲੇ :**


**੧.** ਵੇਰਵਾ ਵੇਖੋ: ਕੁਲਬੀਰ ਸਿੰਘ ਥਿੰਦ: *"Index all Words in Siri Guru Granth Sahib"*
**੨.** *ਗੁਰਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੬੦, ਪੰਨਾ ੬੯੭.
**੩.** *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ,* ਪੋਥੀ ਤੀਜੀ, ਪੰਨਾ ੩੧੬.
**੪.** ਉਹੀ, ਪੋਥੀ ਪਹਿਲੀ, ਪੰਨਾ ੬੨.
**੫.** ਜਯ ਰਾਮ ਮਿਸ਼ਰ: *ਸ੍ਰੀ ਗੁਰੂ ਗ੍ਰੰਥ ਦਰਸ਼ਨ,* ਸਾਹਿਤਯ ਰਤਨ, ਇਲਾਹਾਬਾਦ- ੧੯੬੦, ਪੰਨਾ ੩੩੩.
**੬.** ਭਾਈ ਵੀਰ ਸਿੰਘ: *ਗੁਰਮਤਿ ਨਾਮ,* ਚੀਫ ਖਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ- ੧੯੬੮, ਪੰਨੇ ੧੦੭-੦੮.
**੭.** Puran Singh: *Spirit of the Sikhs* Part II, Panjabi University, Patiala - 1981, p. 67.
**੮.** *ਸਿੱਖ ਰਹੱਸਵਾਦ,* ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੯੮੧, ਪੰਨਾ ੭.
**੯.** *The Gurus and the Sikh Society, p.138,* ਵੇਖੋ ਹਵਾਲਾ,-ਉਹੀ-, ਪੰਨਾ ੯੧.
**੧੦.** "Guru Nanak's Conception of Dharma", *Teachings of Guru Nanak,* p.20.
**੧੧.** *ਗੁਰਮਤਿ ਨਿਰਣਯ,* ਲਾਹੌਰ ਬੁੱਕ ਸ਼ਾਪ, ਲੁਧਿਆਣਾ- ੧੯੪੫, ਪੰਨਾ ੧੪੩.

ਅਗਸਤ ੨੦੨੫ ਦਾ ਬਾਕੀ:

# ਸ੍ਰੀ ਗੁਰੂ ਗ੍ਰੰਥ ਸਾਹਿਬ: ਸੰਪਾਦਨ ਦਾ ਪਿਛੋਕੜ

*-ਡਾ. ਧਰਮ ਸਿੰਘ**

'ਸਿੱਖਾਂ ਦੀ ਭਗਤਮਾਲਾ' ਵਿਚ ਹੀ ਇਕ ਹੋਰ ਸਾਖੀ ਆਉਂਦੀ ਹੈ ਜਿਸ ਅਨੁਸਾਰ ਬ੍ਰਾਹਮਣਾਂ ਵਿੱਚੋਂ ਸਿੱਖ ਸਜ ਗਿਆਂ ਨਾਲ ਸਨਾਤਨੀ ਬ੍ਰਾਹਮਣ ਅੰਦਰੋਂ ਵੱਟ ਰੱਖਦੇ ਸਨ ਤੇ ਉਨ੍ਹਾਂ ਨਾਲ ਖ਼ੁਸ਼ ਨਹੀਂ ਸਨ। ਸਿੱਖ ਸਜ ਗਿਆਂ ਦਾ ਇਕ ਜਥਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਆਇਆ ਤੇ ਆਣ ਕੇ ਕਹਿਣ ਲੱਗਾ ਕਿ ਸਾਨੂੰ ਸਨਾਤਨੀ ਬ੍ਰਾਹਮਣ ਤਾਅਨੇ ਮਾਰਦੇ ਹਨ ਕਿ ਤੁਸੀਂ ਆਪ ਜਗਤ ਗੁਰੂ ਹੋ ਕੇ ਇਕ ਖੱਤਰੀ ਦੇ ਸਿੱਖ ਬਣੇ ਬੈਠੇ ਹੋ। ਗੰਗਾ ਤੇ ਕਾਂਸ਼ੀ ਛੱਡ ਕੇ ਅੰਮ੍ਰਿਤਸਰ ਨੂੰ ਤੀਰਥ ਮੰਨ ਲਿਆ ਹੈ। ਵੇਦਾਂ ਦੀ ਬ੍ਰਹਮ ਬਾਣੀ ਤਿਆਗ ਕੇ ਭਾਖਾ ਵਿਚ ਲਿਖੇ ਸ਼ਬਦ ਗਾਉਂਦੇ ਹੋ ਅਤੇ ਹੋਰ ਬ੍ਰਾਹਮਣੀ ਰੀਤਾਂ ਤੋਂ ਮੁਨਕਰ ਹੋ ਗਏ ਹੋ, ਇਸ ਲਈ ਅਸੀਂ ਤੁਹਾਡੇ ਨਾਲ ਨਹੀਂ ਵਰਤ ਸਕਦੇ। ਗੁਰੂ ਸਾਹਿਬ ਨੇ ਆਪਣੇ ਢੰਗ ਨਾਲ ਉੱਤਰ ਦੇ ਕੇ ਉਨ੍ਹਾਂ ਨੂੰ ਸੰਤੁਸ਼ਟ ਕਰ ਕੇ ਭੇਜਿਆ। ਸਾਖੀ ਵਿੱਚੋਂ ਕੁਝ ਸਤਰਾਂ ਹਨ:

*ਭਾਈ ਢੇਸੀ ਤੇ ਭਾਈ ਜੋਧ ਜਾਤਿ ਦੇ ਸੰਗ ਬ੍ਰਹਮਣ ਗੁਰੂ ਅਰਜਨ ਜੀ ਦੀ ਸਰਣਿ ਆਏ। ਤੇ ਓਨਾ ਅਰਦਾਸ ਕੀਤੀ ਜੀ ਸਚੇ ਪਾਤਸਾਹਿ ਅਸਾ ਨੂ ਪੰਡਤ ਲੋਗ ਪੰਗਤ ਵਿਚ ਬੈਠਣ ਨਹੀਂ ਦੇਂਦੇ।... ਤੇ ਗੰਗਾ ਤੇ ਕਾਸੀ ਆਦਿ ਤੀਰਥ ਜੋ ਸਿਵ ਤੇ ਵਿਸਨੁ ਦੀ ਪੁਰੀ ਹੈ। ਓਨਾ ਦਾ ਸੇਵਨ ਛਡ ਕੇ ਅੰਮ੍ਰਿਤਸਰ ਕਿਰਤਮੀ ਤੀਰਥੁ ਸੇਵਦੇ ਹੋ। ਤੇ ਵੇਦਾ ਦੀ ਬ੍ਰਹਮ ਬਾਣੀ ਤਿਆਗ ਕੇ ਤੇ ਭਾਖਾ ਬਾਣੀ ਗੁਰੂ ਕੇ ਸ਼ਬਦ ਗਾਂਵਦੇ ਹੋ। ਤੇ ਜਨਮ ਅਸ਼ਟਮੀ ਤੇ ਸਿਵਰਾਤਿ ਤੇ ਇਕਾਦਸੀ ਬ੍ਰਤ ਤਿਆਗਿ ਕੈ ਸਿਖਾਂ ਦਾ... ਅੰਨ ਭੋਜਨ ਕਰਦੇ ਹੋ। ਤੇ ਗਾਇਤ੍ਰੀ ਤਰਪਨੁ ਸੰਧਿਆ ਪਿੰਡ ਪਤਲਿ ਜਨਮ ਮਰਨ ਦੀ ਕ੍ਰਿਆ ਤਿਆਗ ਕੇ ਅਰਦਾਸ ਤੇ ਕੜਾਹੁ ਮਿਰਤਕ ਤੇ ਖਾਂਵਦੇ ਹੋ। ਅਸੀ ਤੇਰੀ ਸਰਨਿ ਆਏ ਹਾਂ। ਅਸਾਡਾ ਤਾਂ ਤੁਸਾਂ ਉਧਾਰ ਕੀਤਾ ਹੈ। ਜੋ ਬ੍ਰਹਮਣਾਂ ਦਾ ਅਭਿਮਾਨੁ ਅਸਾਂ ਨੂੰ ਦੂਰ ਹੋਇਆ ਹੈ। ਤੇ ਤੇਰੇ ਸਿਖਾਂ ਦਾ ਤੇ ਤੁਸਾਡੀ ਰਸਨਾ ਦਾ ਸੀਤ ਪ੍ਰਸਾਦੁ ਅਸਾਂ ਨੂੰ ਪ੍ਰਾਪਤਿ ਹੋਇਆ ਹੈ। ਤੇ ਮਹਾਰਾਜ ਦਾ ਨਾਮ ਅਸਾਂ ਨੂੰ ਪ੍ਰਾਪਤਿ ਹੋਇਆ ਹੈ। ਪਰੁ ਅਸੀ ਓਨਾ ਨੂੰ ਕੋਣ ਉਤਰੁ ਦੇਵੀਐ।*

*ਤਾ ਬਚਨ ਹੋਆ। ਏਹੁ ਅੰਮ੍ਰਿਤਸਰ ਨਿਰੰਕਾਰ ਦੀ ਪੁਰੀ ਹੈ। ਜਿਥੇ ਬ੍ਰਹਮੇ ਅਰੁ ਵਿਸਨ ਅਰੁ ਸਿਵ ਦੀ ਪੂਰੀ ਅਰੁ ਤੀਰਥ ਸਭੇ ਹੀ ਪਵਿਤ੍ਰ ਹੋਂਦੇ ਹੈਨ। ਜੋ ਪ੍ਰਿਥਮੇ ਇਸ ਦੀ ਚਰਨ ਧੂੜਿ ਵਿਚ ਨਿਵਾਸ ਕਰਦੇ ਹੈਨ। ਏਥੇ ਸਾਥ ਹੀ ਜਲ ਕਾ ਤੀਰਥ ਹੈ। ਸਾਥ ਹੀ ਨਾਮ ਕਾ ਤੀਰਥੁ ਹੈ। ਸਾਥ ਹੀ ਸਭ ਸਾਧ ਸੰਤ ਭਜਨ ਕਰਨੇ ਵੇਲੇ ਏਥੇ ਹੀ ਨਿਵਾਸ ਕਰਦੇ ਹਨ।*[੩]

'ਸਿੱਖਾਂ ਦੀ ਭਗਤਮਾਲਾ' ੧੯ਵੀਂ ਸਦੀ ਦੇ ਅਰੰਭ ਦੀ ਰਚਨਾ ਮੰਨੀ ਜਾਂਦੀ ਹੈ। ਇਸ ਤੋਂ ਮਗਰੋਂ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਦੇ ਕਰਤਾ ਭਾਈ ਸੰਤੋਖ ਸਿੰਘ ਨੇ ਵੀ ਗੁਰੂ ਗ੍ਰੰਥ

** #੧੧੦, ਰੋਜ਼ ਐਵੀਨਿਊ, ਰਾਮ ਤੀਰਥ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੮੮੯੩੯੮੦੮*

ਸਾਹਿਬ ਦੀ ਭਾਸ਼ਾ ਅਤੇ ਇਸ ਦੇ ਲਿਖਣ ਲਈ ਪ੍ਰਵਾਨ ਕੀਤੀ ਜਾਣ ਵਾਲੀ ਲਿਪੀ (ਗੁਰਮੁਖੀ) ਬਾਰੇ ਉਚੇਚੇ ਤੌਰ 'ਤੇ ਚਰਚਾ ਕੀਤੀ ਹੈ। ਭਾਈ ਜੀ ਦੇ ਕਹਿਣ ਅਨੁਸਾਰ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੀੜ ਬੰਨ੍ਹਣ ਦਾ ਸੰਕਲਪ ਕੀਤਾ ਤਾਂ ਪਹਿਲਾਂ ਉਨ੍ਹਾਂ ਭਾਈ ਗੁਰਦਾਸ ਜੀ ਨੂੰ ਕੁਝ ਹਦਾਇਤਾਂ ਇਸ ਦੀ ਲਿਖਾਈ ਨੂੰ ਲੈ ਕੇ ਦਿੱਤੀਆਂ। ਇਨ੍ਹਾਂ ਵਿੱਚੋਂ ਇਕ ਹਦਾਇਤ ਇਹ ਸੀ ਕਿ ਇਹ ਵਿਚਾਰ ਤਾਂ ਹੀ ਜਨ-ਸਾਧਾਰਣ ਤਕ ਪਹੁੰਚਣਗੇ, ਜੇਕਰ ਉਹ ਅਜਿਹੀ ਲਿਪੀ ਅਪਣਾਉਣ, ਜੋ ਲੋਕਾਂ ਵਿਚ ਪਹਿਲਾਂ ਹੀ ਮਕਬੂਲ ਸੀ ਅਤੇ ਇਹ ਕੇਵਲ ਗੁਰਮੁਖੀ ਲਿਪੀ ਹੀ ਸੀ:

*ਇਮ ਏਕਾਕੀ ਹੈ ਗੁਰ ਪੂਰੇ। ਤਬ ਗੁਰਦਾਸ ਹਕਾਰ ਹਦੂਰੇ।*
*ਨਿਕਟ ਬਿਠਾਇ ਮਨੋਰਥ ਭਾਖਾ। ਸੁਨਿ ਭਾਈ ਹਮਾਰੀ ਅਭਿਲਾਖਾ।*
*ਰਚਹੁ ਗ੍ਰੰਥ ਕੀ ਬੀੜ ਉਦਾਰੀ। ਲਿਖਿ ਅਖਰ ਗੁਰਮੁਖੀ ਮਝਾਰੀ।*
*ਤਿਨ ਮਹਿ ਲਿਖਹੁ ਸਰਬ ਗੁਰਬਾਨੀ। ਪਠਿਬੇ ਬਿਖੈ ਸਖੈਨ ਮਹਾਨੀ।*
*ਸਹਸਕ੍ਰਿਤ ਅਰ ਤੁਰਕਨ ਭਾਸ਼ਾ। ਇਸ ਮਹਿ ਲਿਖਿ ਲੈ ਹੈ ਬੁਧਿ ਰਾਸਾ।*
*ਸਭ ਊਪਰਿ ਪਸਰਹਿ ਇਹ ਧਾਈ। ਜਿਸ ਜਲ ਪਰ ਸੁ ਚਿਕਨਤਾ ਪਾਈ।*
*ਕਿਰਤ ਕਰਤਿ ਗ੍ਰਸਤੀ ਮਤਿ ਥੋਰੀ। ਸੁਗਮ ਪਠਹਿ ਬਿਦਯਾ ਜਿਨ ਲੋਰੀ।*
*ਲਿਖਹੁ ਗੁਰਮੁਖੀ ਅੱਖਰ ਯਾਂਤੇ। ਸਗਲ ਜਗਤ ਮਹਿ ਹੁਇ ਬਖਯਾਤੇ।*
*ਸ਼ਰਧਾਵੰਤੇ ਪਠਹਿ ਸੁਖੈਨ। ਜਪਹਿ ਹਰਿ ਸਿਮਰਨ ਗਤਿ ਦੈਨ।*[੪]

ਇੱਥੇ ਇਹ ਵਰਣਨਯੋਗ ਹੈ ਕਿ ਜਿਨ੍ਹਾਂ ਮੱਧਕਾਲੀਨ ਕਵੀਆਂ ਨੇ ਸੁਰ ਉਸਤਤਿ, ਦਸ ਗੁਰ ਉਸਤਤਿ ਅਤੇ ਹੋਰ ਅਭਿਨੰਦਨ ਕਾਵਿ ਲਿਖਿਆ ਹੈ, ਉਨ੍ਹਾਂ ਲੇਖਕਾਂ ਦਾ ਤਰਕ ਹੀ ਇਹ ਹੈ ਕਿ ਵੇਦ ਸੰਸਕ੍ਰਿਤ ਵਿਚ ਹੋਣ ਕਰਕੇ ਅਤੇ ਦੇਵਨਾਗਰੀ ਲਿਪੀ ਵਿਚ ਲਿਖੇ ਹੋਣ ਕਰਕੇ ਆਮ ਲੋਕਾਂ ਦੀ ਸਮਝ ਤੋਂ ਬਾਹਰ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਲੋਕਾਂ ਦੀ ਭਾਸ਼ਾ ਵਿਚ ਵਿਅਕਤ ਕਰ ਕੇ ਅਤੇ ਗੁਰਮੁਖੀ ਅੱਖਰਾਂ ਵਿਚ ਕਾਨੀਬੱਧ ਕਰ ਕੇ, ਜਨ-ਸਾਧਾਰਣ ਦੇ ਕਲਿਆਣ ਦਾ ਮੁੱਢ ਬੱਧਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਅਗਲਾ ਅਹਿਮ ਕਾਰਨ* ਸੱਚੀ ਤੇ ਪ੍ਰਮਾਣਿਕ ਬਾਣੀ ਨੂੰ ਕੱਚੀ ਤੇ ਅਪ੍ਰਮਾਣਿਕ ਬਾਣੀ ਨਾਲੋਂ ਨਿਖੇੜ ਕੇ ਹਮੇਸ਼ਾ ਲਈ ਸੁਰੱਖਿਅਤ ਕਰਨ ਦਾ ਸੀ। 'ਸਿੱਖਾਂ ਦੀ ਭਗਤਮਾਲਾ', ਕੇਸਰ ਸਿੰਘ ਛਿੱਬਰ ਰਚਿਤ 'ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ', ਸਰੂਪ ਦਾਸ ਭੱਲਾ, ਕਵੀ ਸੋਹਣ, ਭਾਈ ਵੀਰ ਸਿੰਘ ਬੱਲ ਅਤੇ ਭਾਈ ਸੰਤੋਖ ਸਿੰਘ ਆਦਿ ਨੇ ਆਪੋ ਆਪਣੇ ਗ੍ਰੰਥਾਂ ਵਿਚ ਮੋਟੇ ਤੌਰ 'ਤੇ ਇਹੀ ਕਾਰਨ ਦੱਸਿਆ ਹੈ। ਕੇਸਰ ਸਿੰਘ ਛਿੱਬਰ ਅਨੁਸਾਰ ਪ੍ਰਿਥੀ ਚੰਦ ਦਾ ਪੁੱਤਰ ਮਿਹਰਵਾਨ ਆਪ ਵੀ ਬਾਣੀ ਰਚਨਾ ਕਰਦਾ ਸੀ, ਪਰ ਕਵੀ ਛਾਪ ਵਜੋਂ 'ਨਾਨਕ' ਪਦ ਹੀ ਵਰਤਦਾ ਸੀ। ਉਨ੍ਹਾਂ ਵੀ ਇਕ ਗ੍ਰੰਥ

---

** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਮਨੁੱਖਤਾ ਦੇ ਉੱਧਾਰ ਲਈ ਨਾਨਕ ਨਿਰਮਲ ਪੰਥ ਦੇ ਰੂਹਾਨੀ ਮੰਤਵ ਦਾ ਹਿੱਸਾ ਸੀ।*

ਬਣਾ ਧਰਿਆ ਸੀ। ਡੂਮ ਮੀਣਿਆਂ ਦੇ ਗ੍ਰੰਥ ਵਿੱਚੋਂ ਸ਼ਬਦ ਪੜ੍ਹਨ ਲੱਗੇ। ਇਕ ਦਿਨ ਗੁਰੂ ਦਰਬਾਰ ਵਿਚ ਕਿਸੇ ਸਿੱਖ ਨੇ ਕੀਰਤਨ ਕਰਦੇ ਵਕਤ ਮਿਹਰਬਾਨ ਦਾ ਸ਼ਬਦ ਪੜ੍ਹਿਆ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਸੁਣਿਆ। ਸ਼ਬਦ ਪ੍ਰਮਾਣਿਕ ਬਾਣੀ ਵਿੱਚੋਂ ਨਾ ਹੋਣ ਕਰਕੇ ਪਰ ਪ੍ਰਮਾਣਿਕ ਵਜੋਂ ਚੱਲ ਪੈਣ ਦੇ ਅੰਦੇਸ਼ੇ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਫ਼ੌਰੀ ਤੌਰ ’ਤੇ ਪ੍ਰਮਾਣਿਕ ਬਾਣੀ ਦੀ ਸੰਪਾਦਨਾ ਕਰਨ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਆਪਣੀ ਦੇਖ-ਰੇਖ ਹੇਠ ਇਹ ਕੰਮ ਭਾਈ ਗੁਰਦਾਸ ਜੀ ਦੇ ਸਪੁਰਦ ਕਰ ਦਿੱਤਾ:

*ਮਿਹਰਬਾਨ ਪੁਤ੍ਰ ਪ੍ਰਿਥੀਏ ਦਾ ਕਬੀਸਰੀ ਕਰੇ।*
*ਪਾਰਸੀ, ਹਿੰਦਵੀ, ਸਹਸਕ੍ਰਿਤ ਨਾਲੇ ਗੁਰਮੁਖੀ ਪੜੇ।*
*ਤਿਨ ਭੀ ਬਾਣੀ ਬਹੁਤ ਬਣਾਈ।*
*ਭੋਗੁ ਗੁਰੂ ਨਾਨਕ ਜੀ ਦਾ ਹੀ ਪਾਈ।*
*ਡੂਮ ਲਗੇ ਸਬਦ ਮੀਣਿਆਂ ਦੇ ਗਾਵਨਿ।*
*ਦੂਜਾ ਦਰਬਾਰ ਵਡਾ ਗੁਰਿਆਈ ਆ ਲਗੇ ਲਾਵਨਿ।*
*ਮੀਣਿਆਂ ਭੀ ਇਕ ਗ੍ਰੰਥ ਬਣਾਇਆ।*
*ਚਹੁਂ ਪਾਤਸਾਹੀਆ ਦੇ ਸਬਦ ਬਾਨੀ ਵਿਚ ਲਿਖ ਪਾਇਆ।*
*ਇਥੇ ਕਿਸੇ ਸਿਖ ਸਬਦ ਮਿਹਰਵਾਨ ਦਾ ਕੀਰਤਨ ਵਿਚ ਪੜ੍ਹਿਆ।*
*ਸੋ ਸਰਵਣੀ ਗੁਰੂ ਅਰਜਨ ਜੀ ਦੀ ਪੜਿਆ।*
*ਬਚਨ ਕੀਤਾ ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ।*
*ਮੀਣੇ ਪਾਣ ਲਗੇ ਨੀ ਰਲਾ, ਸੋ ਨਿਆਰੀ ਕਰ ਧਰੀਏ।*
*ਸੋ ਸਾਹਿਬ ਬਾਣੀ ਉਚਾਰੁ ਅਗੈ ਹੀ ਕਰਤ ਸੁ ਭਏ।*
*ਸੋ ਭਾਈ ਗੁਰਦਾਸ ਸਭ ਇਕਤਰ ਕਰਿ ਲਏ।*[੫]

ਸਰੂਪ ਦਾਸ ਭਲਾ ਰਚਿਤ ‘ਮਹਿਮਾ ਪ੍ਰਕਾਸ਼’ (ਭਾਗ ਦੂਜਾ) ਸਿੱਖ ਜਗਤ ਦਾ ਇਕ ਹੋਰ ਮਹੱਤਵਪੂਰਨ ਗ੍ਰੰਥ ਹੈ। ਇਸ ਵਿਚ ਜਿੱਥੇ ਪੰਜਵੇਂ ਗੁਰੂ ਸਾਹਿਬ ਦੀਆਂ ਸਾਖੀਆਂ ਹਨ, ਉੱਥੇ ਪੰਜਾਂ ਸਾਖੀਆਂ (੧੧-੧੫ ਤਕ) ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਵਿਚਾਰ, ਬਾਣੀ ਇਕੱਤਰ ਕਰਨ ਦੇ ਢੰਗ ਤਰੀਕਿਆਂ, ਪ੍ਰਾਣ ਸੰਗਲੀ ਮੰਗਵਾਉਣ ਤੇ ਅਪ੍ਰਵਾਨ ਕਰਨ, ਭਾਈ ਬੰਨੋ ਦੁਆਰਾ ਬੀੜ ਦੀ ਜਿਲਦਬੰਦੀ ਕਰਾਉਣ ਅਤੇ ਸ਼ਾਹ ਹੁਸੈਨ ਅਤੇ ਦੂਜੇ ਭਗਤਾਂ ਦਾ ਸ੍ਰੀ ਅੰਮ੍ਰਿਤਸਰ ਵਿਖੇ ਆਉਣ ਦਾ ਬਿਰਤਾਂਤ ਹੈ। ਇਨ੍ਹਾਂ ਪੰਜਾਂ ਸਾਖੀਆਂ ਵਿੱਚੋਂ ਪਹਿਲੀ ‘ਸਾਖੀ ਸ੍ਰੀ ਗੁਰੂ ਗ੍ਰੰਥ ਜੀ ਕੇ ਮਿਸਲ ਕੀ’ ਹੈ ਜਿਸ ਵਿਚ ਸੰਪਾਦਨਾ ਦੇ ਦੋ ਮੁੱਖ ਕਾਰਨ ਦੱਸੇ ਗਏ ਹਨ। ਪਹਿਲਾ ਕਾਰਨ ਨਵੇਂ ਉਦੈ ਹੋਏ ਪੰਥ ਨੂੰ ਸਿਧਾਂਤਕ ਆਧਾਰ ਪ੍ਰਦਾਨ ਕਰਨਾ ਸੀ:

*ਏਕ ਦਿਵਸ ਪ੍ਰਭ ਪ੍ਰਾਤਹਕਾਲ। ਦਇਆ ਭਰੇ ਪ੍ਰਭ ਦੀਨ ਦਿਆਲ।*
*ਯਹ ਮਨ ਉਪਜੀ ਪ੍ਰਗਟਿਓ ਜਗ ਪੰਥ। ਤਿਹ ਕਾਰਣ ਕੀਜੇ ਅਬ ਗ੍ਰੰਥ।*[੬]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਿਰਖ ਪਰਖ ਕਰ ਕੇ ਭਾਈ ਗੁਰਦਾਸ ਜੀ ਨੂੰ ਸੱਚੀ ਤੇ ਪ੍ਰਮਾਣਿਕ ਬਾਣੀ ਨੂੰ ਪਛਾਣਨ ਦਾ ਕੰਮ ਸੌਂਪ ਰੱਖਿਆ ਸੀ, ਜੋ ਉਹ ਬੜੀ ਲਗਨ ਅਤੇ ਮਿਹਨਤ ਨਾਲ ਕਰ ਰਹੇ ਸਨ। ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪ੍ਰਸ਼ਨ ਕੀਤਾ ਕਿ ਉਹ ਅਜਿਹੀ ਨਿਰਖ-ਪਰਖ ਕਿਸ ਤਰ੍ਹਾਂ ਕਰ ਸਕੇ ਹਨ? ਤਾਂ ਭਾਈ ਗੁਰਦਾਸ ਜੀ ਨੇ ਬਹੁਤ ਢੁਕਵੇਂ ਸ਼ਬਦਾਂ ਵਿਚ ਇਸ ਦਾ ਉੱਤਰ ਦਿੱਤਾ। ਉੱਤਰ ਇਹ ਸੀ ਕਿ ਜਿਸ ਤਰ੍ਹਾਂ ਬਹੁਤ ਸਾਰੇ ਮਰਦਾਂ ਵਿੱਚੋਂ ਪਤਨੀ ਆਪਣੇ ਪਤੀ ਦੀ ਆਵਾਜ਼ ਸਹਿਜੇ ਹੀ ਪਛਾਣ ਲੈਂਦੀ ਹੈ, ਤਿਵੇਂ ਹੀ ਮੇਰੇ ਸਾਹਮਣੇ ਜਦੋਂ ਵੀ ਕੋਈ ਅਪ੍ਰਮਾਣਿਕ ਵਾਕ ਆ ਜਾਂਦਾ ਹੈ ਤਾਂ ਉਹ ਫੌਰੀ ਤੌਰ 'ਤੇ ਉਸ ਇਸਤਰੀ ਦੀ ਤਰ੍ਹਾਂ ਅੰਦਰੋਂ ਫੁੱਟੀ ਚੇਤਨਾ ਨਾਲ ਅਜਿਹੀ ਪਛਾਣ ਕਰ ਲੈਂਦਾ ਹੈ:

*ਦੋਹਰਾ: ਕਹਿਓ ਦਿਆਲ ਗੁਰਦਾਸ ਕੋ, ਤੁਮ ਬਾਨੀ ਲਿਖੋ ਪਛਾਨ।*
*ਜੋ ਯਹ ਨਿਕਾਲ ਬਾਹਰ ਧਰੀ, ਕੈਸੇ ਪਾਇਓ ਗਿਆਨ।*
*ਚੌਪਈ: ਕਰ ਜੋੜ ਗੁਰਦਾਸ ਕਰੀ ਅਰਦਾਸ। ਸੋ ਸਤਿਗੁਰ ਗਿਆਨ ਐਸੇ ਮੋ ਪਾਸ।*
*ਬਹੁਤ ਪੁਰਖ ਮਿਲ ਬਾਤ ਬਖਾਨੇ। ਨਿਜ ਭਰਤਾ ਬੋਲ ਤਿਰੀਆ ਪਹਿਚਾਨੇ।*
*ਅਵਰ ਕੇ ਵਾਕ ਤਿਸ ਮਨ ਨਹੀ ਆਵੈ। ਸੁਨ ਭਰਤਾ ਬੋਲ ਹੀਏ ਮੋ ਭਾਵੈ।*
*ਇਮ ਬੂਝ ਵਿਚਾਰ ਗੁਰ-ਬਚਨ ਪਛਾਨੇ। ਅਵਰ ਵਾਕ ਮਨ ਮਹਿ ਨਹੀਂ ਆਨੇ।*
*ਯਹਿ ਸੁਨਿ ਬਿਚਾਰ ਗੁਰ ਭਏ ਦਇਆਲ। ਬਰ ਬਚਨ ਕੀਆ ਗੁਰਦਾਸ ਨਿਹਾਲ।*[੭]

'ਗੁਰਬਿਲਾਸ ਪਾਤਸ਼ਾਹੀ ੬' ਦੇ ਅਧਿਆਇ ਚੌਥਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਉਪਰੋਕਤ ਕਾਰਨ ਹੀ ਦ੍ਰਿੜ੍ਹ ਕਰਵਾਇਆ ਗਿਆ ਹੈ। ਪ੍ਰਸੰਗ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਦੀ ਕੋਲ ਇਕ ਸਿੱਖ ਇਹ ਫ਼ਰਿਆਦ ਲੈ ਕੇ ਆਇਆ ਕਿ ਸਿੱਖ ਸੰਗਤ ਵਿਚ ਕੱਚੀ ਬਾਣੀ ਦਾ ਪ੍ਰਚਲਣ ਹੋ ਰਿਹਾ ਹੈ, ਜਿਸ ਨੂੰ ਰੋਕਣ ਦੀ ਸਖ਼ਤ ਲੋੜ ਹੈ। ਉਸ ਨੇ ਇਹ ਵੀ ਸੁਝਾਅ ਦਿੱਤਾ ਕਿ ਅਜੇ ਤਾਂ ਸੰਗਤ ਵਿਚ ਕੁਝ ਸਿੱਖ ਐਸੇ ਹਨ, ਜਿਨ੍ਹਾਂ ਨੂੰ ਕੱਚੀ ਬਾਣੀ ਦੀ ਪਛਾਣ ਹੈ, ਪਰ ਅੱਗੋਂ ਸਮਾਂ ਅਜਿਹਾ ਆ ਰਿਹਾ ਹੈ ਕਿ ਇਹ ਪਛਾਣ ਔਖੀ ਹੋ ਜਾਵੇਗੀ। ਇਸ ਲਈ ਹਮੇਸ਼ਾ ਵਾਸਤੇ ਇਹ ਨਿਖੇੜ ਕਰਨ ਦਾ ਸਮਾਂ ਆ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪ੍ਰਮਾਣਿਕ ਤੇ ਸੱਚੀ ਬਾਣੀ ਇਕੱਤਰ ਕਰਨ, ਕੱਚੀ ਨਾਲੋਂ ਇਸ ਨੂੰ ਨਿਖੇੜਨ ਅਤੇ ਇਕ ਨਿਸ਼ਚਿਤ ਤਰਤੀਬ ਦੇ ਕੇ ਗ੍ਰੰਥ ਤਿਆਰ ਕਰਨ ਦਾ ਕਾਰਜ-ਭਾਰ ਉਸ ਨੂੰ ਸੌਂਪ ਕੇ ਇਸ ਪਾਸੇ ਲਾਇਆ:

*ਚੌਪਈ: ਗੁਰ ਅਰਜਨ ਮਨ ਐਸੇ ਧਾਰਯੋ।*
*ਕਰੋ ਜਤਨ ਇਹ ਜਗ ਨਿਤਾਰਯੋ।*
*ਬਾਣੀ ਗੁਰੂ ਗੁਰੂ ਹੈ ਬਾਣੀ।*
*ਬੇਦਨ ਤਤੁ ਮਥਿ ਬੁਧਿ ਮਧਾਣੀ।*
*ਤਾ ਤੇ ਸਭ ਬਾਣੀ ਇਕਠਯੋ।*

*ਪੂਜਨੀਕ ਗੁਰ ਗ੍ਰੰਥ ਬਨਯੋ।*
*ਤਬ ਲੌ ਏਕ ਸਿਖੁ ਤਹ ਆਯੋ।*
*ਗੁਰੁ ਅਰਜਨ ਕੋ ਸੀਸ ਨਿਵਾਯੋ।*
*ਹਾਥ ਜੋਰਿ ਪੁਨਿ ਪ੍ਰਸਨ ਉਚਾਰਾ।*
*ਮੈ ਪ੍ਰਭ ਸਬਦ ਪੜੋ ਹਿਤੁ ਧਾਰਾ।...*
*ਦੋਹਰਾ: ਬਾਣੀ ਕਚੀ ਗੁਰੂ ਬਿਨ ਨਾਹਿ ਪੜੋ ਚਿਤ ਲਾਇ।*
*ਕ੍ਰਿਪਾ ਧਾਰਿ ਮੁਹਿ ਹੈ ਪ੍ਰਭ ਗੁਰਬਾਣੀ ਸਮਝਾਇ।*
*ਸ੍ਰੀ ਗੁਰ ਨਿਕਟ ਬੁਲਾਇਯੋ ਤਬ ਭਾਈ ਗੁਰਦਾਸ।*
*ਸ੍ਰੀ ਮੁਖ ਸੋ ਸਭ ਹੀ ਕਹੀ ਤਾਹਿ ਸਿਖ ਅਰਦਾਸ।*
*ਕਬਿੱਤ: ਸ੍ਰੀ ਗੁਰ ਕ੍ਰਿਪਾ ਪਾਇ ਸਿਖ ਸੁਧ ਬੁਧਿ ਕਾਇ,*
*ਸ੍ਰੀ ਗੁਰਬਾਣੀ ਸਿਖ ਅਬ ਤੋ ਪਛਾਣ ਹੈ।*
*ਆਗੈ ਕਲੂ ਬਲੁ ਪਾਵੈ ਸੁਧ ਬੁਧਿ ਨ ਰਹਾਵੈ,*
*ਨਿਜ ਗੁਰਬਾਣੀ ਸਿਖ ਕੈਸਕ ਸਯਾਨ ਹੈ।*
*ਤਾ ਤੇ ਗੁਰਬਾਣੀ ਸਭ ਕੀਜੀਯੇ ਇਕਤ੍ਰ ਅਬ,*
*ਸੋਧ ਗੁਰਬਾਣੀ ਤਾਹਿ ਗ੍ਰੰਥ ਕੋ ਰਚਾਨ ਹੈ।*
*ਪੂਜਨੀਕ ਜਗਿ ਹੋਇ ਗੁਰੂ ਸਮ ਗ੍ਰੰਥ ਸੋਇ,*
*ਜੋਊ ਪੂਜ ਕਰੈ ਮੁਕਤਿ ਰੂਪ ਸੁ ਜਹਾਨ ਹੈ।*[੮]

ਭਾਈ ਵੀਰ ਸਿੰਘ ਬੱਲ ਰਚਿਤ 'ਗੁਰ ਕੀਰਤ ਪ੍ਰਕਾਸ਼' ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਪ੍ਰਕਿਰਿਆ ਦਾ ਕੁਝ ਬਿਰਤਾਂਤ ਹੈ। ਭਾਈ ਵੀਰ ਸਿੰਘ ਬੱਲ ਫ਼ੌਰੀ ਕਾਰਨ ਤਾਂ ਕੱਚੀ ਬਾਣੀ ਦੇ ਰਲੇ ਤੋਂ ਗੁਰਬਾਣੀ ਨੂੰ ਬਚਾਉਣ ਦਾ ਹੀ ਮੰਨਦਾ ਹੈ, ਪਰ ਇਕ ਦੋ ਗੱਲਾਂ ਹੋਰ ਵੀ ਦੱਸ ਜਾਂਦਾ ਹੈ। ਮਸਲਨ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪਾਦਨਾ ਦਾ ਸੰਕਲਪ ਕੀਤਾ ਤਾਂ ਉਨ੍ਹਾਂ ਭਾਈ ਗੁਰਦਾਸ ਜੀ ਨੂੰ ਗੋਇੰਦਵਾਲ ਸਾਹਿਬ ਤੋਂ ਬਾਬੇ ਮੋਹਨ ਕੋਲੋਂ ਗੁਰਬਾਣੀ ਦੀਆਂ ਪੋਥੀਆਂ ਲਿਆਉਣ ਦਾ ਆਦੇਸ਼ ਵੀ ਦਿੱਤਾ। ਭਾਈ ਗੁਰਦਾਸ ਜੀ ਨੇ ਨਿਮਰਤਾ ਸਹਿਤ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਪੋਥੀਆਂ ਉਹ ਖ਼ੁਦ ਹੀ ਲਿਆਉਣ, ਕਿਉਂਕਿ ਬਾਬਾ ਮੋਹਨ ਨੇ ਉਨ੍ਹਾਂ ਨੂੰ ਪੋਥੀਆਂ ਨਹੀਂ ਦੇਣੀਆਂ। ਦੂਜੀ ਗੱਲ ਉਹ ਇਹ ਦੱਸਦਾ ਹੈ ਕਿ ਜਿਨ੍ਹਾਂ ਲੋਕਾਂ ਦੀ ਰਚਨਾ ਤੋਂ ਨਿਖੇੜਨ ਲਈ ਸੰਪਾਦਨਾ ਦਾ ਵਿਚਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਇਆ, ਉਨ੍ਹਾਂ ਨੂੰ ਫਿਰ ਵੀ ਅਕਲ ਨਾ ਆਈ ਤੇ ਉਹ ਆਪਣੀ ਕੱਚੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਾਉਣ ਦਾ ਹੱਠ ਕਰਨ ਲੱਗੇ, ਪਰ ਭਾਈ ਗੁਰਦਾਸ ਜੀ ਦੀ ਪਾਰਖੂ ਅੱਖ ਨੇ ਉਨ੍ਹਾਂ ਦੇ ਮਨਸੂਬੇ ਸਫਲ ਨਾ ਹੋਣ ਦਿੱਤੇ:

*ਸ੍ਰੀ ਗੁਰਬਾਣੀ ਸਰਬ ਲਿਖਾਈ। ਗੁਰੂ ਗ੍ਰੰਥ ਕੀ ਬੀੜ ਬੰਧਾਈ।*
*ਸਭ ਭਗਤਾਂ ਕੇ ਸਬਦ ਚਢਾਏ। ਰਾਗ ਰਾਗ ਕੇ ਅੰਤਹਿ ਲਾਏ।*

*ਪ੍ਰਿਥੀ ਚੰਦ ਮਹਾਦੇਵ ਸਿਧਾਏ। ਅਪੁਨੀ ਬਾਣੀ ਚਾੜਨ ਆਏ।*
*ਸੋ ਬਾਣੀ ਗੁਰਦਾਸ ਹਟਾਈ। ਗੁਰੂ ਬਿਨਾ ਕਾਚੀ ਠਹਿਰਾਈ।*[੯]

ਭਾਈ ਸੰਤੋਖ ਸਿੰਘ ਰਚਿਤ 'ਗੁਰ ਪ੍ਰਤਾਪ ਸੂਰਜ ਗ੍ਰੰਥ' ਸਿੱਖ ਗ੍ਰੰਥਾਂ ਵਿਚ ਇਕ ਹੋਰ ਅਤਿਅੰਤ ਮਹੱਤਵਪੂਰਨ ਗ੍ਰੰਥ ਹੈ, ਜਿਸ ਦੇ ਇਕ ਪ੍ਰਕਰਣ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਇਤਿਹਾਸ ਹੈ। ਭਾਈ ਸੰਤੋਖ ਸਿੰਘ ਵੀ ਬਹੁਤੇ ਪੂਰਬਲੇ ਇਤਿਹਾਸਕਾਰਾਂ ਵਾਂਗ ਗੁਰਬਾਣੀ ਨੂੰ ਮੀਣਿਆਂ ਦੀ ਕੱਚੀ ਬਾਣੀ ਨਾਲੋਂ ਨਿਖੇੜਨ ਦਾ ਕਾਰਨ ਹੀ ਸਭ ਤੋਂ ਅਹਿਮ ਕਾਰਨ ਮੰਨਦੇ ਹਨ। ਪ੍ਰਿਥੀ ਚੰਦ ਅਤੇ ਉਸ ਦੇ ਵੰਸ਼ਜ ਆਪਣੇ ਕੋਲੋਂ ਹੀ ਸ਼ਬਦ ਰਚਦੇ ਸਨ, ਪਰ ਕਵੀ ਛਾਪ ਨਾਨਕ ਵਰਤ ਕੇ ਸੰਗਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ। ਕੋਈ ਕੱਚੀ ਬਾਣੀ ਦੀ ਪਛਾਣ ਕਰ ਲੈਂਦਾ ਹੈ, ਕੋਈ ਨਹੀਂ। ਇਸ ਤਰ੍ਹਾਂ ਗੁਰਬਾਣੀ ਵਿਚ ਵੱਡਾ ਵਿਗਾੜ ਪੈਣ ਦਾ ਅੰਦੇਸ਼ਾ ਸੀ।

ਭਾਈ ਸੰਤੋਖ ਸਿੰਘ ਤੋਂ ਬਾਅਦ ਆਉਣ ਵਾਲੇ ਇਤਿਹਾਸਕਾਰਾਂ ਨੇ ਥੋੜੇ ਬਹੁਤੇ ਫ਼ਰਕ ਨਾਲ ਉਪਰੋਕਤ ਗੱਲਾਂ ਹੀ ਦੁਹਰਾਈਆਂ ਹਨ, ਇਸ ਲਈ ਉਨ੍ਹਾਂ ਦੀ ਚਰਚਾ ਬੇਲੋੜਾ ਹੈ। ਉਂਜ ਵੀ ਭਾਈ ਸੰਤੋਖ ਸਿੰਘ ਤੋਂ ਪਿੱਛੋਂ ਇਤਿਹਾਸਕਾਰੀ ਦਾ ਆਧੁਨਿਕ ਯੁੱਗ ਅਰੰਭ ਹੁੰਦਾ ਹੈ ਅਤੇ ਜਿਨ੍ਹਾਂ ਵੀ ਇਤਿਹਾਸਕਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਪਿਛੋਕੜ ਜਾਂ ਇਸ ਦੀ ਸੰਪਾਦਨ ਪ੍ਰਕਿਰਿਆ ਬਾਰੇ ਕੋਈ ਗੱਲ ਕੀਤੀ ਹੈ, ਉਨ੍ਹਾਂ ਦਾ ਆਧਾਰ ਉਪਰੋਕਤ ਗ੍ਰੰਥ ਹੀ ਹਨ। ਅਲਬੱਤਾ ਭਾਈ ਗੁਰਦਾਸ ਜੀ ਬਾਰੇ ਪ੍ਰਚਲਿਤ ਧਾਰਨਾਵਾਂ ਤੋਂ ਬਿਨਾਂ ਉਨ੍ਹਾਂ ਦੇ ਇਕ ਅਹਿਮ ਯੋਗਦਾਨ ਬਾਰੇ ਸੰਕੇਤ ਕਰਕੇ ਅਸੀਂ ਆਪਣੀ ਗੱਲ ਖ਼ਤਮ ਕਰਨੀ ਚਾਹਾਂਗੇ। ਆਮ ਧਾਰਨਾ ਭਾਈ ਗੁਰਦਾਸ ਜੀ ਦੀ ਸੇਵਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਲਿਖਾਈ ਤਕ ਹੀ ਸੀਮਿਤ ਕਰਦੀ ਹੈ, ਪਰ ਸਾਡੇ ਖ਼ਿਆਲ ਵਿਚ ਉਨ੍ਹਾਂ ਦੀ ਇਕ ਹੋਰ ਮਹੱਤਵਪੂਰਨ ਸੇਵਾ ਗੁਰਬਾਣੀ ਨੂੰ ਕੱਚੀ ਬਾਣੀ ਨਾਲੋਂ ਨਿਖੇੜਨ ਦੀ ਉਨ੍ਹਾਂ ਦੀ ਤਿੱਖੀ ਸੂਝ ਅਤੇ ਬਾਰੀਕਬੀਨੀ ਵੀ ਹੈ। ਇਹ ਠੀਕ ਹੈ ਕਿ ਇਸ ਪਾਸੇ ਭਾਈ ਗੁਰਦਾਸ ਜੀ ਦੀ ਅਗਵਾਈ ਸ੍ਰੀ ਗੁਰੂ ਅਰਜਨ ਦੇਵ ਜੀ ਖ਼ੁਦ ਕਰ ਰਹੇ ਹਨ, ਪਰ ਅਜਿਹਾ ਕਰਨ ਵਿਚ ਭਾਈ ਗੁਰਦਾਸ ਜੀ ਦੀ ਪਾਰਖੂ ਅੱਖ ਦਾ ਵੀ ਬਰਾਬਰ ਯੋਗਦਾਨ ਹੈ।

**ਹਵਾਲੇ :**


੩. ਉਹੀ, ਪੰਨਾ ੧੦੫.
੪. *ਗੁਰ ਪ੍ਰਤਾਪ ਸੂਰਜ ਗ੍ਰੰਥ*, ਸੰਪਾ. ਭਾਈ ਵੀਰ ਸਿੰਘ, ਜਿਲਦ ੬, ਪੰਨਾ ੨੦੯੩.
੫. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾ. ਪਿਆਰਾ ਸਿੰਘ ਪਦਮ, ਪੰਜਵਾਂ ਚਰਣ, ਪੰਨੇ ੮੦-੮੧.
੬. *ਮਹਿਮਾ ਪ੍ਰਕਾਸ਼*, ਸੰਪਾ. ਗੋਬਿੰਦ ਸਿੰਘ ਲਾਂਬਾ, ਭਾਗ ਦੂਜਾ, ਪੰਨੇ ੮੦-੮੧
੭. ਉਹੀ, ਪੰਨਾ ੩੬੨.
੮. *ਗੁਰਬਿਲਾਸ ਪਾਤਸਾਹੀ ੬*, ਸੰਪਾ. ਇੰਦਰ ਸਿੰਘ ਗਿੱਲ, ਪੰਨਾ ੫੨.
੯. *ਗੁਰ ਕੀਰਤ ਪ੍ਰਕਾਸ਼*, ਸੰਪਾ. ਗੁਰਬਚਨ ਕੌਰ, ਪੰਨਾ ੧੩੬.

# ਸੇਵਾ-ਸਿਮਰਨ ਤੇ ਸੂਰਬੀਰਤਾ ਦੇ ਸਿਰਤਾਜ : ਭਾਈ ਘਨੱ੍ਹਈਆ ਜੀ

*-ਡਾ. ਰੂਪ ਸਿੰਘ**

ਸੇਵਾ-ਸਿਮਰਨ ਦੋ ਅਲੱਗ ਸੰਕਲਪ ਤੇ ਸਿਧਾਂਤ ਹਨ ਪਰ ਦੋਨਾਂ ਨੂੰ ਅਲੱਗ ਵੀ ਨਹੀਂ ਕੀਤਾ ਜਾ ਸਕਦਾ। ਸੇਵਾ ਕਰਨ ਵਾਲਾ ਸਿਮਰਨ ਅਭਿਆਸੀ ਵੀ ਹੋਵੇਗਾ ਤੇ ਸਿਮਰਨ ਕਰਨ ਵਾਲਾ ਜੇਕਰ ਸੇਵਾ ਨਹੀਂ ਕਰਦਾ ਤਾਂ ਸਿਮਰਨ ਦਾ ਢੋਂਗ ਕਰ ਰਿਹਾ ਹੈ। ਕਿਸੇ ਦੀ ਯਾਦ ਵਿਚ ਜੁੜ ਕੇ ਹੀ ਸੇਵਾ ਕੀਤੀ ਜਾ ਸਕਦੀ ਹੈ, ਜੋ ਜੁੜਿਆ ਨਹੀਂ ਉਹ ਸੇਵਾ ਨੂੰ ਸੰਪੂਰਨ ਰੂਪ ਵਿਚ ਸਮਰਪਿਤ ਨਹੀਂ। ਸੁਕ੍ਰਿਤ-ਸੇਵਾ ਹੈ, ਸੰਪੂਰਨ ਸਮਰਪਣ ਸਿਮਰਨ ਹੈ। ਸੇਵਾ-ਸਿਮਰਨ ਕਿਸੇ ਆਦਰਸ਼ ਦੀ ਪ੍ਰਾਪਤੀ ਵਾਸਤੇ ਹੀ ਕੀਤਾ ਜਾ ਸਕਦਾ ਹੈ। ਸਿਮਰਨ ਅਭਿਆਸੀ ਹੀ ਸੇਵਾ ਨੂੰ ਸਮਰਪਿਤ ਹੁੰਦੇ ਹਨ। ਸੇਵਾ ਕਰਨ ਵਾਲੇ ਦੇ ਹੱਥ-ਪੈਰ ਤਨ ਕਾਰ ਵੱਲ ਤੇ ਚਿਤ-ਕਰਤੇ-ਕਰਤਾਰ ਵਿਚ ਹੁੰਦਾ ਹੈ। ਉਹ ਖਾਣ-ਪੀਣ, ਸੌਣ-ਬੋਲਣ ਦਾ ਸੰਜਮੀ ਹੁੰਦਾ ਹੈ। ਸੇਵਾ ਦਾ ਖੇਤਰ ਭਾਵੇਂ ਕੋਈ ਹੋਵੇ। ਸੇਵਾ ਕਿਵੇਂ ਕੀਤੀ ਜਾ ਰਹੀ ਹੈ? ਇਹ ਵੀ ਮਹੱਤਵਪੂਰਨ ਨਹੀਂ। ਮਹੱਤਵਪੂਰਨ ਇਹ ਹੈ ਕਿ ਤੁਸੀਂ ਕਿਤਨਾ ਜੁੜ ਕੇ, ਸਿਮਰਨ-ਸਮਰਪਣ ਭਾਵਨਾ ਵਿਚ ਸੇਵਾ ਕਰ ਰਹੇ ਹੋ। ਸੇਵਾ-ਸਿਮਰਨ ਵਿਚ ਜੁੜ ਕੇ, ਤੁਸੀਂ ਆਪਣੇ ਆਪ ਨੂੰ ਭੁਲਾ ਚੁੱਕੇ ਹੋ! ਲੋਕ ਤੁਹਾਡੇ ਬਾਰੇ, ਤੁਹਾਡੇ ਕਾਰਜ-ਖੇਤਰ, ਸੇਵਾ ਬਾਰੇ ਕੀ ਸੋਚਦੇ ਹਨ, ਕੀ ਕਹਿ ਰਹੇ ਹਨ? ਇਸ ਸਭ ਤੋਂ ਸੁਤੰਤਰ ਹੋ- ਸੰਪੂਰਣ ਸਮਰਪਣ ਭਾਵਨਾ ਨਾਲ ਕੀਤਾ ਕਾਰਜ (ਸੇਵਾ) ਹੀ ਫ਼ਲਦਾਇਕ ਤੇ ਸੁਖਦਾਇਕ ਹੈ।

ਪਰ ਇਹ ਕਾਰਜ ਸੂਰਮਿਆਂ, ਸੂਰਬੀਰਾਂ ਦਾ ਹੈ। ਬੁਜ਼ਦਿਲ ਤੇ ਕਾਇਰ ਨਾ ਸੇਵਾ ਕਰ ਸਕਦੇ ਹਨ ਨਾ ਹੀ ਸਿਮਰਨ! ਹਾਂ ਉਹ ਦਿਖਾਵਾ ਕਰ ਸਕਦੇ ਹਨ। ਉਹ ਸੇਵਾ-ਸਿਮਰਨ ਦਾ ਦਿਖਾਵਾ ਕਰ ਕੇ ਆਪਣੇ ਆਪ ਨੂੰ ਤੇ ਸਮਾਜ ਨੂੰ ਧੋਖਾ ਦਿੰਦੇ ਹੋਏ ਧੰਦੇ ਤੇ ਧਨ ਵਿਚ ਗ਼ਲਤਾਨ ਹਨ। ਸੇਵਾ-ਸਿਮਰਨ ਨੂੰ ਸਮਰਪਿਤ ਸ਼ਖ਼ਸੀਅਤ ਅੰਤਿਮ ਸੱਚ ਨਾਲ ਜੁੜੀ ਹੁੰਦੀ ਹੈ। ਉਹ ਸਮੇਂ-ਸਥਾਨ ਤੇ ਸਮਕਾਲੀ ਸਮੱਸਿਆ ਤੋਂ ਉੱਪਰ ਉੱਠ ਕੇ ਸਮਰਪਿਤ ਹੋ ਚੁੱਕੇ ਹੁੰਦੇ ਹਨ।

ਸੇਵਾ-ਸਿਮਰਨ ਵਿਚ ਇਕਾਗਰਤਾ ਦੀ ਜ਼ਰੂਰਤ ਹੈ। ਜੋ ਬੁਜ਼ਦਿਲ, ਕਾਇਰ ਤੇ ਡਰਪੋਕ ਮਨੁੱਖ ਨਹੀਂ ਕਰ ਸਕਦੇ। ਡਰਪੋਕ ਮਨੁੱਖ ਤਨ-ਮਨ ਤੋਂ ਕੰਮ-ਚੋਰ ਹੁੰਦਾ ਹੈ। ਸੇਵਾ-ਸਿਮਰਨ ਕਰਨ ਵਾਲਾ ਮਨ ਨੂੰ 'ਜੋਤਿ ਸਰੂਪ' ਮੰਨਦਾ ਹੋਇਆ ਤਨ 'ਤੇ

** ਸਾਬਕਾ ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਵੀ ਕਾਬੂ ਪਾ ਲੈਂਦਾ ਹੈ। ਉਹ ਫਿਰ ਤਨ ਨੂੰ ਵਿਕਾਰਾਂ ਤੋਂ ਮੁਕਤ ਕਰ ਕੇ, ਮੁਕਤੀ ਮਾਰਗ ਦਾ ਪਾਂਧੀ ਬਣ ਜਾਂਦਾ ਹੈ। ਧਰਤੀ ਵਿਚ ਜੋ ਬੀਜ ਬੀਜੇ ਜਾਂਦੇ ਹਨ। ਉਸ ਤਰ੍ਹਾਂ ਫੁੱਲ-ਫ਼ਲ ਮਿਲਦੇ ਹਨ, ਪਰ ਸੇਵਾ ਅਜਿਹਾ ਬੀਜ ਹੈ ਜਿਸ ਨੂੰ ਬੀਜਣ ਵਾਲੇ ਨੂੰ ਸਭ ਫੁੱਲ-ਫ਼ਲ ਪ੍ਰਾਪਤ ਹੁੰਦੇ ਹਨ। ਪਾਵਨ ਕਥਨ ਹੈ:

*ਧਰਤੀ ਬੀਜੈ ਸੁ ਲੁਣੈ ਸਤਿਗੁਰੁ ਸੇਵਾ ਸਭ ਫਲ ਚੂਰੈ।* *(ਵਾਰ ੪੦:੩)*

ਮਨ ਅੱਥਰਾ ਘੋੜਾ ਹੈ, ਜਿਸ ਨੂੰ ਮਜ਼ਬੂਤੀ ਨਾਲ ਸੂਰਬੀਰ-ਸੂਰਮਾ ਹੀ ਲਗਾਮ ਲਗਾ ਸਕਦਾ ਹੈ। ਜਦ ਮਨ ਵੱਸ ਵਿਚ ਆ ਗਿਆ ਤਾਂ ਫਿਰ ਹਉਮੈਂ-ਹੰਕਾਰ ਨਾਲ ਲੜਿਆ ਜਾ ਸਕਦਾ ਹੈ। ਫਿਰ ਨਿਰਭੈਅ ਹੋ ਕੇ ਲੜਾਈ ਦੇ ਮੈਦਾਨ ਵਿਚ ਵੀ ਸੇਵਾ ਕੀਤੀ ਜਾ ਸਕਦੀ ਹੈ। ਲੜਾਈ ਦੇ ਮੈਦਾਨ ਵਿਚ ਦੁਸ਼ਮਣ-ਦੋਸਤਾਂ ਨੂੰ ਪਾਣੀ ਪਿਆਉਣਾ ਕਹਿ ਦੇਣਾ, ਸੁਣ ਲੈਣਾ, ਸੋਚ ਲੈਣਾ ਬਹੁਤ ਅਸਾਨ ਹੈ, ਪਰ ਅਮਲੀ ਰੂਪ ਵਿਚ ਇਹ ਕਾਰਜ-ਸੇਵਾ ਕੋਈ ਕਲਗੀਧਰ ਦੇ ਚਰਨਾਂ ਨਾਲ ਜੁੜਿਆ ਸੂਰਬੀਰ-ਸੂਰਮਾ ਹੀ ਕਰ ਸਕਦਾ ਹੈ, ਜਿਸ ਦੀ ਪ੍ਰਤੱਖ ਉਦਾਹਰਨ ਹੈ— ਭਾਈ ਸਾਹਿਬ ਭਾਈ ਘਨ੍ਹੱਈਆ ਜੀ।

ਭਾਈ ਘਨ੍ਹੱਈਆ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਸੇਵਾ ਕਰਦੇ ਸਨ। ਪਿੰਡ ਸੋਦਰਾ,ਜ਼ਿਲ੍ਹਾ ਗੁਜਰਾਂਵਾਲਾ ਦੇ ਵਸਨੀਕ ਭਾਈ ਘਨ੍ਹੱਈਆ ਜੀ (ਜਨਮ ੧੬੪੮ ਈ.) ਗੁਰੂ-ਘਰ ਦੇ ਪ੍ਰੀਤਵਾਨ ਸ਼ਰਧਾਲੂ ਸਿੱਖ ਸੀ। ਗੁਰੂ-ਘਰ ਵਿਚ, ਗੁਰੂ-ਘਰ ਦੇ ਲੰਗਰ ਵਿਚ ਪਾਣੀ ਢੋਣ ਦੀ ਸੇਵਾ ਇਨ੍ਹਾਂ ਨੇ ਸੰਭਾਲੀ ਸੀ। ਹਰ ਵੇਲੇ ਸੇਵਾ-ਪਿਆਰ 'ਚ ਲੀਨ ਭਾਈ ਘਨ੍ਹੱਈਆ ਜੀ ਸਮਰਪਿਤ ਭਾਵਨਾ ਨਾਲ ਗੁਰੂ-ਘਰ 'ਚ ਆਪਾ ਮਿਟਾ ਚੁੱਕੇ ਸਨ। ਗੁਰਬਾਣੀ ਦਾ ਪਾਵਨ ਕਥਨ ਹੈ:

*ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੩)*

ਭਾਈ ਘਨ੍ਹੱਈਆ ਜੀ ਸਿੱਖ ਸੰਸਾਰ ਦੀ ਹਰਮਨ-ਪਿਆਰੀ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ 'ਰੈੱਡ ਕਰਾਸ' ਦੇ ਬਾਨੀ ਹੋਣ ਦਾ ਸਤਿਕਾਰ ਹਾਸਲ ਹੈ। *ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ* ਦੇ ਸਿਧਾਂਤ 'ਤੇ ਅਮਲ ਕਰਦਿਆਂ ਭਾਈ ਘਨ੍ਹੱਈਆ ਜੀ ਨੇ ਗੁਰਮਤਿ ਵਿਚਾਰਧਾਰਾ ਦੇ ਅਮੋਲਕ-ਵਿਲੱਖਣ ਪੱਖ ਨੂੰ ਅਮਲੀ ਰੂਪ 'ਚ ਪ੍ਰਗਟ ਕੀਤਾ। ਜਿਸ ਸਮੇਂ ਸਮਾਜ ਧਰਮ, ਜਾਤ-ਪਾਤ, ਬਰਾਦਰੀ, ਅਮੀਰ-ਗਰੀਬ, ਛੂਤ-ਛਾਤ ਦੀ ਬਿਮਾਰੀ ਨਾਲ ਪੀੜਤ ਸੀ, ਉਸ ਸਮੇਂ *ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ* ਦੀ ਨਿਰਮਲ ਵਿਚਾਰਧਾਰਾ ਨੂੰ ਜੰਗ ਦੇ ਮੈਦਾਨ 'ਚ ਵੀ ਲਾਗੂ ਕਰਨਾ, ਅਕਾਲ ਪੁਰਖ ਦੇ ਦਰ ਤੋਂ ਵਰੋਸਾਈ, ਰੋਮ-ਰੋਮ ਤੋਂ ਸਰਬੰਸਦਾਨੀ ਪਿਤਾ ਨਾਲ ਜੁੜੀ ਹੋਈ-ਰੂਹਾਨੀ ਸ਼ਖ਼ਸੀਅਤ ਭਾਈ ਘਨ੍ਹੱਈਆ ਜੀ ਦੇ ਹਿੱਸੇ ਹੀ ਆਇਆ। ਸੇਵਾ-ਸਿਮਰਨ ਦੇ ਰੂਹਾਨੀ ਸੁਮੇਲ ਨੂੰ ਪ੍ਰਤੱਖ ਕਰ ਦਿਖਾਇਆ ਭਾਈ

ਸਾਹਿਬ ਜੀ ਨੇ।

੧੭ਵੀਂ ਸਦੀ ਦੇ ਅੰਤ ਤੇ ੧੮ਵੀਂ ਸਦੀ ਦੇ ਅਰੰਭ ਵਿਚ ਜਿਸ ਤਰ੍ਹਾਂ ਔਰੰਗਜ਼ੇਬ ਮਨੁੱਖੀ ਸਮਾਨਤਾ ਤੇ ਏਕਤਾ, ਬਰਾਬਰਤਾ ਦੇ ਸਿਧਾਂਤ ਦੀਆਂ 'ਕਾਫ਼ਰਾਂ' ਨੂੰ ਮਾਰ ਕੇ ਧੱਜੀਆਂ ਉਡਾ ਰਿਹਾ ਸੀ, ਦੂਸਰੇ ਪਾਸੇ *ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ* ਦਾ ਉਪਦੇਸ਼ ਭਾਈ ਘਨੱਈਆ ਜੀ ਨੇ ਰਣਤੱਤੇ ਵਿਚ ਦੁਸ਼ਮਣਾਂ-ਦੋਸਤਾਂ ਨੂੰ ਪਾਣੀ ਪਿਲਾਉਣ ਤੇ ਮਲ੍ਹਮ-ਪੱਟੀ ਕਰ *ਸਭੈ ਘਟ ਰਾਮੁ ਬੋਲੈ ਰਾਮਾ ਬੋਲੈ* ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ, ਅਜਿਹਾ ਕਾਰਜ ਕੋਈ ਗੁਰੂ-ਦਰ ਤੋਂ ਵਰੋਸਾਇਆ ਸੂਰਬੀਰ ਬਚਨ ਦਾ ਬਲੀ ਹੀ ਕਰ ਸਕਦਾ ਹੈ।

ਵੈਰ-ਵਿਰੋਧ, ਅਮੀਰ-ਗਰੀਬ, ਧਰਮ-ਜਾਤ, ਰੰਗ-ਨਸਲ, ਦੇਸ਼-ਦੁਨੀਆ ਦੀਆਂ ਦੁਸ਼ਮਣੀਆਂ ਵਖਰੇਵੇਂ ਦਾ ਹੱਲ ਸ਼ਾਂਤੀ ਦੇ ਪੁੰਜ, ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਸ ਸੰਦੇਸ਼ ਵਿਚ ਹੀ ਹੈ, ਜਿਸ ਨੂੰ ਭਾਈ ਘਨੱਈਆ ਜੀ ਨੇ ਜ਼ਿੰਦਗੀ ਭਰ ਅਪਣਾਇਆ ਤੇ ਨਿਭਾਇਆ:

*ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੯)*

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ੧੧ ਨਵੰਬਰ, ੧੬੭੫ ਈ. ਤੋਂ ਪਿੱਛੋਂ ਭਾਈ ਘਨੱਈਆ ਜੀ, ਕਲਗੀਧਰ ਦੀ ਸੇਵਾ 'ਚ ਨਿਰੰਤਰ ਹਾਜ਼ਰ ਰਹਿੰਦੇ। ਟਹਿਲ ਸੇਵਾ ਪਹਿਲਾਂ ਦੀ ਤਰ੍ਹਾਂ ਹੀ ਜਾਰੀ ਰੱਖੀ, ਗੁਰੂ ਦੇ ਲੰਗਰ ਤੇ ਸੰਗਤ ਵਾਸਤੇ ਪਾਣੀ ਢੋਣਾ, ਗੁਰੂ-ਘਰ ਦੇ ਘੋੜਿਆਂ ਦੀ ਦੇਖ-ਭਾਲ ਤੇ ਸੰਭਾਲ ਕਰਨੀ। ਭਾਈ ਘਨੱਈਆ ਜੀ ਦਾ ਇਕ ਬਚਨ: ਗੁਰੂ-ਘਰ ਦੇ ਘੋੜੇ ਨੂੰ ਸੰਬੋਧਿਤ ਹੈ— ਧੰਨ ਹੈਂ ਤੂੰ ਜੋ ਗੁਰੂ ਜੀ ਨੂੰ ਆਪਣੀ ਪਿੱਠ 'ਤੇ ਬਿਠਾ ਜਿੱਥੇ ਉਹ ਚਾਹੁੰਦੇ ਹਨ, ਪਹੁੰਚਾ ਦਿੰਦਾ ਹੈਂ। . . . ਭਾਈ ਘਨੱਈਆ ਜੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਗ-ਸਾਥ ਪਾਉਂਟਾ ਸਾਹਿਬ ਦੀ ਰਮਣੀਕ ਧਰਤੀ 'ਤੇ ਵੀ ਵਿਚਰੇ ਤੇ ਭੰਗਾਣੀ ਦੇ ਯੁੱਧ ਦੇ ਚਸ਼ਮਦੀਦ ਗਵਾਹ ਬਣੇ।

ਪਾਉਂਟਾ ਸਾਹਿਬ ਵਾਪਸੀ ਤੋਂ ਭਾਈ ਸਾਹਿਬ ਵੀ ਗੁਰੂ-ਪਰਿਵਾਰ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਆ ਗਏ। ਸ੍ਰੀ ਅਨੰਦਪੁਰ ਸਾਹਿਬ ਦੇ ਆਖਰੀ ਯੁੱਧ ਤੀਕ ਕਲਗੀਧਰ ਦੇ ਚਰਨਾਂ 'ਚ ਸੇਵਾ-ਸਿਮਰਨ 'ਚ ਹਾਜ਼ਰ ਰਹੇ।

ਦੁਬਿਧਾ-ਦਵੈਸ਼ ਤੋਂ ਕੋਹਾਂ ਦੂਰ, ਭਾਈ ਘਨੱਈਆ ਜੀ ਨੇ ਹਉਮੈਂ-ਹੰਕਾਰ ਨੂੰ ਤਿਆਗ, ਮੇਰ-ਤੇਰ ਨੂੰ ਤਿਲਾਂਜਲੀ ਦਿੱਤੀ ਅਤੇ *ਸਭੁ ਕੋ ਮੀਤੁ ਹਮ ਆਪਨ ਕੀਨਾ ਦੀ* ਭਾਵਨਾ ਦੇ ਧਾਰਣੀ ਬਣੇ। ਕਲਗੀਧਰ ਦਸ਼ਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭਾਈ ਘਨੱਈਆ ਜੀ ਨੇ ਇਹ ਸੇਵਾ-ਸਿਮਰਨ ਨਿਰੰਤਰ ਜਾਰੀ ਰੱਖਿਆ। ਪਰ ਹੁਣ ਸੇਵਾ-ਸਿਮਰਨ ਦਾ ਖੇਤਰ ਕੇਵਲ ਗੁਰੂ-ਘਰ ਨਹੀਂ ਸੀ, ਸਗੋਂ

ਯੁੱਧ ਦੇ ਮੈਦਾਨ ਤੀਕ ਪਹੁੰਚ ਚੁੱਕਾ ਸੀ। ਯੁੱਧ ਦੇ ਮੈਦਾਨ ਵਿਚ ਦੋਸਤ-ਦੁਸ਼ਮਣ ਦੀ ਪਹਿਚਾਣ ਕਰ ਕੇ, ਸੇਵਾ ਨਹੀਂ ਕੀਤੀ ਜਾ ਸਕਦੀ ਤੇ ਨਾ ਹੀ ਦੋਸਤ-ਦੁਸ਼ਮਣ 'ਚ ਵਖਰੇਵਾਂ ਕਰਨ ਵਾਲਾ ਸੇਵਾ-ਸਿਮਰਨ ਕਰ ਸਕਦਾ ਹੈ। ਯੁੱਧ ਦੇ ਮੈਦਾਨ ਵਿਚ ਹਰ ਤਰ੍ਹਾਂ ਦੇ ਹਥਿਆਰਾਂ ਦੀ ਵਰਤੋਂ ਹੋ ਰਹੀ ਹੁੰਦੀ ਹੈ। ਤੀਰਾਂ, ਨੇਜਿਆਂ, ਭਾਲਿਆਂ, ਗੋਲੀਆਂ ਦੀ ਬੁਛਾੜ, ਕਿਸੇ ਸਮੇਂ, ਕਿਸੇ ਤਰਫ਼ੋਂ ਵੀ ਆ ਸਕਦੀ ਸੀ ਤੇ ਦੋਸਤ-ਦੁਸ਼ਮਣ ਦਾ ਵਿਤਕਰਾ ਕੀਤੇ ਬਿਨਾ ਕਿਸੇ ਨੂੰ ਜ਼ਖ਼ਮੀ ਕਰ ਜਾਂ ਜਾਨੋ ਮਾਰ ਸਕਦੀ ਹੈ। ਖਾਸ ਕਰਕੇ ਜਦ ਤੁਸੀਂ ਯੁੱਧ ਨਾ ਲੜ ਰਹੇ ਹੋਵੋ, ਦੁਸ਼ਮਣ ਨੂੰ ਵੀ ਤੁਹਾਡੇ ਤੋਂ ਭੈਅ ਨਾ ਹੋਵੇ ਤਾਂ ਇਹ ਖ਼ਤਰਾ ਹੋਰ ਵੀ ਵਧ ਜਾਂਦਾ ਹੈ। ਦੂਸਰਾ ਯੁੱਧ ਦੇ ਮੈਦਾਨ ਵਿਚ ਦੋਸਤਾਂ-ਦੁਸ਼ਮਣਾਂ ਦਾ ਵਖਰੇਵਾਂ ਕੀਤੇ ਬਿਨਾ ਜ਼ਖ਼ਮੀਆਂ ਨੂੰ ਜੀਵਨ ਦਾਨ ਦੇਣ ਵਾਲਾ, ਪਾਣੀ ਪਿਲਾਉਣਾ, ਮਲ੍ਹਮ-ਪੱਟੀ ਕਰਨੀ ਕਿਸੇ ਸੇਵਾ-ਸਿਮਰਨ 'ਚ ਲੀਨ ਸੂਰਮੇ ਦਾ ਹੀ ਕੰਮ ਹੈ। ਭਾਈ ਗੁਰਦਾਸ ਜੀ ਵੀ ਸਪਸ਼ਟ ਕਰਦੇ ਹਨ:

*ਗੁਰ ਸੇਵਾ ਪਰਧਾਨੁ ਸੇਵਕ ਸੂਰ ਹੈ।* *(ਵਾਰ ੩:੧੦)*

ਸੇਵਾ-ਸਿਮਰਨ ਅਤੇ ਸੂਰਬੀਰਤਾ ਦੇ ਸਿਰਤਾਜ ਭਾਈ ਘਨ੍ਹੱਈਆ ਜੀ ਜੋ ਫਿਰ ਅਨੋਖੀ ਵਿਲੱਖਣ ਕਰਤੱਵ ਕਰਦੇ ਘਨੱਈਆ ਰਾਮ ਤੋਂ ਭਾਈ ਘਨ੍ਹੱਈਆ ਜੀ ਦੀ ਉਪਾਧੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਪ੍ਰਾਪਤ ਕਰਦੇ ਹਨ।

ਭਾਈ ਘਨ੍ਹੱਈਆ ਜੀ ਨੇ ਇਹ ਸੇਵਾ-ਸਿਮਰਨ ਕਰ ਨਿਰਭਉ-ਨਿਰਵੈਰ ਦੇ ਆਦਰਸ਼ ਨੂੰ ਪ੍ਰਾਪਤ ਕੀਤਾ- ਜਿਨ੍ਹਾਂ ਨੂੰ ਹਰ ਸਿੱਖ ਸਿਜਦਾ ਕਰਦਾ ਹੈ। ਉਨ੍ਹਾਂ ਵੱਲੋਂ ਕੀਤੇ ਇਨ੍ਹਾਂ ਕਾਰਜਾਂ ਤੋਂ ਖ਼ੁਸ਼ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣਾ ਅੰਗ-ਬਸਤਰ ਰੁਮਾਲ ਭਾਈ ਸਾਹਿਬ ਜੀ ਨੂੰ ਸਦੀਵੀਂ ਸੁਗਾਤ ਵਜੋਂ ਬਖਸ਼ਿਸ਼ ਕਰਦੇ ਹਨ। ਭਾਈ ਘਨ੍ਹੱਈਆ ਜੀ ਦੋਸਤਾਂ-ਦੁਸ਼ਮਣਾਂ ਦੀ ਸੇਵਾ ਕਰ ਕੇ *ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ* ਦੇ ਅਲਾਹੀ ਸੰਦੇਸ਼ ਨੂੰ ਦ੍ਰਿੜ੍ਹ ਕਰਵਾਇਆ- ਭਾਈ ਘਨ੍ਹੱਈਆ ਜੀ ਨੇ! ਭਾਈ ਘਨ੍ਹੱਈਆ ਜੀ ਦੀ ਦਲੇਰੀ, ਦ੍ਰਿੜ੍ਹਤਾ, ਹਿੰਮਤ, ਸਤਿ-ਸੰਤੋਖ, ਸਾਹਸ, ਸ਼ਰਧਾ ਭਾਵਨਾ ਨੇ ਕਲਗੀਧਰ ਦਸ਼ਮੇਸ਼ ਪਿਤਾ ਦੀ ਖੁਸ਼ੀ ਪ੍ਰਾਪਤ ਕਰ ਲਈ। ਭਾਈ ਘਨ੍ਹੱਈਆ ਜੀ ਦੀ ਸੇਵਾ-ਸਿਮਰਨ ਭਾਵਨਾ ਨੂੰ ਸਦੀਵੀ ਸੁਖ-ਅਨੰਦ ਖੇੜੇ ਦੀ ਪ੍ਰਾਪਤੀ ਹੋ ਗਈ। ਕਲਗੀਧਰ ਪਿਤਾ ਨੇ ਇਨ੍ਹਾਂ ਨੂੰ ਸਿੱਖੀ ਦੀ ਪ੍ਰਚਾਰ ਸੇਵਾ ਬਖ਼ਸ਼ਿਸ਼ ਕਰ ਦਿੱਤੀ। ਭਾਈ ਘਨ੍ਹੱਈਆ ਜੀ ਤੋਂ ਸੇਵਾ-ਸਿਮਰਨ ਦੀ ਸੰਪਰਦਾ ਅਰੰਭ ਹੋਈ ਜੋ 'ਸੇਵਾ ਪੰਥੀ' ਦੇ ਨਾਂ 'ਤੇ ਅੱਜ ਵੀ ਸੰਸਾਰ ਵਿਚ ਪ੍ਰਸਿੱਧ ਹੈ। ਸੇਵਾ ਪੰਥੀਆਂ ਦਾ ਮੂਲ ਸਥਾਨ ਡੇਰਾ ਥਲ, ਸਿੰਧ ਸਾਗਰ ਦੋਆਬਾ ਵਿਚ ਹੈ। ਸਿੰਧ ਸਾਗਰ ਦੋਆਬਾ ਦੇ ਅੰਤਰਗਤ ੧੫੦ ਮਲ ਲੰਮਾਂ ਅਤੇ ੫੦ ਮੀਲ ਚੌੜਾ ਇਕ ਇਲਾਕਾ ਜਿਸ ਨੂੰ ਅਰੰਭ ਵਿਚ ਭਾਈ ਘਨ੍ਹੱਈਆ ਜੀ ਨੇ ਆਪਣੀ ਕਰਮ-ਭੂਮੀ ਬਣਾਇਆ। ਥਲ ਦਾ ਸੰਬੰਧ ਸੁੱਕੀ ਜ਼ਮੀਨ ਨਾਲ ਹੈ। ਪਾਣੀ ਦੀ ਘਾਟ

ਨੂੰ ਪੂਰਿਆਂ ਕਰਨਾ ਇਸ ਇਲਾਕੇ ਦੀ ਜ਼ਰੂਰਤ ਸੀ। ਪਾਣੀ ਪਿਲਾਉਣ ਦੀ ਸੇਵਾ ਦਾ ਅਰੰਭ ਇੱਥੋਂ ਹੀ ਹੋ ਸਕਦਾ ਹੈ।

'ਸੇਵਾ ਪੰਥੀ' ਧਰਮ ਦੀ ਕਿਰਤ ਕਰ ਕੇ ਨਿਰਬਾਹ ਕਰਦੇ ਹਨ- ਇਹ ਵਿਹਲੜ ਨਹੀਂ ਹਨ- *ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।* ਦੀ ਪ੍ਰਵਿਰਤੀ ਦੇ ਧਾਰਨੀ ਹਨ। ਵਹਿਮਾਂ-ਭਰਮਾਂ, ਪਾਖੰਡਾਂ ਤੋਂ ਦੂਰ ਸਤ-ਸੰਤੋਖ, ਸੰਜਮ ਦੇ ਧਾਰਣੀ ਹੋ ਸੇਵਾ-ਸਿਮਰਨ ਨੂੰ ਹਰ ਸਮੇਂ ਹਰ ਸਥਾਨ 'ਤੇ ਸਮਰਪਿਤ ਰਹਿੰਦੇ ਹਨ। ਸੇਵਾ ਦਾ ਖੇਤਰ ਭਾਵੇਂ ਸਿਹਤ ਸੇਵਾਵਾਂ, ਵਿੱਦਿਅਕ ਸੇਵਾਵਾਂ, ਹੱਥੀਂ ਸੇਵਾਵਾਂ ਆਦਿ ਹੋਵੇ, ਹੈਨ ਸਭ ਵਿਚ ਮੋਹਰੀ:

*ਸਬਦੁ ਵੀਚਾਰਿ ਗਹਹਿ ਗੁਰ ਸੇਵਾ॥*
*ਮਨਿ ਤਨਿ ਨਿਰਮਲ ਅਭਿਮਾਨ ਅਭੇਵਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੦੬)*

ਜਿਹੜੇ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਟਿਕਾ ਕੇ ਗੁਰੂ ਨੂੰ ਸਦ ਹਾਜ਼ਰ-ਨਾਜ਼ਰ ਜਾਣਦਿਆਂ-ਗੁਰੂ ਦੇ ਉਪਦੇਸ਼ ਅਨੁਸਾਰ ਸੇਵਾ ਸਿਮਰਨ ਮਾਰਗ ਦੇ ਪਾਂਧੀ ਬਣਦੇ ਹਨ- ਉਹ ਤਨ-ਮਨ ਤੋਂ ਨਿਰਮਲਤਾ-ਪਵਿੱਤਰਤਾ ਨੂੰ ਪ੍ਰਾਪਤ ਕਰ ਕੇ ਹਉਮੈਂ-ਹੰਕਾਰ ਤੋਂ ਮੁਕਤ ਹੋ ਜੀਵਨ-ਮੁਕਤ ਹੋ ਜਾਂਦੇ ਹਨ। ਗੁਰਬਾਣੀ ਵਿਚ ਸਤਿਗੁਰੂ ਜੀ ਸਪਸ਼ਟ ਕਰਦੇ ਹਨ ਕਿ ਜੇਕਰ ਤੂੰ ਸੇਵਾ ਸਿਮਰਨ ਕਰਨਾ ਲੋਚਦਾ ਹੈਂ ਤਾਂ ਆਪਣਾ ਤਨ-ਮਨ ਗੁਰੂ ਨੂੰ ਭੇਟ ਕਰ ਕੇ ਰਸਨਾ ਨਾਲ ਪਰਮਾਤਮਾ ਦੇ ਨਾਮ ਨੂੰ ਯਾਦ ਕਰ ਫਿਰ ਲੋਕ ਸੇਵਾ ਕਰ ਸਕੇਂਗਾ:

*ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੩)*

*ਗੁਰ ਸੇਵਾ ਤੇ ਸਭ ਕੁਲ ਉਧਾਰੇ* ਦੀ ਅਵਸਥਾ ਨੂੰ ਪ੍ਰਾਪਤ ਹੋਏ ਸੇਵਾ-ਸਿਮਰਨ ਦੇ ਸਿਰਤਾਜ— ਸੂਰਬੀਰ ਭਾਈ ਘਨ੍ਹੱਈਆ ਜੀ। *ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ* ਗੁਰੂ ਦੀ ਸ਼ਰਨ ਪਿਆਂ, ਸੇਵਾ ਕੀਤਿਆਂ ਸੰਸਾਰ ਸਮੁੰਦਰ ਤੋਂ ਬੇਦਾਗ ਰਹਿ ਕੇ ਪਾਰ ਹੋ ਜਾਈਦਾ ਹੈ। ਸਤਿਗੁਰੂ ਜੀ ਨੇ ਇਹ ਲਲਕਾਰ ਤੇ ਪੁਕਾਰ ਕੇ ਸਪਸ਼ਟ ਕੀਤਾ ਹੈ। ਸੇਵਾ-ਸਿਮਰਨ ਨੂੰ ਸਮਰਪਿਤ ਸ਼ਖ਼ਸੀਅਤਾਂ ਧਰਮ ਕਮਾਉਂਦੀਆਂ ਹਨ। ਧਰਮ ਨੂੰ ਧੰਦਾ ਨਹੀਂ ਬਣਾਉਂਦੀਆਂ। ਸੇਵਾ-ਸਿਮਰਨ ਸਮੇਂ ਤੋਂ ਸੁਤੰਤਰ ਹੋ ਮਿਣਤੀ-ਗਿਣਤੀ ਤੋਂ ਰਹਿਤ ਹੋ ਕੇ ਕੀਤਾ ਜਾ ਸਕਦਾ ਹੈ। ਗੁਰਮਤਿ ਵਿਚਾਰਧਾਰਾ ਦੇ ਮੂਲ ਸਿਧਾਂਤ ਅਨੁਸਾਰ ਜੋ ਮਨੁੱਖ ਧਰਮ ਦੀ ਕਿਰਤ ਨਹੀਂ ਕਰਦਾ, ਇਕ-ਕਰਤੇ-ਕਰਤਾਰ ਨਾਲ ਜੁੜ ਕੇ ਉਸ ਦੀ ਯਾਦ 'ਚ ਨਹੀਂ ਜੁੜਦਾ ਤੇ *ਆਪਿ ਜਪੈ ਅਵਰਹ ਨਾਮੁ ਜਪਾਵੈ* ਦਾ ਧਾਰਣੀ ਬਣ, ਵੰਡ ਕੇ ਨਹੀਂ ਛਕਦਾ ਉਹ ਤਾਂ 'ਨਾਨਕ ਨਿਰਮਲ ਪੰਥ' ਦਾ ਪਾਂਧੀ ਸਦਵਾਉਣ ਦਾ ਅਧਿਕਾਰੀ ਨਹੀਂ, ਕੋਈ ਵਿਹਲੜ, ਮੰਗ ਖਾਣਾ, ਪਖੰਡੀ-ਭੇਖਧਾਰੀ ਹੋ ਸਕਦਾ ਹੈ।

ਸੇਵਾ-ਸਿਮਰਨ ਕਰਨ ਵਾਲਾ ਸੂਰਬੀਰ ਬਚਨ ਦਾ ਬਲੀ ਸਮੇਂ ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਹੋ ਜਾਂਦਾ ਹੈ। ਉਸ ਵਾਸਤੇ ਸੇਵਾ-ਸਿਮਰਨ ਦਾ ਸਥਾਨ ਧਰਮ ਮੰਦਰ ਵੀ ਹੋ ਸਕਦਾ ਹੈ ਤੇ ਧਰਮ ਯੁੱਧ ਦਾ ਮੈਦਾਨ ਵੀ, ਇਸ ਤਰ੍ਹਾਂ ਹੀ ਉਸ ਵਾਸਤੇ ਸੇਵਾ ਸਿਮਰਨ ਦਾ ਸਮਾਂ ਅੰਮ੍ਰਿਤ ਵੇਲਾ ਜਾਂ ਸੰਧਿਆ ਦਾ ਸਮਾਂ ਹੀ ਨਹੀਂ ਹੁੰਦਾ, ਸਗੋਂ ਉਹ ਤਾਂ *ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ* ਦਾ ਧਾਰਨੀ ਹੋ ਸਮੇਂ ਤੋਂ ਸੁਤੰਤਰ ਹੋ ਸਮੇਂ ਨੂੰ ਵੀ ਆਪਣੇ 'ਚ ਕਾਬੂ ਕਰ ਲੈਂਦਾ ਹੈ। ਉਸ ਦਾ ਖਾਣ-ਪੀਣ, ਪਹਿਰਾਵਾ ਸਾਦਗੀ ਭਰਪੂਰ ਤੇ ਸੰਜਮੀ ਹੋਵੇਗਾ। ਉਹ *ਅਲਪ ਅਹਾਰ ਸੁਲਪ ਸੀ ਨਿੰਦ੍ਰਾ* ਦਾ ਧਾਰਨੀ ਵੀ ਹੋਵੇਗਾ। ਅਜਿਹੀ ਹੀ ਸ਼ਖ਼ਸੀਅਤ ਦੇ ਮਾਲਕ ਹਨ— ਭਾਈ ਘਨੱਈਆ ਜੀ।

੧੭੦੪ ਈ. ਵਿਚ ਕਲਗੀਧਰ ਪਿਤਾ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਹਮੇਸ਼ਾ ਵਾਸਤੇ ਛੱਡ ਦਿੱਤਾ ਤਾਂ ਉਨ੍ਹਾਂ ਭਾਈ ਘਨੱਈਆ ਜੀ ਨੂੰ ਆਪਣੇ ਡੇਰੇ ਪਿੰਡ ਕਵਾਹ ਵਿਚ ਜਾਣ ਦਾ ਆਦੇਸ਼ ਕੀਤਾ। ਸੇਵਾ-ਸਿਮਰਨ ਦੀ ਮੂਰਤ ਕਥਨੀ-ਕਰਨੀ ਦੇ ਸੂਰਮੇ ਭਾਈ ਘਨੱਈਆ ਜੀ ਅੰਤਮ ਸਵਾਸਾਂ ਤਕ ਗੁਰ-ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਹੋਏ ਕਵਾਹ ਵਿਖੇ ਹੀ ਅਕਾਲ ਪੁਰਖ 'ਚ ਅਭੇਦ ਹੋ ੧੭੧੮ ਈ. 'ਚ ਅਮਰ ਪਦਵੀ ਪ੍ਰਾਪਤ ਕਰ ਗਏ।

*ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ* ਦੇ ਪਾਵਨ ਕਥਨ ਅਨੁਸਾਰ ਕਲਗੀਧਰ ਪਿਤਾ ਨੇ ਭਾਈ ਸਾਹਿਬ ਨੂੰ ਸਿਰਪਾਉ ਦੀ ਬਖ਼ਸ਼ਿਸ ਕਰ ਆਪਣੇ ਚਰਨਾਂ 'ਚ ਅਭੇਦ ਕਰ, *ਰਾਮ ਸੇਵਕ ਭੈ ਰਹਤ ਕੀਨ* ਦੇ ਬਚਨ ਅਨੁਸਾਰ ਦੂਈ-ਦਵੈਸ, ਅਮੀਰ-ਗਰੀਬ, ਜਾਤ-ਪਾਤ ਦਾ ਪਾੜਾ ਪੂਰ ਇਕ ਨਾਲ ਇਕਮਿਕ ਕਰ ਲਿਆ। ਭਾਈ ਘਨੱਈਆ ਜੀ ਹਮੇਸ਼ਾ-ਹਮੇਸ਼ਾ ਵਾਸਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ 'ਚ ਲੀਨ ਹੋ ਗਏ। ਸੇਵਾ-ਸਿਮਰਨ ਦੇ ਫ਼ਲ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ:

*ਗੁਰ ਸੇਵਾ ਦਾ ਫਲੁ ਘਣਾ ਕਿਨਿ ਕੀਮਤਿ ਹੋਈ।* *(ਵਾਰ ੨੨:੨੦)*

## ਅੰਮ੍ਰਿਤ-ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

# ਪ੍ਰਿਥਮ ਭਗੌਤੀ ਸਿਮਰਿ ਕੈ...

*-ਸ. ਗੁਰਚਰਨਜੀਤ ਸਿੰਘ ਲਾਂਬਾ**

ਸਤਿਗੁਰੂ ਜੀ ਦੀ ਕਿਰਪਾ ਸਦਕਾ ਜਦੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਦਾ ਸੁਭਾਗ ਪ੍ਰਾਪਤ ਹੋਏ ਤਾਂ ਹਰਿਮੰਦਰ ਸਾਹਿਬ ਦੀ ਪੱਛਮੀ ਬਾਹੀ ਦੇ ਉੱਤੇ ਸੁਨਹਿਰੀ ਅੱਖਰਾਂ ਵਿਚ ਉੱਕਰੀ ਹੋਈ ਅਰਦਾਸ ਦੀ ਪਹਿਲੀ ਪਉੜੀ "ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ" ਦੇ ਦਰਸ਼ਨ ਹੁੰਦੇ ਹਨ। ਇਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ 'ਚੋਂ ਉਚਰੀ ਪਾਵਨ ਬਾਣੀ ਸਿੱਖ ਦੇ ਜੀਵਨ ਦਾ ਆਧਾਰ ਹੈ।

ਇਸ ਪਉੜੀ ਦੇ ਰਚਨਹਾਰ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ੁਦ ਹਨ। ਇਸ ਲਈ ਇਸ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਕ ਦਾ ਜ਼ਿਕਰ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਹੀਂ। ਅਰਦਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਬਾਅਦ ਵਿਚ ਗੁਰੂ-ਪੰਥ ਨੇ ਸ਼ਾਮਲ ਕੀਤਾ।

ਭਾਈ ਤਿਲੋਕਾ ਨਾਭੇ ਅਤੇ ਜੀਂਦ ਰਾਜ ਘਰਾਣੇ ਦਾ ਵਡੇਰਾ ਅਤੇ ਬਾਬਾ ਫੂਲ ਦਾ ਪੁੱਤਰ ਸੀ। ਇਸ ਨੇ ਆਪਣੇ ਛੋਟੇ ਭਾਈ ਰਾਮ ਸਿੰਘ ਦੇ ਨਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ ਵਿਚ ਸੰਮਤ ੧੭੬੩ ਨੂੰ ਸ੍ਰੀ ਦਮਦਮਾ ਸਾਹਿਬ ਅੰਮ੍ਰਿਤ-ਪਾਨ ਕੀਤਾ। ਸਤਿਗੁਰੂ ਜੀ ਨੇ ਇਸ ਸਮੇਂ ਇਸ ਦੀ ਸਿੱਖੀ ਤੋਂ ਪ੍ਰਸੰਨ ਹੋ ਕੇ ਇਕ ਸ੍ਰੀ ਸਾਹਿਬ ਅਤੇ ਹੁਕਮਨਾਮੇ ਦੀ ਬਖ਼ਸ਼ਿਸ਼ ਕੀਤੀ। ਇਸ ਸ੍ਰੀ ਸਾਹਿਬ 'ਤੇ ਇਕ ਪਾਸੇ ਅੰਕਿਤ ਹੈ - "ਸ੍ਰੀ ਭਗੌਤੀ ਜੀ ਸਹਾਇ ਗੁਰੂ ਗੋਬਿੰਦ ਸਿੰਘ ਪਾਤਸਾਹੀ ਦਸ" ਅਤੇ ਦੂਸਰੇ ਪਾਸੇ ਹੈ - "ਪਾਤਸਾਹੀ ਦਸ"। ਸੱਚੇ ਪਾਤਸ਼ਾਹ ਨੇ ਕਿਰਪਾਨ ਨੂੰ ਅਕਾਲ ਪੁਰਖ ਦਾ ਪ੍ਰਤੱਖ ਸਰੂਪ ਮੰਨ ਕੇ ਇਸ ਨੂੰ 'ਸ੍ਰੀ ਸਾਹਿਬ' ਵੀ ਕਿਹਾ, ਤਾਂ ਹੀ ਅਰਦਾਸ ਵਿਚ 'ਸ੍ਰੀ ਸਾਹਿਬ ਜੀ ਸਹਾਇ' ਦੀ ਯਾਚਨਾ ਕੀਤੀ ਜਾਂਦੀ ਹੈ। ਬਿਹਾਰੀ ਕਵੀ ਤਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਵੀ 'ਸ੍ਰੀ ਸਾਹਿਬ' ਕਹਿ ਕੇ ਮੁਖਾਤਬ ਹੁੰਦਾ ਹੈ:-

*ਚਾਦਰ ਮੈਲੀ ਸਾਬਣ ਥੋੜਾ, ਜਦ ਦੇਖਾਂ ਤਦ ਰੋਵਾਂ*
*ਬਹੁਤੇ ਦਾਗ ਲਗੇ ਤਨ ਮੇਰੇ, ਮੈਂ ਕਿਹੜਾ ਕਿਹੜਾ ਧੋਵਾਂ*
*ਦਾਗਾਂ ਦੀ ਕੋਈ ਕੀਮਤ ਨਾਹੀ, ਮੈਂ ਕਿਉਂ ਕਰ ਹੱਛੀ ਹੋਵਾਂ*
*ਸ੍ਰੀ ਸਾਹਿਬ ਮੈਨੰ ਦਰਸ਼ਨ ਦੇਵੋ, ਮੈਂ ਸੱਚੇ ਸਾਬਣ ਧੋਵਾਂ।*

ਸਿੱਖੀ ਭੇਖ ਵਿਚ ਪਹਿਲੀ ਵਾਰ ਅਰਦਾਸ ਵਿਚ "ਸ੍ਰੀ ਭਗਉਤੀ ਜੀ ਸਹਾਇ" ਤੋਂ ਮੁਨਕਰ ਹੋਣ ਵਾਲਾ ਬਾਬੂ ਤੇਜਾ ਸਿੰਘ ਭਸੌੜੀਆ ਸੀ। ਪੰਥ ਵੱਲੋਂ ਇਸ ਨੂੰ ਚਿਤਾਵਨੀ ਅਤੇ

* *New Jersey. U.S.A. Mo: +1 9736990950 Email: santsipahi@gmail.com*

ਮੌਕਾ ਦੇਣ ਦੇ ਬਾਵਜੂਦ ਇਹ ਗੁਰੂ ਨਿੰਦਾ ਤੋਂ ਨਾ ਟੱਲਿਆ। ਅਖ਼ੀਰ ੧੯੨੮ ਵਿਚ ਇਸ ਨੂੰ ਅਤੇ ਇਸ ਦੇ ਸਾਥੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਨਖਾਹੀਆ ਕਰਾਰ ਕੀਤਾ ਅਤੇ ਇਹ ਤਨਖਾਹੀਆ ਹੀ ਸੰਸਾਰ ਤੋਂ ਕੂਚ ਕਰ ਗਿਆ। ਅੱਜ ਵੀ ਕਈ ਲੋਕ ਇਹ ਗੁਰੂ ਨਿੰਦਾ ਕਰੀ ਜਾ ਰਹੇ ਹਨ।

ਹਰ ਸਿੱਖ, ਗ਼ੈਰ-ਸਿੱਖ ਇਤਿਹਾਸਕਾਰ ਅਤੇ ਗੁਰਮਤਿ ਦੇ ਲਿਖਾਰੀ ਨੇ "ਸ੍ਰੀ ਭਗੌਤੀ ਜੀ ਸਹਾਇ" ਨੂੰ ਗੁਰਬਾਣੀ ਲਿਖ ਕੇ ਵਿਆਖਿਆ ਕੀਤੀ ਹੈ। ਇਸ ਲਈ ਇਹ ਗੰਭੀਰ ਚਿੰਤਾ ਦਾ ਵਿਸ਼ਾ ਸੀ ਕਿ "ਸ੍ਰੀ ਭਗਉਤੀ ਜੀ ਸਹਾਇ" ਨੂੰ ਦੇਵੀ ਦੀ ਅਰਾਧਨਾ (ਅਰਦਾਸ) ਦੱਸਣ ਦਾ ਸ੍ਰੋਤ ਕੀ ਹੈ?

ਕਿਹਾ ਜਾਂਦਾ ਹੈ ਕਿ ਸਾਇੰਸਦਾਨ ਆਰਕਮਿਡਜ਼ ਨਿਰਵਸਤਰ ਨਹਾ ਰਿਹਾ ਸੀ ਕਿ ਅਚਾਨਕ ਉਸ ਨੇ ਮਹਿਸੂਸ ਕੀਤਾ ਕਿ ਉਸ ਦਾ ਵਜ਼ਨ ਘਟ ਲੱਗ ਰਿਹਾ ਹੈ। ਇਸ ਤੋਂ ਉਸ ਨੂੰ ਅਹਿਸਾਸ ਹੋਇਆ ਕਿ ਹਰ ਵਸਤੂ ਜਾਂ ਧਾਤੂ ਜਦੋਂ ਪਾਣੀ ਵਿਚ ਜਾਂਦੀ ਹੈ ਤਾਂ ਉਸ ਦਾ ਵਜ਼ਨ ਅਨੁਪਾਤ ਮੁਤਾਬਕ ਘਟ ਜਾਂਦਾ ਹੈ। ਇਸ ਤੋਂ ਉਸ ਨੂੰ ਬਿਨਾ ਤੋੜ-ਭੰਨ ਕੀਤੇ ਸੋਨੇ ਦੀ ਸ਼ੁੱਧਤਾ ਪਤਾ ਕਰਨ ਦਾ ਫਾਰਮੂਲਾ ਲੱਭ ਪਿਆ। ਉਹ ਉਸੇ ਤਰ੍ਹਾਂ ਹੀ ਉੱਠ ਕੇ ਯੂਨਾਨੀ ਲਫ਼ਜ਼!! (ਲੱਭ ਲਿਆ! ਲੱਭ ਲਿਆ!) ਪੁਕਾਰਦਾ ਰਾਜ ਦਰਬਾਰ ਵੱਲ ਦੌੜ ਪਿਆ।

ਹੁਣ "ਸ੍ਰੀ ਭਗਉਤੀ ਜੀ ਸਹਾਇ" ਗੁਰਬਾਣੀ ਦੀ ਨਿੰਦਾ ਦਾ ਸ੍ਰੋਤ ਵੀ ਲੱਭ ਪਿਆ ਹੈ। ਇਹ ਬਾਬੂ ਤੇਜਾ ਸਿੰਘ ਭਸੋੜੀਆ ਨਹੀਂ ਬਲਕਿ ਇਸ ਤੋਂ ਵੀ ਤਕਰੀਬਨ ੫੦ ਸਾਲ ਪਹਿਲਾਂ ਆਰਯਾ ਸਮਾਜ ਦਾ ਮੋਢੀ ਦਯਾ ਨੰਦ ਸੀ। ਉਸ ਨੇ ਆਪਣੀ ਕਿਤਾਬ 'ਸਤਯਾਰਥ ਪ੍ਰਕਾਸ਼' ਵਿਚ ਭਗੌਤੀ ਨੂੰ ਦੇਵੀ ਦੱਸ ਕੇ ਨਵੀਂ ਹੀ ਕਹਾਣੀ ਘੜੀ-

"इन में गोविन्दसिंह जी शूरवीर हुए। जो मुसलमानों ने उनके पुरुषाओं को बहुत सा दुःख दिया था। उन से वैर लेना चाहते थे परन्तु इन के पास कुछ सामग्री न थी और इधर मुसलमानों की बादशाही प्रज्वलित हो रही थी। इन्होंने एक पुरश्चरण करवाया। प्रसिद्धि की कि मुझ को देवी ने वर और खड्ग दिया है कि तुम मुसलमानों से लड़ो; तुम्हारा विजय होगा।"

"ਇਨ ਮੇਂ ਗੋਵਿੰਦ ਸਿੰਘ ਜੀ ਸ਼ੂਰਵੀਰ ਹੁਏ। ਜੋ ਮੁਸਲਮਾਨੋਂ ਨੇ ਉਨਕੇ ਪੁਰੁਸ਼ਾਓਂ ਕੋ ਬਹੁਤ ਸਾ ਦੁਖ ਦਿਯਾ ਥਾ। ਉਨ ਸੇ ਵੈਰ ਲੇਨਾ ਚਾਹਤੇ ਥੇ ਪਰੰਤੁ ਇਨ ਕੇ ਪਾਸ ਕੁਛ ਸਾਮਗ੍ਰੀ ਨ ਥੀ ਔਰ ਇਧਰ ਮੁਸਲਮਾਨੋਂ ਕੀ ਬਾਦਸ਼ਾਹੀ ਪ੍ਰਜ੍ਵਲਿਤ ਹੋ ਰਹੀ ਥੀ। ਇਨ੍ਹੋਂ ਨੇ ਏਕ ਪੁਰਸ਼ਚਰਣ ਕਰਵਾਯਾ। ਪ੍ਰਸਿੱਧੀ ਕੀ ਕਿ ਮੁਝ ਕੋ ਦੇਵੀ ਨੇ ਵਰ ਔਰ ਖੜਗ ਦਿਯਾ ਹੈ ਕਿ ਤੁਮ ਮੁਸਲਮਾਨੋਂ ਸੇ ਲੜੋ; ਤੁਮ੍ਹਾਰਾ ਵਿਜਯ ਹੋਗਾ।"

ਦਯਾਨੰਦ ਦੀ ਇਹ ਇਤਿਹਾਸ ਅਤੇ ਗੁਰਮਤਿ ਵਿਰੋਧੀ ਲਿਖਤ ਹੀ ਬਾਬੂ ਤੇਜਾ ਸਿੰਘ ਭਸੋੜੀਏ ਵੱਲੋਂ "ਸ੍ਰੀ ਭਗਉਤੀ ਜੀ ਸਹਾਇ" ਨੂੰ ਦੇਵੀ ਦੀ ਅਰਾਧਨਾ ਦੱਸਣ ਦਾ ਆਧਾਰ ਹੈ। ***ਬਾਕੀ ਪੰਨਾ ੪੩ 'ਤੇ***

*ਸਤੰਬਰ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ:*

# ਭਾਈ ਜੀਵਨ ਸਿੰਘ ਜੀ

(੦੨ ਸਤੰਬਰ ਨੂੰ ਜਨਮ ਦਿਹਾੜਾ)

*-ਡਾ. ਗੁਰਪ੍ਰੀਤ ਸਿੰਘ**

ਭਾਈ ਜੀਵਨ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਿਦਕੀ ਸਿੱਖ ਸਨ। ਇਨ੍ਹਾਂ ਦੇ ਵੱਡੇ ਵਡੇਰੇ ਭਾਈ ਕਲਿਆਣਾ ਜੀ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਦੇ ਸਿੱਖ ਸਨ।[੧] ਭਾਈ ਕਲਿਆਣਾ ਜੀ ਪਹਿਲਾਂ ਗੱਗੋਮਾਹਲ ਤੇ ਫਿਰ ਰਮਦਾਸ ਪਿੰਡ ਆਣ ਵੱਸੇ ਸਨ।[੨] ਭਾਈ ਕਲਿਆਣਾ ਜੀ ਦਾ ਪੁੱਤਰ ਜੱਸ ਹੋਇਆ। ਜੱਸ ਦਾ ਪੁੱਤਰ ਸੁੱਖ ਭਾਨ ਸੀ। ਸੁੱਖ ਭਾਨ ਦੇ ਅੱਗਿਉਂ ਦੋ ਪੁੱਤਰ ਆਗਿਆ ਰਾਮ ਤੇ ਸਦਾ ਨੰਦ ਜੀ ਹੋਏ। ਬਾਬਾ ਸਦਾ ਨੰਦ ਜੀ ਸੰਗੀਤ ਦੇ ਬਹੁਤ ਵੱਡੇ ਵਿਦਵਾਨ ਸਨ। ਉਨ੍ਹਾਂ ਦੀ ਸੰਗੀਤਕ ਕਲਾ ਵੇਖ ਕੇ 'ਕੋਯਲ ਦੇਸ' (ਅਲੀਗੜ੍ਹ) ਤੋਂ ਆ ਕੇ ਰਕਾਬ ਗੰਜ ਵੱਸੇ ਪੰਡਿਤ ਸ਼ਿਵ ਨਾਰਾਇਣ ਨੇ ਆਪਣੀ ਲੜਕੀ ਬੀਬੀ ਲਾਜਵੰਤੀ (ਪ੍ਰੇਮੋਂ) ਦਾ ਰਿਸ਼ਤਾ ਬਾਬਾ ਸਦਾ ਨੰਦ ਨਾਲ ਕਰ ਦਿੱਤਾ ਸੀ।[੩]

ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਜਨਮ ਭਾਈ ਸਦਾ ਨੰਦ ਜੀ ਦੇ ਘਰ ਬੀਬੀ ਲਾਜਵੰਤੀ ਦੀ ਕੁੱਖੋਂ ੨ ਸਤੰਬਰ, ੧੬੬੧ ਈ. ਨੂੰ ਪਟਨਾ ਸਾਹਿਬ ਵਿਖੇ ਹੋਇਆ ਸੀ।[੪] ਭਾਈ ਜੀਵਨ ਸਿੰਘ ਜੀ ਦਾ ਬਚਪਨ ਗੁਰੂ-ਘਰ ਵਿਚ ਹੀ ਗੁਜ਼ਰਿਆ। ਜਦ ਜਵਾਨ ਹੋਏ ਤਾਂ ਦਿੱਲੀ ਆਪਣੇ ਪਿਤਾ ਕੋਲ ਆਏ ਪਰ ਮਾਤਾ ਜੀ ਸ੍ਰੀ ਅਨੰਦਪੁਰ ਸਾਹਿਬ ਹੀ ਟਿਕੇ ਰਹੇ। ਬਚਪਨ ਤੋਂ ਹੀ ਜੀਵਨ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੀ ਸ਼ਸਤਰ ਤੇ ਸ਼ਾਸਤਰ ਵਿੱਦਿਆ ਹਾਸਿਲ ਕੀਤੀ ਸੀ। ੧੧ ਨਵੰਬਰ, ੧੬੭੫ ਈ. ਨੂੰ ਜਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ ਤਾਂ ਗੁਰੂ ਜੀ ਦਾ ਸੀਸ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਭਾਈ ਜੈਤਾ ਜੀ ਹੀ ਲੈ ਕੇ ਆਏ ਸਨ। ਗੁਰੂ ਜੀ ਨੇ ਇਨ੍ਹਾਂ ਨੂੰ 'ਗੁਰੂ ਦਾ ਬੇਟਾ' ਆਖ ਕੇ ਨਿਵਾਜਿਆ ਸੀ। ਭਾਈ ਜੀਵਨ ਸਿੰਘ ਜੀ ਦੀ ਮਾਤਾ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਪੁੱਤਰ ਦੀ ਸ਼ਾਦੀ ਕਰਨੀ ਹੈ ਤਾਂ ਗੁਰੂ ਜੀ ਨੇ ਭਾਈ ਜੈਤਾ ਜੀ ਦੀ ਸ਼ਾਦੀ ਦਾ ਪ੍ਰਸਤਾਵ ਸੰਗਤ ਵਿਚ ਰੱਖਿਆ। ਭਾਈ ਖ਼ਜਾਨ ਸਿੰਘ ਰਿਆੜ ਪੱਟੀ ਵਾਸੀ ਨੇ ਆਪਣੀ ਸਪੁੱਤਰੀ ਰਾਜ ਕੁਮਾਰੀ ਦਾ ਰਿਸ਼ਤਾ ਭਾਈ ਜੈਤਾ ਜੀ ਨਾਲ ਕਰ ਦਿੱਤਾ।[੫] ਜਦ ਖ਼ਾਲਸਾ ਪ੍ਰਗਟ ਕੀਤਾ ਗਿਆ ਤਾਂ ਆਪ ਜੀ ਅੰਮ੍ਰਿਤ ਛਕ ਕੇ ਭਾਈ ਜੈਤਾ ਤੋਂ ਭਾਈ ਜੀਵਨ ਸਿੰਘ ਬਣ ਗਏ ਸਨ।

---

** ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ. ੮੭੨੫੦-੧੫੧੬੩*

੫-੬ ਦਸੰਬਰ, ੧੭੦੫ ਈ. ਦੀ ਰਾਤ ਨੂੰ ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਜੀਵਨ ਸਿੰਘ ਜੀ ਵੀ ਉਨ੍ਹਾਂ ੪੦ ਸਿੱਖਾਂ ਵਿੱਚੋਂ ਇਕ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿਣ ਦਾ ਫੈਸਲਾ ਕੀਤਾ ਸੀ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਭਾਈ ਜੀਵਨ ਸਿੰਘ ਜੀ ਨੂੰ ਸਰਸਾ ਨਦੀ ਨੇੜੇ ਝੱਖੀਆਂ ਪਿੰਡ ਦੀ ਜੂਹ ਵਿਚ ਮੋਰਚੇ ਲਾਉਣ ਵਾਸਤੇ ੧੦੦ ਸਿੰਘਾਂ ਦੇ ਜਥੇ ਨਾਲ ਰੋਕਿਆ, ਇੱਥੇ ਬਹੁਤ ਹੀ ਜਬਰਦਸਤ ਜੰਗ ਹੋਈ। ਭਾਈ ਜੀਵਨ ਸਿੰਘ ਜੀ ਦੇ ਮੱਥੇ ਵਿਚ ਅਚਾਨਕ ਇਕ ਗੋਲੀ ਵੱਜੀ ਤੇ ਉਹ ਸ਼ਹੀਦੀ ਜਾਮ ਪੀ ਗਏ।[੬] 'ਭੱਟ ਵਹੀਆਂ' ਤੋਂ ਪਤਾ ਲਗਦਾ ਹੈ ਕਿ ਆਪ ਜੀ ੧੦ ਘੜੀਆਂ, ਯਾਨਿ ੨੪੦ ਮਿੰਟ (੪ ਘੰਟੇ) ਜੂਝਦੇ ਰਹੇ ਸਨ।

ਕੁਝ ਇਤਿਹਾਸਕਾਰਾਂ ਅਨੁਸਾਰ ਬਾਬਾ ਜੀਵਨ ਸਿੰਘ ਜੀ ਚਮਕੌਰ ਦੀ ਗੜੀ ਵਿੱਚੋਂ ਗੁਰੂ ਜੀ ਦੇ ਜਾਣ ਤੋਂ ਬਾਅਦ ਸ਼ਹੀਦ ਹੋਏ ਸਨ। ਉਨ੍ਹਾਂ ਦਾ ਸ਼ਹੀਦੀ ਅਸਥਾਨ ਚਮਕੌਰ ਸਾਹਿਬ ਵਿਖੇ ਬਣਿਆ ਹੋਇਆ ਹੈ।[੭] ਭਾਈ ਜੀਵਨ ਸਿੰਘ ਜੀ ਬਹੁਤ ਵੱਡੇ ਵਿਦਵਾਨ ਤੇ ਕਵੀ ਵੀ ਸਨ। ਉਨ੍ਹਾਂ ਦਾ ਲਿਖਿਆ ਇਕ ਸਵੱਈਆ ਇੰਞ ਹੈ :

*ਗੋਬਿੰਦ ਗੁਰੂ ਸਮ ਅਵਤਾਰ ਨਹ,*
*ਚਹੁੰ ਜੁਗਨ ਮਹਿ ਹਰਿ ਜੁ ਪ੍ਰਗਟਾਈ।*
*ਜਿਨ ਤ੍ਰਿਣ ਆਗਾਸ ਕੀਏ ਖਿਨ ਮਾਹਿ,*
*ਆਗਾਸ ਦੀਏ ਜਿਨ ਧਰਨ ਲਗਾਈ।*
*ਜਿਨ ਨੀਚਹੁੰ ਊਚ ਕੀਏ ਛਿੰਨ ਮਾਹਿ,*
*ਫਨ ਊਚ ਔ ਨੀਚ ਨ ਰਹਯੋ ਕਿਥਾਈ।*
*ਜਿਨ ਦੀਨਨ ਕਾ ਅਤਿ ਹੇਤ ਕੀਆ,*
*ਔ ਦੁਸ਼ਟਨ ਕਉ ਜਿਨ ਖੇਤ ਰਹਾਈ।*[੮]

ਭਾਈ ਜੀਵਨ ਸਿੰਘ ਜੀ ਮਹਾਨ ਵਿਦਵਾਨ, ਕਵੀ, ਸੂਰਮੇ ਤੇ ਸ਼ਹੀਦ ਸਿੰਘ ਹੋਏ ਹਨ।

**ਹਵਾਲੇ :**

**੧.** ਨਿਸ਼ਾਨ ਸਿੰਘ ਗੰਡੀਵਿੰਡ, *ਸ਼ਹੀਦ ਬਾਬਾ ਜੀਵਨ ਸਿੰਘ*, ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, ੨੦੦੮, ਪੰਨਾ ੧੮.
**੨.** *ਉਹੀ*, ਪੰਨਾ ੧੯.
**੩.** ਨਿਰੰਜਨ ਆਰਿਫੀ, *ਭਾਈ ਜੈਤਾ ਜੀ*, ਮੰਗਲ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, ੧੯੯੫, ਪੰਨਾ ੧੨.
**੪.** ਨਿਸ਼ਾਨ ਸਿੰਘ ਗੰਡੀਵਿੰਡ, *ਉਪਰੋਕਤ*, ਪੰਨਾ ੨੩.
**੫.** ਨਿਸ਼ਾਨ ਸਿੰਘ ਗੰਡੀਵਿੰਡ, *ਉਪਰੋਕਤ*, ਪੰਨਾ ੮੧.
**੬.** ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਪੰਨਾ ੧੫੪.
**੭.** ਰਣਜੀਤ ਸਿੰਘ ਰਾਣਾ, *ਹਜ਼ੂਰੀ ਸ਼ਹੀਦ*, ਪੰਨਾ ੨੮.
**੮.** *ਉਹੀ*, ਪੰਨਾ ੨੮-੨੯

# ਮਹਾਰਾਜਾ ਦਲੀਪ ਸਿੰਘ

(੦੬ ਸਤੰਬਰ ਨੂੰ ਜਨਮ ਦਿਹਾੜਾ)

ਦਲੀਪ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਸਨ, ਜਿਨ੍ਹਾਂ ਦਾ ਜਨਮ ੬ ਸਤੰਬਰ, ੧੮੩੮ ਈ. ਨੂੰ ਮਹਾਰਾਣੀ ਜਿੰਦਾਂ ਦੀ ਕੁੱਖੋਂ ਲਾਹੌਰ ਵਿਖੇ ਹੋਇਆ। ਮਹਾਰਾਜਾ ਸ਼ੇਰ ਸਿੰਘ ਦੇ ਦੇਹਾਂਤ ਉਪਰੰਤ ੧੮ ਸਤੰਬਰ, ੧੮੪੩ ਈ. ਨੂੰ ਨਾਬਾਲਗ ਅਵਸਥਾ ਵਿਚ ਦਲੀਪ ਸਿੰਘ ਨੂੰ ਗੱਦੀ ਉੱਤੇ ਬਿਠਾਇਆ ਗਿਆ।[੧] ਲਾਹੌਰ ਦਰਬਾਰ ਦੇ ਧੋਖੇਬਾਜ਼ ਦਰਬਾਰੀਆਂ ਨੂੰ ਅੰਗਰੇਜ਼ਾਂ ਵਿਰੁੱਧ ਸਿੱਖ ਫ਼ੌਜਾਂ ਨੂੰ ਚੁੱਕ ਕੇ ਜੰਗ ਕਰਵਾਈ। ਅੰਤ ਹਾਰ ਕੇ ੯ ਮਾਰਚ, ੧੮੪੬ ਈ. ਨੂੰ ਅੰਗਰੇਜ਼ਾਂ ਨਾਲ ਸੰਧੀ ਹੋਈ। ਇਸ ਤੋਂ ਬਾਅਦ ਫਿਰ ੨੨ ਨਵੰਬਰ, ੧੮੪੮ ਅਤੇ ੨੧ ਫਰਵਰੀ, ੧੮੪੯ ਈ. ਨੂੰ ਸਿੱਖ ਫ਼ੌਜਾਂ ਅੰਗਰੇਜ਼ਾਂ ਕੋਲੋਂ ਸਾਜ਼ਿਸ਼ ਤਹਿਤ ਹਾਰ ਗਈਆਂ। ਆਖ਼ਰ ੨੯ ਮਾਰਚ, ੧੮੪੯ ਈ. ਨੂੰ ਪੰਜਾਬ 'ਤੇ ਕਬਜ਼ਾ ਕਰ ਕੇ ਮਹਾਰਾਜਾ ਦਲੀਪ ਸਿੰਘ ਨੂੰ ਡਾ. ਜਾਨ ਲੋਗਨ ਦੀ ਨਿਗਰਾਨੀ ਹੇਠ ਫਤਹਿਗੜ੍ਹ (ਉੱਤਰ ਪ੍ਰਦੇਸ਼) ਭੇਜ ਦਿੱਤਾ।[੨]

੮ ਮਾਰਚ, ੧੮੫੩ ਈ. ਨੂੰ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾ ਦਿੱਤਾ ਗਿਆ। ੧੯ ਅਪ੍ਰੈਲ, ੧੮੫੪ ਈ. ਨੂੰ ਸਦਾ ਲਈ ਇੰਗਲੈਂਡ ਭੇਜ ਦਿੱਤਾ। ਇਹ ਜਨਵਰੀ ੧੮੬੧ ਈ. ਵਿਚ ੧੩ ਸਾਲ ਬਾਅਦ ਆਪਣੀ ਮਾਂ ਮਹਾਰਾਣੀ ਜਿੰਦਾਂ ਨੂੰ ਕਲਕੱਤੇ ਮਿਲੇ। ਦੋ ਸਾਲਾਂ ਬਾਅਦ ਮਹਾਰਾਣੀ ਜਿੰਦਾਂ ਦਾ ਦੇਹਾਂਤ ਹੋ ਗਿਆ। ੧੮੬੪ ਈ. ਵਿਚ ਮਹਾਰਾਜਾ ਆਪਣੀ ਮਾਂ ਦੇ ਫੁੱਲ ਪਾਉਣ ਭਾਰਤ ਆਇਆ ਪਰ ਪੰਜਾਬ ਵਿਚ ਵੜਨ ਨਾ ਦਿੱਤਾ ਗਿਆ। ਸ. ਠਾਕੁਰ ਸਿੰਘ ਸੰਧਾਵਾਲੀਆ ਮਹਾਰਾਜੇ ਕੋਲ ਇੰਗਲੈਂਡ ਗਿਆ ਤੇ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ। ੨੫ ਮਈ, ੧੮੮੬ ਈ. ਨੂੰ ਮਹਾਰਾਜਾ ਦਲੀਪ ਸਿੰਘ ਨੇ ਅੰਮ੍ਰਿਤ ਛਕਿਆ। ਇਸ ਤੋਂ ਬਾਅਦ ਸਿੱਖ ਰਾਜ ਦੀ ਮੁੜ ਕਾਇਮੀ ਲਈ ਕਦੀ ਪੈਰਿਸ ਤੇ ਕਦੀ ਰੂਸ ਬਹੁਤ ਸਾਰੇ ਯਤਨ ਕਰਨ ਲੱਗਾ। ਮਹਾਰਾਜੇ ਦਾ ਪਹਿਲਾ ਵਿਆਹ ੭ ਜੂਨ, ੧੮੬੪ ਈ. ਨੂੰ ਮਿਸ ਬੰਬਾ ਮੂਲਰ ਨਾਲ ਹੋਇਆ। ਜਿਸ ਤੋਂ ਤਿੰਨ ਪੁੱਤਰ ਤੇ ਤਿੰਨ ਧੀਆਂ ਸਨ। ਬੰਬਾ ਮੂਲਰ ਦੀ ੧੮੯੦ ਈ. ਵਿਚ ਮੌਤ ਹੋ ਗਈ।[੩] ਮਹਾਰਾਜਾ ਦਲੀਪ ਸਿੰਘ ਦੀਆਂ ਅੰਗਰੇਜ਼-ਵਿਰੋਧੀ ਕਾਰਵਾਈਆਂ ਕਾਰਨ ਇਸ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ। ਆਖ਼ਰ ਬਹੁਤ ਆਰਥਿਕ ਔਕੜਾਂ ਵਿਚ ਇਹ ਮਹਾਰਾਜਾ ੨੨ ਅਕਤੂਬਰ, ੧੮੯੩ ਈ. ਨੂੰ ਪੈਰਿਸ ਦੇ ਗ੍ਰੈਂਡ ਹੋਟਲ ਦੇ ਇਕ ਕਮਰੇ ਵਿਚ ਅਕਾਲ ਚਲਾਣਾ ਕਰ ਗਿਆ।[੪] ਇਸ ਤਰ੍ਹਾਂ ਸਿੱਖ ਰਾਜ ਦਾ ਆਖ਼ਰੀ ਮਹਾਰਾਜਾ ਸਦਾ ਲਈ ਸਿੱਖ ਕੌਮ ਤੋਂ ਵਿਛੜ ਗਿਆ।

**ਹਵਾਲੇ :**

**੧.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਪੰਨਾ ੯੫੬.

**੨.** *ਉਹੀ।*

**੩.** *ਉਹੀ।*

**੪.** *ਉਹੀ,* ਪੰਨਾ ੯੫੭.

# ਸੂਰਜ ਵਾਂਗ ਚਮਕਦਾ ਰਹੇਗਾ ਮਨੁੱਖੀ ਹੱਕਾਂ ਦਾ ਪਹਿਰੇਦਾਰ: ਸ਼ਹੀਦ ਸ. ਜਸਵੰਤ ਸਿੰਘ ਖਾਲੜਾ

*-ਸ. ਅਵਤਾਰ ਸਿੰਘ ਆਨੰਦ**

"ਪਰਮਜੀਤ! ..ਤੂੰ ਮੇਰੇ ਮਗਰੋਂ ਬੱਚਿਆਂ ਨੂੰ ਪੜ੍ਹਾ ਲਵੇਂਗੀ?"

"ਕਿਉਂ!.. ਤੁਸੀ ਅੱਜ ਇਸ ਤਰ੍ਹਾਂ ਇਹ ਸਵਾਲ ਕਿਉ ਕਰ ਰਹੇ ਹੋ?"

ਬਸ ਉਂਝ ਹੀ, (ਕੁਝ ਚਿਰ ਚੁੱਪ ਰਹਿਣ ਮਗਰੋਂ)....ਪਰਮਜੀਤ! ਮੈਨੂੰ ਲੱਗਦਾ ਏ ਕਿ ਦੁਸ਼ਮਣ ਤਕੜਾ ਏ, ਮੈਨੂੰ ਛੱਡੇਗਾ ਨਹੀਂ।"

ਸ. ਜਸਵੰਤ ਸਿੰਘ ਖਾਲੜਾ ਦੀ ਉਪਰੋਕਤ ਆਖਰੀ ਵਾਰਤਾਲਾਪ ਘਰੋਂ ਡਿਊਟੀ 'ਤੇ ਜਾਣ ਲੱਗੀ ਆਪਣੀ ਪਤਨੀ ਬੀਬੀ ਪਰਮਜੀਤ ਕੌਰ ਨਾਲ ਹੋਈ।

ਬੀਬੀ ਪਰਮਜੀਤ ਕੌਰ ਖਾਲੜਾ ਉਸੇ ਦਿਨ ਡਿਊਟੀ 'ਤੇ ਚਲੇ ਜਾਂਦੇ ਹਨ। ਮਗਰੋਂ ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਸਾਹਮਣੇ ਕਬੀਰ ਪਾਰਕ ਵਾਲੇ ਘਰ ਵਿਚ ਆਪਣੀ ਕਾਰ ਧੋ ਰਹੇ ਸ. ਜਸਵੰਤ ਸਿੰਘ ਖਾਲੜਾ ਨੂੰ ਇਕ ਸਰਕਾਰੀ ਗੱਡੀ 'ਚ ਆਏ ਕੁਝ ਪੁਲਿਸ ਅਧਿਕਾਰੀ ਜ਼ਬਰਦਸਤੀ ਧੱਕੇ ਨਾਲ ਚੁੱਕ ਕੇ ਲੈ ਜਾਂਦੇ ਹਨ। ਸ. ਜਸਵੰਤ ਸਿੰਘ ਖਾਲੜਾ ਨਾਲ ਫਿਰ ਕੀ ਕਹਿਰ ਵਰਤਿਆ; ਇਹ ਅੱਗੇ ਜਾ ਕੇ ਦੱਸਾਂਗੇ, ਪਰ ਉਸ ਤੋਂ ਪਹਿਲਾਂ ਇਹ ਦੱਸਣਾ ਬਣਦਾ ਹੈ ਕਿ …ਭਾਰਤ ਦੇਸ਼ ਦੇ ਸੰਵਿਧਾਨ ਵਿਚ ਦਰਜ ਹੈ ਕਿ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨੀ ਸਰਕਾਰਾਂ ਦਾ ਫ਼ਰਜ਼ ਬਣਦਾ ਹੈ। ਜਦੋਂ ਜਦੋਂ ਵੀ ਸਰਕਾਰਾਂ ਨੇ ਲਾਪਰਵਾਹੀ ਵਰਤੀ ਓਦੋਂ ਹੀ ਮਨੁੱਖੀ ਅਧਿਕਾਰਾਂ ਦਾ ਘਾਣ ਹੋਇਆ। ਜਿਸ ਤਰ੍ਹਾਂ ਕਸ਼ਮੀਰ ਵਾਦੀ ਵਿਚ ਹੋਇਆ...। ਕੋਈ ਡਰਦਾ ਹੋਇਆ ਗੱਲ ਹੀ ਨਹੀਂ ਕਰ ਰਿਹਾ। ਜਿਸ ਤਰੀਕੇ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਸ਼ਮੀਰ ਵਿਚ ਹੋਈ ਇਸ ਤਰ੍ਹਾਂ ਦਾ ਸਾਹਮਣਾ ਕਦੀ ਪੰਜਾਬ ਨੇ ਵੀ ਕੀਤਾ ਸੀ। ਮਨੁੱਖੀ ਅਧਿਕਾਰਾਂ ਦੇ ਨਾਲ ਜਿਸ ਤਰ੍ਹਾਂ ਖਿਲਵਾੜ ਪੰਜਾਬ ਦੀ ਧਰਤੀ ਉੱਤੇ ਹੋਇਆ ਉਹ ਬਹੁਤ ਹੀ ਦੁਖਦਾਇਕ ਸਮਾਂ ਸੀ।

੧੯੯੦ ਈ. ਤੋਂ ਬਾਅਦ ਪੰਜਾਬ ਵਿਚ ਖਾੜਕੂ ਲਹਿਰ ਨੂੰ ਦਬਾਉਣ ਲਈ ਪੰਜਾਬ ਪੁਲਿਸ ਨੇ ਬਿਨਾਂ ਜਾਂਚ-ਪਰਖ ਦੇ ਜਿਸ ਤਰ੍ਹਾਂ ਗ਼ਲਤ ਕਾਰਵਾਈਆਂ ਅਤੇ ਝੂਠੇ ਪੁਲਿਸ ਮੁਕਾਬਲੇ ਕਰ ਕੇ ਬੇਕਸੂਰ ਲੋਕਾਂ ਨੂੰ ਲਾਸ਼ਾਂ 'ਚ ਤਬਦੀਲ ਕੀਤਾ ਇਸ ਤਰ੍ਹਾਂ ਦੀ ਮਿਸਾਲ ਧਰਤੀ ਦੇ ਇਤਿਹਾਸ 'ਤੇ ਕਿਤੇ ਨਹੀਂ ਮਿਲਦੀ।

ਜਦੋਂ ਪੰਜਾਬ ਅਣਗਿਣਤ ਨੌਜਵਾਨਾਂ ਦੀਆਂ ਲਾਸ਼ਾਂ ਵਿਚ ਤਬਦੀਲ ਹੋ ਰਿਹਾ

** ਪਿੰਡ ਹੁਸ਼ਿਆਰ ਨਗਰ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ-੧੪੩੧੦੨; ਮੋ. ੯੮੭੭੦-੯੨੫੦੫*

ਸੀ ਤਾਂ ਓਸ ਸਮੇਂ ਹਾਅ ਦਾ ਨਾਅਰਾ ਮਾਰਿਆ ਸੀ ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਨੇ। ਸ. ਜਸਵੰਤ ਸਿੰਘ ਖਾਲੜਾ ਨੂੰ ਮੈਂ ਓਦੋਂ ਪਹਿਲੀ ਵਾਰ ਵੇਖਿਆ ਸੀ ਜਦੋਂ ਉਹ ਮੰਡੀ ਵਿਚ ਪੱਲੇਦਾਰਾਂ ਦੇ ਹੱਕ ਵਿਚ ਖੜੇ ਸਨ। ਉਨ੍ਹਾਂ ਦਾ ਗੱਲ ਕਰਨ ਦਾ ਅੰਦਾਜ਼ ਆਲਾ-ਨਿਰਾਲਾ ਸੀ।

ਸ. ਜਸਵੰਤ ਸਿੰਘ ਖਾਲੜਾ ਦੇ ਦਿਲ ਵਿਚ ਬੇਗਾਨੇ ਇਨਸਾਨ ਲਈ ਬਹੁਤ ਦਰਦ ਸੀ। ਪਿਤਾ ਸ. ਕਰਤਾਰ ਸਿੰਘ ਅਤੇ ਮਾਤਾ ਮੁਖਤਿਆਰ ਕੌਰ ਦੇ ਘਰ ਮਾਰਚ ੧੯੫੧ ਈ. ਨੂੰ ਖਾਲੜਾ ਕਸਬੇ 'ਚ ਜਨਮਿਆ ਜਸਵੰਤ ਸਿੰਘ ਇੱਕ ਅਣਖੀਲਾ ਨਿਡਰ ਜਰਨੈਲ ਸੀ।

ਸ. ਜਸਵੰਤ ਸਿੰਘ ਖਾਲੜਾ ਨੇ ੧੯੬੯ ਈ. ਵਿਚ ਦਸਵੀਂ ਪਾਸ ਕਰਨ ਤੋਂ ਬਾਅਦ ਬੀੜ ਬਾਬਾ ਬੁੱਢਾ ਸਾਹਿਬ ਕਾਲਜ ਵਿਚ ਦਾਖ਼ਲਾ ਲਿਆ। ਉਨ੍ਹਾਂ ਨੇ ੧੯੭੩ ਈ. ਵਿਚ ਕਾਲਜ ਦੀ ਪੜ੍ਹਾਈ ਪੂਰੀ ਕੀਤੀ ਤੇ ੧੯੭੪ ਈ. ਵਿਚ ਸਰਕਾਰੀ ਨੌਕਰੀ ਮਿਲ ਗਈ। ਆਪ ਪੰਚਾਇਤ ਸੈਕਟਰੀ ਬਣ ਗਏ। ਅਗਸਤ ੧੯੮੧ ਈ. ਵਿਚ ਸ. ਜਸਵੰਤ ਸਿੰਘ ਖਾਲੜਾ ਦਾ ਵਿਆਹ ਬੀਬੀ ਪਰਮਜੀਤ ਕੌਰ ਨਾਲ ਹੋਇਆ।

੧੯੮੭ ਈ. ਵਿਚ ਤਕਰੀਬਨ ਤੇਰ੍ਹਾਂ ਸਾਲ ਨੌਕਰੀ ਕਰਨ ਤੋਂ ਬਾਅਦ ਆਪ ਨੇ ਪੰਜਾਬ ਵਿਚ ਹੋ ਰਹੀਆਂ ਸਰਕਾਰੀ ਵਧੀਕੀਆਂ ਦੇ ਵਿਰੋਧ 'ਚ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਸਰਕਾਰ ਪਹਿਲਾਂ ਤਾਂ ਅਸਤੀਫਾ ਮਨਜ਼ੂਰ ਨਾ ਕਰੇ ਕਿ ਅਸਤੀਫ਼ਾ ਠੀਕ ਨਹੀਂ ਲਿਖਿਆ, ਸੋਧ ਕੇ ਭੇਜੋ। ਤਕਰੀਬਨ ਤਿੰਨ ਸਾਲ ਬਾਅਦ ਅਸਤੀਫਾ ਪ੍ਰਵਾਨ ਕੀਤਾ ਗਿਆ। ਅਸਤੀਫ਼ਾ ਪ੍ਰਵਾਨ ਕਰਨ ਦਾ ਕਾਰਨ ਅਸਲ ਵਿਚ ਸ. ਜਸਵੰਤ ਸਿੰਘ ਖਾਲੜਾ ਦਾ ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਦੇ ਪਿੱਛੇ ਹੱਥ ਧੋ ਕੇ ਪੈ ਜਾਣਾ ਸੀ।

ਇਹ ਸਾਰਾ ਖੇਡ ਇਸ ਕਰਕੇ ਸ਼ੁਰੂ ਹੋਇਆ ਕਿਉਂਕਿ ਸ. ਜਸਵੰਤ ਸਿੰਘ ਜਿਸ ਮਹਿਕਮੇ ਵਿਚ ਨੌਕਰੀ ਕਰਦੇ ਸਨ ਉਸੇ ਦਫ਼ਤਰ 'ਚ ਉਨ੍ਹਾਂ ਦਾ ਇਕ ਸਾਥੀ ਕਲਰਕ ਲਾਪਤਾ ਹੋ ਗਿਆ। ਜਦੋਂ ਸ. ਜਸਵੰਤ ਸਿੰਘ ਨੇ ਇਸ ਬਾਰੇ ਖੁਦ ਪੜਤਾਲ ਕੀਤੀ ਤਾਂ ਬੜੇ ਹੈਰਾਨੀਜਨਕ ਤੱਥ ਸਾਹਮਣੇ ਆਏ, ਕਿਉਂਕਿ ਅੰਮ੍ਰਿਤਸਰ ਦੇ ਦੁਰਗਿਆਣਾ ਮੰਦਿਰ, ਚਾਟੀਵਿੰਡ ਚੌਂਕ ਨੇੜ੍ਹੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਮਜੀਠਾ, ਤਰਨ ਤਾਰਨ ਸਾਹਿਬ ਤੇ ਪੱਟੀ ਦੇ ਸ਼ਮਸ਼ਾਨ ਘਾਟਾਂ ਵਿਚ ਕਈ ਮ੍ਰਿਤਕ ਲੋਕਾਂ ਦੇ ਨਾਮ ਦਰਜ ਸਨ ਜਿਨ੍ਹਾਂ ਦਾ ਪੁਲਿਸ ਨੇ ਅੰਤਿਮ ਸਸਕਾਰ ਕਰ ਦਿੱਤਾ ਸੀ। ਸ. ਖਾਲੜਾ ਨੂੰ ਤਕਰੀਬਨ ਤਕਰੀਬਨ ੨੫ ਹਜ਼ਾਰ ਨੌਜਵਾਨਾਂ ਦੇ ਨਾਮ ਦਰਜ ਮਿਲੇ। ਲੱਭਣ ਤਾਂ ਆਪਣੇ ਇੱਕ ਸਾਥੀ ਨੂੰ ਨਿਕਲੇ ਸਨ, ਪਰ ਇਹ ਸਭ ਕੁਝ ਵੇਖ ਕੇ ਉਨ੍ਹਾਂ ਦੀਆਂ ਅੱਖਾਂ ਖੁੱਲ੍ਹੀਆਂ ਹੀ ਰਹਿ ਗਈਆਂ। ਬਸ ਓਸੇ ਦਿਨ ਤੋਂ ਸ. ਜਸਵੰਤ ਸਿੰਘ ਖਾਲੜਾ ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਦੇ ਪਿੱਛੇ ਪੈ ਗਏ। ਪਿਤਾ ਸ. ਕਰਤਾਰ ਸਿੰਘ ਨੇ

ਸੋਚਿਆ ਕਿ ਪੰਜਾਬ ਦਾ ਮਾਹੌਲ ਠੀਕ ਨਹੀਂ, ਇਸ ਲਈ ਆਪ ਨੂੰ ਵਿਦੇਸ਼ ਚਲੇ ਜਾਣ ਦੀ ਸਲਾਹ ਦਿੱਤੀ।

ਪਰਵਾਰ ਦੇ ਕਹਿਣ 'ਤੇ ਆਪ ੧੯੯੦ ਈ. ਵਿਚ ਇੰਗਲੈਂਡ ਚਲੇ ਗਏ, ਉੱਥੇ ਜਾ ਕੇ ਰਾਜਸੀ ਸ਼ਰਨ ਲਈ। ਉੱਥੇ ਰਹਿ ਕੇ ਵੀ ਉਨ੍ਹਾਂ ਦਾ ਧਿਆਨ ਪਿੱਛੇ ਪੰਜਾਬ 'ਚ ਹੋ ਰਹੀਆਂ ਜ਼ਿਆਦਤੀਆਂ ਦੇ ਵੱਲ ਸੀ। ਕੰਮ 'ਚ ਧਿਆਨ ਨਾ ਲੱਗਣ ਕਾਰਨ ਸੰਨ ੧੯੯੩ ਈ. ਵਿਚ ਅਚਾਨਕ ਬਿਨਾਂ ਕਿਸੇ ਨੂੰ ਦੱਸੇ ਆਪਣੇ ਵਤਨ ਪੰਜਾਬ ਪਰਤ ਆਏ ਅਤੇ ਫਿਰ ਆ ਕੇ ਲੱਗ ਪਏ ਅੰਕੜੇ ਇਕੱਠੇ ਕਰਨ। ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਕੋਈ ਜਵਾਬ ਨਾ ਮਿਲਣ ਕਾਰਨ ਆਪ ਦੁਖੀ ਹੋ ਕੇ ਮਾਰਚ ੧੯੯੫ ਵਿਚ ਲਾਵਾਰਸ ਲਾਸ਼ਾਂ ਦੇ ਮਸਲੇ ਬਾਰੇ ਦੁਨੀਆ ਨੂੰ ਦੱਸਣ ਲਈ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਦੇ ਦੌਰੇ ਉੱਤੇ ਚਲੇ ਗਏ ਜਿੱਥੇ ਉਨ੍ਹਾਂ ਲਾਵਾਰਸ ਲਾਸ਼ਾਂ ਸੰਬੰਧੀ ਇਕੱਠੇ ਕੀਤੇ ਸਾਰੇ ਵੇਰਵੇ ਤੇ ਸਬੂਤ ਦੁਨੀਆ ਦੇ ਲੋਕਾਂ ਤੇ ਕੈਨੇਡਾ ਦੀ ਸਰਕਾਰ ਤੇ ਪਾਰਲੀਮੈਂਟ ਸਾਹਮਣੇ ਰੱਖ ਦਿੱਤੇ। ਜਦੋਂ ਸ. ਜਸਵੰਤ ਸਿੰਘ ਖਾਲੜਾ ਨੇ ਦੁਨੀਆ ਪੱਧਰ 'ਤੇ ਕਿਹਾ ਕਿ ਸਾਨੂੰ ਤਾਂ ਪੰਝੀ ਹਜ਼ਾਰ ਦਾ ਹਿਸਾਬ ਚਾਹੀਦਾ ਹੈ, ਮੈਂ ਉਨ੍ਹਾਂ ਚਿਰ ਤਕ ਹੱਥਾਂ 'ਤੇ ਹੱਥ ਧਰ ਕੇ ਨਹੀਂ ਬਹਿ ਸਕਦਾ।

ਸਰਦਾਰ ਖਾਲੜੇ ਦਾ ਸਰਕਾਰ ਨਾਲ ਕੋਈ ਜ਼ਮੀਨ ਜਾਇਦਾਦ ਦਾ ਰੌਲਾ ਨਹੀਂ ਸੀ ਤੇ ਨਾ ਹੀ ਵੱਟ ਦਾ ਝਗੜਾ ਸੀ। ਬਸ ਉਨ੍ਹਾਂ ਦੀ ਲੜਾਈ ਸਰਕਾਰ ਨਾਲ ਇਸ ਕਰਕੇ ਸੀ ਕਿ ਪੰਜਾਬ ਪੁਲਿਸ ਨੇ ਸੰਨ ਚੁਰਾਸੀ ਤੋਂ ਬਾਅਦ ਪੰਜਾਬ 'ਚ ਨੌਜਵਾਨਾਂ ਦਾ ਜਿਸ ਤਰ੍ਹਾਂ ਕਤਲ-ਏ-ਆਮ ਕੀਤਾ, ਬੇਗੁਨਾਹ ਸਿੱਖ ਨੌਜਵਾਨਾਂ ਨੂੰ ਮਾਰਿਆ ਉਨ੍ਹਾਂ ਦੀ ਸਰਕਾਰ ਕੋਲੋਂ ਜਵਾਬਦੇਹੀ ਤੈਅ ਕਰਨੀ ਸੀ।

ਪਰ ਇਹ ਸਰਕਾਰ ਨੂੰ ਮਨਜ਼ੂਰ ਨਹੀਂ ਸੀ। ਇਕ ਵਾਰ ਉਸ ਵੇਲੇ ਦੇ ਤਤਕਾਲੀ ਪੰਜਾਬ ਪੁਲਿਸ ਮੁਖੀ ਕੇ. ਪੀ. ਐੱਸ ਗਿੱਲ ਨੇ ਸ੍ਰੀ ਅੰਮ੍ਰਿਤਸਰ 'ਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਸੀ ਕਿ, "ਮਨੁੱਖੀ ਅਧਿਕਾਰਾਂ ਵਾਲੇ ਮੈਨੂੰ ਲਾਪਤਾ ਹੋਏ ਨੌਜਵਾਨਾਂ ਬਾਰੇ ਪੁੱਛਦੇ ਹਨ ਪਰ ਮੈਂ ਅੱਜ ਉਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਇਹ ਸਾਰੇ ਮੁੰਡੇ ਕਨੇਡਾ ਅਮਰੀਕਾ 'ਚ ਨੌਕਰੀ ਕਰਨ ਗਏ ਹਨ।"

ਪਰ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ. ਜਸਵੰਤ ਸਿੰਘ ਖਾਲੜਾ ਇਸ ਬਿਆਨ ਤੋਂ ਰਾਜ਼ੀ ਨਹੀਂ ਸਨ। ਉਨ੍ਹਾਂ ਦਾ ਸੰਘਰਸ਼ ਹੋਰ ਤੇਜ਼ ਹੁੰਦਾ ਗਿਆ। ੫ ਸਤੰਬਰ, ੧੯੯੫ ਈ. ਨੂੰ ਸ. ਜਸਵੰਤ ਸਿੰਘ ਖਾਲੜਾ ਨੂੰ ਕਬੀਰ ਪਾਰਕ ਵਾਲੇ ਘਰ 'ਚੋਂ ਪੰਜਾਬ ਪੁਲਸ ਨੇ ਓਦੋਂ ਚੁੱਕ ਲਿਆ ਜਦੋਂ ਉਹ ਆਪਣੀ ਕਾਰ ਧੋ ਰਹੇ ਸਨ। ਪਰਵਾਰ ਨੇ ਬਹੁਤ ਭਾਲ ਕੀਤੀ ਪਰ ਕਿਤੇ ਵੀ ਉਨ੍ਹਾਂ ਦਾ ਪਤਾ ਨਾ ਲੱਗਾ। ਪਰਵਾਰ ਨੂੰ ਮੁੱਖ ਗਵਾਹ ਦੇ ਰੂਪ 'ਚ ਇਕ ਸਾਬਕਾ ਪੁਲਿਸ ਮੁਲਾਜ਼ਮ ਕੁਲਦੀਪ ਸਿੰਘ ਬਚੜਾ ਨੇ ਬਹੁਤ ਸਾਥ ਦਿੱਤਾ। ਉਸ ਨੇ ਹੀ ਅਦਾਲਤ 'ਚ ਦੱਸਿਆ ਕਿ ਸ. ਜਸਵੰਤ ਸਿੰਘ ਖਾਲੜਾ ਨੂੰ ਇੱਕ ਦਿਨ ਪੁਲਿਸ ਮੁਲਾਜ਼ਮਾਂ ਨੇ ਕੁੱਟਣਾ ਸ਼ੁਰੂ ਕਰ ਦਿੱਤਾ, ਇਸੇ ਦੌਰਾਨ ਕੁਲਦੀਪ ਨੂੰ ਗਰਮ ਪਾਣੀ ਦਾ

ਗਿਲਾਸ ਲਿਆਉਣ ਲਈ ਕਿਹਾ ਗਿਆ। ਜਦੋਂ ਕੁਲਦੀਪ ਪਾਣੀ ਗਰਮ ਕਰ ਰਿਹਾ ਸੀ ਤਾਂ ਉਸ ਨੇ ਦੋ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਜਿਸ ਤੋਂ ਬਾਅਦ ਉਹ ਕਮਰੇ ਵੱਲ ਭੱਜਿਆ। ਜਿੱਥੇ ਉਸ ਨੂੰ ਸਤਨਾਮ ਸਿੰਘ ਨੇ ਕਾਰ ਪਾਰਕਿੰਗ ਵਿਚ ਜਾਣ ਲਈ ਕਿਹਾ। ਇਸ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੇ ਸ. ਖਾਲੜਾ ਦੀ ਲਾਸ਼ ਨੂੰ ਮਾਰੂਤੀ ਵੈਨ 'ਚ ਪਾ ਕੇ ਸਤਲੁਜ ਦਰਿਆ 'ਤੇ ਹਰੀਕੇ ਪੁਲ਼ ਨੇੜ੍ਹੇ ਲਾਸ਼ ਨੂੰ ਸੁੱਟ ਦਿੱਤਾ। ਇਸ ਤਰ੍ਹਾਂ ੬ ਸਤੰਬਰ, ੧੯੯੫ ਈ. ਨੂੰ ਭਾਈ ਖਾਲੜਾ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ।

ਕੇਸ ਵਿਚ ਮੁੱਖ ਦੋਸ਼ੀ ਮੰਨੇ ਜਾਂਦੇ ਪੰਜਾਬ ਦੇ ਪੁਲਿਸ ਮੁਖੀ ਕੇ. ਪੀ. ਐਸ. ਗਿੱਲ ਖ਼ਿਲਾਫ ਤਾਂ ਸੀ. ਬੀ. ਆਈ ਨੇ ਮੁਕੱਦਮਾ ਹੀ ਨਾ ਚਲਾਇਆ ਤੇ ਦੋ ਦੋਸ਼ੀਆਂ ਅਜੀਤ ਸੰਧੂ (ਜ਼ਿਲ੍ਹਾ ਪੁਲਿਸ ਮੁਖੀ) ਤੇ ਅਸ਼ੋਕ ਕੁਮਾਰ (ਡੀ. ਐਸ. ਪੀ.) ਦੀ ਮੌਤ ਹੋ ਗਈ। ਬਾਕੀ ਮੁਲਜ਼ਮਾਂ ਵਿੱਚੋਂ ਅਮਰਜੀਤ ਸਿੰਘ (ਏ. ਐਸ. ਆਈ., ਕੰਗ ਚੌਂਕੀ) ਨੂੰ ਹੇਠਲੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਪਰ ਵੱਡੀ ਅਦਾਲਤ ਨੇ ਬਰੀ ਕਰ ਦਿੱਤਾ। ਬਾਕੀਆਂ ਵਿੱਚੋਂ ਜਸਪਾਲ ਸਿੰਘ (ਤਤਕਾਲੀ ਡੀ. ਐਸ. ਪੀ. ਤਰਨ ਤਾਰਨ) ਨੂੰ ਉਮਰ ਕੈਦ ਦੀ ਸਜ਼ਾ ਹੋਈ ਹੈ ਤੇ ਸੁਰਿੰਦਰਪਾਲ ਸਿੰਘ (ਐਸ. ਐਚ. ਓ., ਸਰਹਾਲੀ) ਸਤਨਾਮ ਸਿੰਘ (ਐਸ. ਐਚ. ਓ., ਝਬਾਲ) ਜਸਬੀਰ ਸਿੰਘ (ਐਸ. ਐਚ. ਓ., ਮਾਣੋਚਾਹਲ) ਤੇ ਪ੍ਰਿਥੀ ਪਾਲ ਸਿੰਘ (ਸਿਪਾਹੀ, ਮਾਣੋਚਾਹਲ) ਨੂੰ ਹੇਠਲੀ ਅਦਾਲਤ ਨੇ ਸੱਤ-ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ ਜਿਸ ਨੂੰ ਹਾਈ ਕੋਰਟ ਨੇ ਵਧਾ ਕੇ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ।

ਪਰ ਜਿਸ ਕੰਮ ਲਈ ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਨੇ ਸੰਘਰਸ਼ ਕੀਤਾ ਉਸ ਨੂੰ ਉਨ੍ਹਾਂ ਦੀ ਧਰਮ-ਪਤਨੀ ਬੀਬੀ ਪਰਮਜੀਤ ਕੌਰ ਅਤੇ ਖਾਲੜਾ ਆਰਗਨਾਈਜ਼ੇਸ਼ਨ ਮਿਸ਼ਨ ਅਜੇ ਵੀ ਲੜ ਰਿਹਾ ਹੈ। ਹਰ ਸਾਲ ੬ ਸਤੰਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਖਾਲੜਾ ਵਿਖੇ ਬਰਸੀ ਸਮਾਗਮ ਕਰਵਾਇਆ ਜਾਂਦਾ ਹੈ ।

ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਇਕ ਉਹ ਸੂਰਜ ਸੀ ਜਿਹੜਾ ਛੁਪ ਜਾਣ ਦੇ ਬਾਵਜੂਦ ਵੀ ਲੋਕਾਂ ਦੇ ਮਨਾਂ ਵਿਚ ਚਾਨਣ ਬਿਖੇਰ ਗਿਆ। ■

---

**ਪ੍ਰਿਥਮ ਭਗੌਤੀ ਸਿਮਰਿ ਕੈ...** **ਪੰਨਾ ੩੬ ਦਾ ਬਾਕੀ**

ਦਯਾ ਨੰਦ ਨੇ ਨਾ ਕੇਵਲ ਭਗੌਤੀ ਨੂੰ ਦੇਵੀ ਦੱਸ ਕੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਵੀ ਪਾਸੋਂ ਵਰ ਮੰਗਿਆ ਬਲਕਿ ਅੰਮ੍ਰਿਤ, ਪੰਜ ਕਕਾਰਾਂ, ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਗੁਰੂ ਰਾਮਦਾਸ ਸਰੋਵਰ ਬਾਰੇ ਵੀ ਕੁਫ਼ਰ ਤੋਲਿਆ। ਉਸ ਦੀ ਇਨ੍ਹਾਂ ਸਾਰੀਆਂ ਲਿਖਤਾਂ ਨੂੰ ਵੀ ਇਹੀ ਦਸਮ ਵਿਰੋਧੀ 'ਖੋਜ ਭਰਪੂਰ' ਦਸ ਕੇ ਨਾਸਤਿਕਤਾ ਦਾ ਪ੍ਰਚਾਰ ਕਰੀ ਜਾ ਰਹੇ ਹਨ। ਪੰਥਕ ਤਾਬ ਦੇ ਬਾਅਦ ਇਹ ਕੂੜ ਪ੍ਰਚਾਰ ਠੱਲ੍ਹਿਆ ਗਿਆ ਹੈ । ਪਰ ਪੰਥ ਨੂੰ ਲਗਾਤਾਰ ਸੁਚੇਤ ਰਹਿਣ ਦੀ ਲੋੜ ਹੈ।

■

# ਨਵੀਂ ਪੀੜ੍ਹੀ ਨੂੰ ਗੁਰਬਾਣੀ ਨਾਲ ਕਿਵੇਂ ਜੋੜੀਏ

*-ਇੰਜੀ. ਕਰਮਜੀਤ ਸਿੰਘ ਨੂਰ**

ਅੱਜ ਸਿੱਖ ਕੌਮ ਲਈ ਸਭ ਤੋਂ ਗੰਭੀਰ ਮਸਲਾ ਇਹ ਵੀ ਹੈ ਕਿ ਗੁਰਬਾਣੀ ਤੋਂ ਟੁੱਟ ਚੁਕੀ ਨੌਜਵਾਨੀ ਅਤੇ ਨਵੀਂ ਪੀੜ੍ਹੀ ਨੂੰ ਅਜੋਕੇ ਦੌਰ ਵਿਚ ਗੁਰਬਾਣੀ ਨਾਲ ਕਿਵੇਂ ਜੋੜਿਆ ਜਾਵੇ। ਇਸ ਨੂੰ ਵਿਚਾਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਗੁਰਬਾਣੀ ਦਾ ਮਹੱਤਵ ਸਮਝਿਆ ਜਾਵੇ, ਕਿ ਗੁਰਬਾਣੀ ਨਾਲ ਜੁੜਨਾ ਅਤੇ ਜੋੜਨਾ ਕਿਉਂ ਜ਼ਰੂਰੀ ਹੈ।

ਗੁਰਬਾਣੀ ਹਰ ਮਨੁੱਖ ਲਈ ਇਕ ਜੀਵਨ-ਜਾਚ, ਜੀਵਨ-ਸੇਧ ਅਤੇ ਜੀਵਨ-ਦਰਸ਼ਨ ਹੈ। ਸਫਲ ਜੀਵਨ ਜਿਊਣ ਦੇ ਨੁਕਤੇ ਗੁਰਬਾਣੀ ਵਿਚ ਦੱਸੇ ਗਏ ਹਨ। ਅਜੋਕਾ ਮਨੁੱਖ ਤਨਾਅ ਵਿਚ ਜੀਅ ਰਿਹਾ ਹੈ ਅਤੇ ਗੁਰਬਾਣੀ ਸਾਨੂੰ ਤਨਾਅ-ਮੁਕਤ ਅਤੇ ਤਨਾਅ ਨੂੰ ਘਟਾਉਣ ਦਾ ਤਰੀਕਾ ਦੱਸਦੀ ਹੈ।

ਗੁਰਬਾਣੀ ਨੂੰ ਸਮਝ ਕੇ ਪੜ੍ਹਨ ਅਤੇ ਇਸ ਅਨੁਸਾਰ ਜੀਵਨ ਨੂੰ ਢਾਲਣ ਨਾਲ ਹੀ ਸਾਰਥਕ ਨਤੀਜੇ ਪ੍ਰਾਪਤ ਹੋ ਸਕਦੇ ਹਨ। ਮੌਜੂਦਾ ਪਦਾਰਥਵਾਦ ਦੇ ਯੁੱਗ ਵਿਚ ਹਰ ਮਨੁੱਖ ਨੂੰ ਮਾਇਆ ਨੇ ਆਪਣੇ ਚੱਕਰ ਵਿਚ ਬੁਰੀ ਤਰ੍ਹਾਂ ਫਸਾ ਕੇ ਰੱਖਿਆ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੋ ਗਿਆ ਹੈ।

ਪੁਰਾਤਨ ਸਮਿਆਂ ਵਿਚ ਮਾਇਆ ਦਾ ਪ੍ਰਭਾਵ ਬਹੁਤ ਘੱਟ ਸੀ ਅਤੇ ਲੋਕ ਇੱਕ ਸਾਰ ਜੀਵਨ ਜਿਊਂਦੇ ਸਨ। ਗੁਰਮਤਿ, ਗੁਰਬਾਣੀ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਨੇੜੇ ਰਹਿੰਦੇ ਸਨ। ਗੁਰਬਾਣੀ ਅਨੁਸਾਰ:

*ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੭)*

ਉਸ ਸਮੇਂ ਲੋਕ ਇਸ ਵਿਚਾਰ ਨੂੰ ਪ੍ਰਮੁੱਖ ਰੱਖਦੇ ਸੀ ਕਿ ਇਸ ਜਹਾਨ ਤੋਂ ਅਸੀਂ ਚਲੇ ਜਾਣਾ ਹੈ, ਇਸ ਲਈ ਮੌਤ ਨੂੰ ਤੇ ਰੱਬ ਨੂੰ ਹਮੇਸ਼ਾ ਯਾਦ ਰੱਖਦੇ ਸਨ। ਉਹ ਬਹੁਤਾ ਖਿਲਾਰਾ ਨਹੀਂ ਸਨ ਖਿਲਾਰਦੇ ਅਤੇ ਸਾਦਾ ਜੀਵਨ ਜਿਊਂਦੇ ਸਨ। ਹੌਲੀ-ਹੌਲੀ ਮਾਇਆ ਦੇ ਵਧਣ ਨਾਲ ਮਾਇਆ ਦਾ ਪ੍ਰਭਾਵ ਵਧਿਆ, ਪਦਾਰਥਵਾਦ ਦੀ ਦੌੜ ਅਤੇ ਦਿਖਾਵਾ ਵਧਿਆ, ਜਿਸ ਨਾਲ ਹਉਮੈਂ, ਹੰਕਾਰ, ਤ੍ਰਿਸ਼ਨਾ ਅਤੇ ਅਜਿਹੀਆਂ ਹੋਰ ਬਿਮਾਰੀਆਂ ਵਿਚ ਵਾਧਾ ਹੋਇਆ ਜਿਸ ਕਰਕੇ ਮਨੁੱਖ ਧਰਮ ਤੋਂ ਦੂਰ ਹੁੰਦਾ ਗਿਆ।

ਵਰਤਮਾਨ ਵਿਚ ਮੋਬਾਈਲ ਕਲਚਰ ਦੇ ਆਉਣ ਨਾਲ ਇਲੈਕਟ੍ਰੋਨਿਕ ਮੀਡੀਆ ਪ੍ਰਣਾਲੀ ਰਾਹੀਂ ਅਸੀਂ ਇੰਟਰਨੈਟ ਦੇ ਜਾਲ ਵਿਚ ਫਸਦੇ ਗਏ ਅਤੇ ਬੱਚੇ ਨੈਤਿਕ ਕਦਰਾਂ ਕੀਮਤਾਂ, ਗੁਰਬਾਣੀ ਅਤੇ ਗੁਰਮਤਿ ਤੋਂ ਦੂਰ ਹੁੰਦੇ ਚਲੇ ਗਏ। ਮਾਪਿਆਂ ਨੇ ਵੀ ਇਸ ਪੱਖ ਤੋਂ ਬੱਚਿਆਂ ਦਾ ਧਿਆਨ ਨਹੀਂ ਕੀਤਾ ਬਲਕਿ ਆਪ ਵੀ ਇਸ ਸਿਸਟਮ ਵਿਚ ਉਲਝ

** # ੩/੬੧, ਗਾਰਡਨ ਕਲੋਨੀ, ਗੁਰੂ ਤੇਗ ਬਹਾਦਰ ਨਗਰ, ਜਲੰਧਰ-੧੪੪੦੧੪; ਮੋ. ੯੮੧੫੦-੨੩੯੭੦*

ਕੇ ਰਹਿ ਗਏ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੇਸ਼ੱਕ ਇਸ ਨਵੀਂ ਪ੍ਰਣਾਲੀ ਨੇ ਸਾਡੇ ਜੀਵਨ ਨੂੰ ਕਈ ਪੱਖਾਂ ਤੋਂ ਸੌਖਿਆਂ ਵੀ ਕੀਤਾ ਹੈ ਪਰੰਤੂ ਵੇਖਾ-ਵੇਖੀ ਦੇ ਚੱਕਰ ਵਿਚ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਦਾ ਨੁਕਸਾਨ ਵਧੇਰੇ ਹੋ ਰਿਹਾ ਹੈ। ਸਮਾਂ ਤੇਜ਼ੀ ਨਾਲ ਲੰਘ ਰਿਹਾ ਹੈ ਅਤੇ ਇਹ ਸਾਰੀਆਂ ਚੀਜ਼ਾਂ ਮਨੁੱਖ ’ਤੇ ਭਾਰੂ ਹੋ ਰਹੀਆਂ ਹਨ। ਅਸ਼ਲੀਲਤਾ ਵਧੀ ਹੈ ਅਤੇ ਵਿਕਾਰੀ ਬਿਰਤੀਆਂ ਨੂੰ ਹਵਾ ਮਿਲ ਰਹੀ ਹੈ।

ਇਸ ਲਈ ਨਵੀਂ ਪੀੜ੍ਹੀ ਨੂੰ ਗੁਰਬਾਣੀ ਨਾਲ ਜੋੜਨ ਵਾਸਤੇ ਹੁਣ ਸਮੇਂ ਦੇ ਵਹਿਣ ਅਨੁਸਾਰ ਨਵੇਂ ਤਰੀਕੇ ਖੋਜਣੇ ਪੈਣਗੇ, ਜਿਨ੍ਹਾਂ ਰਾਹੀਂ ਉਨ੍ਹਾਂ ਦੇ ਹਰ ਤਰਕ ਦਾ ਜਵਾਬ ਦਿੱਤਾ ਜਾ ਸਕੇ। ਇਸ ਲਈ ਸਾਨੂੰ ਆਪ ਨੂੰ ਭਾਵ ਕਿ ਮਾਪਿਆਂ ਨੂੰ ਸੁਚੇਤ ਹੋਣਾ ਪਵੇਗਾ ਅਤੇ ਉਨ੍ਹਾਂ ਦੇ ਸਵਾਲਾਂ ਦੇ ਹਾਣ ਦਾ ਹੋਣਾ ਪਵੇਗਾ ਤਾਂ ਹੀ ਅਸੀਂ ਉਨ੍ਹਾਂ ਨੂੰ ਇਸ ਪਾਸੇ ਵੱਲ ਮੋੜ ਸਕਣ ਵਿਚ ਸਫਲ ਹੋ ਸਕਾਂਗੇ। ਕਈ ਮਾਪਿਆਂ ਦਾ ਬੱਚਿਆਂ ਪ੍ਰਤੀ ਅਵੇਸਲਾਪਨ ਵੀ ਇਸ ਗਿਰਾਵਟ ਲਈ ਸਭ ਤੋਂ ਵੱਧ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ।

ਇੱਥੇ ਦਾਸ (ਲੇਖਕ) ਵੱਲੋਂ ਗੁਰੂ ਬਖਸ਼ੀ ਮੱਤ ਬੁੱਧ ਅਨੁਸਾਰ, ਕੁਝ ਸੁਝਾਅ ਦਿੱਤੇ ਜਾ ਰਹੇ ਹਨ। ਜਿਨ੍ਹਾਂ ਨਾਲ ਬੱਚਿਆ ਖਾਸ ਕਰਕੇ ਨਵੀਂ ਪੀੜ੍ਹੀ ਨੂੰ ਗੁਰਬਾਣੀ/ ਗੁਰਮਤਿ ਨਾਲ ਜੋੜਿਆ ਜਾ ਸਕਦਾ ਹੈ:

**੧.** ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਸਭ ਤੋਂ ਮੁੱਢਲੀ ਅਤੇ ਮੁੱਖ ਜ਼ਿੰਮੇਵਾਰੀ ਮਾਪਿਆਂ ਦੀ ਬਣਦੀ ਹੈ। ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਨੇਕ, ਗੁਣੀ, ਗੁਰਮਤਿ ਦੇ ਧਾਰਨੀ ਅਤੇ ਗੁਰਬਾਣੀ ਦੇ ਅਨੁਸਾਰੀ ਬਣਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਬਚਪਨ ਤੋਂ ਹੀ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਯਤਨਸ਼ੀਲ ਰਹਿਣਾ ਪਵੇਗਾ। ਜਨਮ ਤੋਂ ਹੀ ਜਾਂ ਇਸ ਤੋਂ ਵੀ ਪਹਿਲਾਂ ਬੱਚਿਆਂ ਨੂੰ ਗੁਰਬਾਣੀ ਅਨੁਸਾਰ ਸੰਸਕਾਰ ਦੇਣੇ ਪੈਣਗੇ। ਹੁਣ ਤਾਂ ਇਹ ਮੈਡੀਕਲ ਸਾਇੰਸ ਨੇ ਵੀ ਇਹ ਸਿੱਧ ਕਰ ਦਿੱਤਾ ਹੈ ਕਿ ਜਦੋਂ ਬੱਚਾ ਮਾਂ ਦੇ ਪੇਟ ਵਿਚ ਹੁੰਦਾ ਹੈ ਤਾਂ ਉਸ ਵੇਲੇ ਮਾਂ ਜਿਸ ਤਰ੍ਹਾਂ ਦੇ ਸੰਸਕਾਰ ਗ੍ਰਹਿਣ ਕਰਦੀ ਹੈ ਉਸ ਦਾ ਅਸਰ ਬੱਚੇ ’ਤੇ ਪੈਂਦਾ ਹੈ। ਸੋ ਗੁਰਸਿੱਖ ਮਾਵਾਂ ਨੂੰ ਗਰਭ ਦੌਰਾਨ ਗੁਰਬਾਣੀ ਨਾਲ ਜੁੜੇ ਰਹਿਣਾ ਚਾਹੀਦਾ ਹੈ ਅਤੇ ਇਸ ਦੀ ਲਗਾਤਾਰਤਾ ਬਣਾਈ ਰੱਖਣੀ ਪਵੇਗੀ।

**੨.** ਜਿਨ੍ਹਾਂ ਘਰਾਂ ਵਿਚ ਮਾਵਾਂ ਆਪਣੇ ਬੱਚਿਆਂ ਨੂੰ ਦੁੱਧ ਪਿਆਉਣ ਜਾਂ ਖਾਣਾ ਖਵਾਉਣ ਲੱਗਿਆਂ ਮੋਬਾਈਲ ਫੜਾ ਕੇ ਉਸ ਵਿਚ ਕਾਰਟੂਨ ਲਗਾ ਦਿੰਦੀਆਂ ਹਨ, ਉਨ੍ਹਾਂ ਦਾ ਭਵਿੱਖ ਅੱਜ ਅਸੀਂ ਦੇਖ ਹੀ ਰਹੇ ਹਾਂ, ਉਨ੍ਹਾਂ ਬੱਚਿਆਂ ਨੂੰ ਬਚਪਨ ਤੋਂ ਹੀ ਇਸ ਦੀ ਐਸੀ ਲਤ ਲੱਗ ਜਾਂਦੀ ਹੈ ਕਿ ਉਹ ਫਿਰ ਵੱਡੇ ਹੋ ਕੇ ਵੀ ਮੋਬਾਈਲ ਦਾ ਖਹਿੜਾ ਨਹੀਂ ਛੱਡਦੇ। ਚਾਰ-ਪੰਜ ਸਾਲ ਦੀ ਉਮਰ ਵਿਚ ਹੀ ਬੱਚਿਆਂ ਨੂੰ ਐਨਕਾਂ ਲੱਗ ਜਾਂਦੀਆਂ ਹਨ।

ਇਸ ਤਰ੍ਹਾਂ ਬੱਚਿਆਂ ਦਾ ਭਵਿੱਖ ਸੰਵਾਰਨ ਅਤੇ ਵਿਗਾੜਣ ਵਿਚ ਮਾਵਾਂ ਦਾ ਸਭ ਤੋਂ ਵੱਡਾ ਰੋਲ ਹੁੰਦਾ ਹੈ।

**੩.** ਹਰ ਸਿੱਖ ਪਰਵਾਰ ਆਪਣੇ ਘਰ ਵਿਚ ਨਵੇਂ ਸਿਰੇ ਤੋਂ ੨੪ ਘੰਟੇ ਵਿਚ ਕਿਸੇ

ਸਮੇਂ ਵੀ ਜਿਵੇਂ ਸੰਭਵ ਹੋ ਸਕੇ, ਪੰਜ ਮਿੰਟ, ਦਸ ਮਿੰਟ ਵੀਹ ਮਿੰਟ ਅੱਧਾ ਘੰਟਾ ਇਕੱਠੇ ਬੈਠ ਕੇ ਮੋਬਾਈਲਾਂ ਨੂੰ ਸਵਿੱਚ ਆਫ ਕਰ ਕੇ ਗੁਰਬਾਣੀ ਦੀਆਂ ਗੱਲਾਂ ਜਾਂ ਸਿਮਰਨ ਕਰਨਾ ਸ਼ੁਰੂ ਕਰਨ। ਬੀਬੀਆਂ ਸ਼ੁਰੂ ਤੋਂ ਹੀ ਬੱਚਿਆਂ ਨੂੰ ਬਾਣੀਆਂ ਕੰਠ ਕਰਾਉਣ।

**੪.** ਹਰ ਸਿੱਖ ਪਰਵਾਰ ਆਪਣੇ ਬੱਚਿਆਂ ਨੂੰ ਗੁਰਮੁਖੀ ਅੱਖਰ ਦਾ ਗਿਆਨ ਜ਼ਰੂਰ ਦੇਵੇ/ਦਿਵਾਵੇ। ਸਕੂਲੀ ਵਿੱਦਿਆ ਦੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਾਵੇ। ਦਸਵੀਂ ਜਮਾਤ ਤੋਂ ਬਾਅਦ ਉਸ ਬੱਚੇ ਨੂੰ ਗੁਰਬਾਣੀ ਵਿਆਕਰਨ ਅਨੁਸਾਰ ਗੁਰਬਾਣੀ ਦਾ ਸ਼ੁੱਧ ਉਚਾਰਨ ਅਤੇ ਸਹੀ ਬਿਸਰਾਮ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਸਹਿਜ ਪਾਠ ਸੰਥਿਆ ਔਖੇ ਸ਼ਬਦਾਂ ਦੇ ਅਰਥ ਸਮਝਾਉਂਦਿਆਂ ਹੋਇਆਂ ਕਿਸੇ ਗੁਰਸਿੱਖ ਅਤੇ ਗੁਰਬਾਣੀ ਦੇ ਗਿਆਤਾ ਵਿਦਵਾਨ ਤੋਂ ਕਰਾਈ ਜਾਵੇ। ਜਦੋਂ ਬੱਚਾ ਗੁਰਬਾਣੀ ਨੂੰ ਸਮਝ ਕੇ ਪੜ੍ਹੇਗਾ ਤਾਂ ਉਸ ਨੂੰ ਬਾਣੀ ਵਿੱਚੋਂ ਰਸ ਆਉਣ ਲੱਗੇਗਾ

**੫.** ਬੱਚਿਆਂ ਨੂੰ ਇਹ ਸਮਝਾਇਆ ਜਾਣਾ ਜ਼ਰੂਰੀ ਹੈ ਕਿ ਗੁਰਬਾਣੀ ਨੂੰ ਪੜ੍ਹ ਕੇ ਹੀ ਪੁਰਾਤਨ ਸਮੇਂ ਵਿਚ ਵੱਡੇ-ਵੱਡੇ ਸਾਹਿਤਕਾਰ, ਲੇਖਕ, ਕਵੀ ਅਤੇ ਕੁਰਬਾਨੀ ਵਾਲੇ ਗੁਰਸਿੱਖ ਬਣੇ ਜਿਨ੍ਹਾਂ ਦਾ ਇਤਿਹਾਸ ਵਿਚ ਵੱਡਾ ਨਾਮ ਹੈ। ਜਿਵੇਂ ਕਿ ਤਰ੍ਹਾਂ ਸੰਤ-ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਪ੍ਰੋਫੈਸਰ ਸਾਹਿਬ ਸਿੰਘ ਜੀ, ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ ਆਦਿ ਬਹੁਤ ਸਾਰੇ ਨਾਮ ਵਰਨਣਯੋਗ ਹਨ।

### ੬. ਨਸ਼ਿਆਂ ਦੀ ਪ੍ਰਵਿਰਤੀ

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਜਿਨ੍ਹਾਂ ਘਰਾਂ ਵਿੱਚੋਂ ਗੁਰਬਾਣੀ ਅਤੇ ਗੁਰਮਤਿ ਖਤਮ ਹੋ ਗਈ ਹੈ ਉਨ੍ਹਾਂ ਦੇ ਬੱਚੇ ਮਾੜੀ ਸੰਗਤ ਵਿਚ ਪੈ ਕੇ ਨਸ਼ਿਆਂ ਅਤੇ ਹੋਰ ਬੁਰੀਆਂ ਅਲਾਮਤਾਂ ਵਿਚ ਪੈ ਜਾਂਦੇ ਹਨ ਅਤੇ ਮਾਂ-ਬਾਪ ਲਈ ਵੀ ਪਰੇਸ਼ਾਨੀ ਦਾ ਕਾਰਨ ਬਣਦੇ ਹਨ। ੧੨ ਤੋਂ ੧੯ ਸਾਲ ਦੀ ਉਮਰ ਬੜੀ ਸਾਵਧਾਨੀ ਵਰਤਣ ਵਾਲੀ ਹੁੰਦੀ ਹੈ, ਕਿਉਂਕਿ ਇਸ ਉਮਰ ਵਿਚ ਬੱਚਾ ਕਿਸੇ ਵੇਲੇ ਵੀ ਕਿਸੇ ਪਾਸੇ ਵੀ ਮੁੜ ਸਕਦਾ ਹੈ। ਇਸ ਉਮਰ ਵਿਚ ਬੱਚੇ ਦਾ ਖਾਸ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ।

ਲੜਕੀਆਂ ਵਾਸਤੇ ਯੋਗ ਵਰ ਲੱਭਣੇ ਮੁਸ਼ਕਿਲ ਹੋ ਗਏ ਹਨ, ਮਾਪਿਆਂ ਨੂੰ ਇਹ ਡਰ ਬਣਿਆ ਰਹਿੰਦਾ ਹੈ ਕਿ ਕਿਤੇ ਲੜਕਾ ਨਸ਼ੇ ਨਾ ਕਰਦਾ ਹੋਵੇ। ਇੱਥੋਂ ਤਕ ਕਿ ਕਈ ਲੜਕੀਆਂ ਵੀ ਨਸ਼ੇ ਕਰਨ ਲੱਗ ਪਈਆਂ ਹਨ। ਇਸ ਲਈ ਬਾਅਦ ਵਿਚ ਦੁਖੀ ਅਤੇ ਪਰੇਸ਼ਾਨ ਹੋਣ ਨਾਲੋਂ ਪਹਿਲਾਂ ਹੀ ਮਾਪੇ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਗੁਰਬਾਣੀ ਅਤੇ ਗੁਰੂ-ਘਰਾਂ ਨਾਲ ਜੋੜ ਕੇ ਰੱਖਣ।

### ੭. ਘਰੇਲੂ ਲਾਇਬ੍ਰੇਰੀ

ਹਰੇਕ ਗੁਰਸਿੱਖ ਪਰਵਾਰ ਨੂੰ ਆਪਣੇ ਘਰ ਵਿਚ ਗੁਰਮਤਿ ਸਾਹਿਤ, ਸਿੱਖ

ਇਤਿਹਾਸ ਅਤੇ ਗੁਰ-ਇਤਿਹਾਸ ਦੀਆਂ ਪੁਸਤਕਾਂ ਅਤੇ ਹੋਰ ਨੈਤਿਕ ਕਦਰਾਂ-ਕੀਮਤਾਂ ਵਾਲੀਆਂ ਗਿਆਨ-ਵਰਧਕ ਪੁਸਤਕਾਂ ਰੱਖਣੀਆਂ ਚਾਹੀਦੀਆਂ ਹਨ ਅਤੇ ਬੱਚਿਆਂ ਨੂੰ ਚੰਗਾ ਸਾਹਿਤ ਅਤੇ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਹਰ ਗੁਰਸਿੱਖ ਦੇ ਘਰ ਵਿਚ ਇੱਕ ਛੋਟੀ ਜਿਹੀ ਲਾਇਬ੍ਰੇਰੀ ਹੋਵੇ ਜਿਸ ਵਿਚ ਗੁਰਮਤਿ ਸਾਹਿਤ ਦੀਆਂ ਪੁਸਤਕਾਂ ਤੋਂ ਇਲਾਵਾ ਗੁਰਬਾਣੀ ਦੀਆਂ ਸੈਂਚੀਆਂ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਤੋਂ ਬੱਚੇ ਪਾਠ ਕਰ ਕੇ ਗੁਰਬਾਣੀ ਦੇ ਅਰਥ ਸਮਝ ਸਕਣ।

**੮. ਅੰਮ੍ਰਿਤ ਵੇਲਾ**

ਬੱਚਿਆਂ ਨੂੰ ਅੰਮ੍ਰਿਤ ਵੇਲੇ ਉੱਠਣ ਦੀ ਆਦਤ ਪਾਉਣੀ ਚਾਹੀਦੀ ਹੈ। ਜੇ ਮਾਪੇ ਆਪ ਉੱਠ ਕੇ ਬੱਚਿਆਂ ਨੂੰ ਉਠਾ ਕੇ ਇਸ਼ਨਾਨ ਕਰਾ ਕੇ ਨਿੱਤਨੇਮ ਦੀਆਂ ਬਾਣੀਆਂ ਪੜ੍ਹਨ ਅਤੇ ਪੜ੍ਹਾਉਣ, ਸਾਰਾ ਪਰਵਾਰ ਇਕੱਠਾ ਬੈਠ ਕੇ ਜੇਕਰ ਨਿੱਤਨੇਮ ਕਰੇ ਤਾਂ ਹੋਰ ਵੀ ਬਹੁਤ ਚੰਗਾ ਹੈ। ਇਸੇ ਤਰ੍ਹਾਂ ਸ਼ਾਮ ਨੂੰ ਸੋ ਦਰੁ ਰਹਰਾਸਿ ਸਾਹਿਬ ਅਤੇ ਸੋਹਿਲਾ ਸਾਹਿਬ ਦੀ ਬਾਣੀ ਦਾ ਪਾਠ ਬੱਚਿਆਂ ਨੂੰ ਕਰਾਉਣਾ ਚਾਹੀਦਾ ਹੈ।

**੯. ਪਾਠਕ੍ਰਮ (ਸਿਲੇਬਸ)**

ਬੱਚਿਆਂ ਦੀ ਪੜ੍ਹਾਈ ਦੇ (ਸਿਲੇਬਸ) ਵਿਚ ਨੈਤਿਕਤਾ, ਸੱਭਿਆਚਾਰ, ਕਿੱਸਾ ਕਾਵਿ, ਮਹਾਨ ਸ਼ਖ਼ਸੀਅਤਾਂ, ਗੁਰਬਾਣੀ, ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਪਹਿਲਾਂ ਵਾਂਗ ਸ਼ਾਮਿਲ ਕਰਾਉਣ ਲਈ ਪ੍ਰਮੁੱਖ ਸੰਸਥਾਵਾਂ ਸਰਕਾਰ ਨਾਲ ਰਾਬਤਾ ਕਾਇਮ ਕਰਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਂਗ ਹੋਰਨਾਂ ਲੋਕਲ ਜਾਂ ਸਿੰਘ ਸਭਾਵਾਂ ਦੇ ਪ੍ਰਬੰਧ ਅਧੀਨ ਆਉਂਦੇ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਵੱਲੋਂ ਚਲਾਏ ਜਾਂਦੇ ਸਕੂਲਾਂ, ਕਾਲਜਾਂ ਵਿਚ ਵੀ ਗੁਰਮਤਿ ਦੀ ਪੜ੍ਹਾਈ ਲਾਜ਼ਮੀ ਕੀਤੀ ਜਾਵੇ ਜਿਸ ਵਿਚ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਨੂੰ ਪਾਠਕ੍ਰਮ (ਸਿਲੇਬਸ) ਵਿਚ ਸ਼ਾਮਿਲ ਕੀਤਾ ਜਾਵੇ।

**੧੦.** ਗੁਰਦੁਆਰਾ ਪ੍ਰਬੰਧਕ ਕਮੇਟੀਆਂ ਆਪੋ-ਆਪਣੇ ਖੇਤਰਾਂ ਵਿਚ ਸਰਵੇ ਕਰ ਕੇ ਸਿੱਖ ਪਰਵਾਰਾਂ ਦੀ ਨਿਸ਼ਾਨਦੇਹੀ ਕਰਨ ਅਤੇ ਸਿੱਖ ਪ੍ਰਚਾਰਕਾਂ ਦੀ ਟੀਮ ਹਰ ਹਫਤੇ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਵਿਚਾਰਾਂ ਦੀ ਸਾਂਝ ਕਰੇ ਅਤੇ ਬੱਚਿਆਂ ਨੂੰ ਗੁਰੂ-ਘਰਾਂ ਵਿਚ ਆਉਣ ਲਈ ਪ੍ਰੇਰਿਤ ਕਰੇ। ਉਹ ਟੀਮ ਇਹ ਵੀ ਨੋਟ ਕਰੇ ਕਿ ਕਿਸ ਪਰਵਾਰ ਦੇ ਬੱਚੇ ਕਿਤਨੇ ਪਤਿਤ ਹਨ ਜਾਂ ਕਿਤਨੇ ਨਸ਼ਿਆਂ ਵਿਚ ਗ਼ਲਤਾਨ ਹਨ। ਉਨ੍ਹਾਂ ਨੂੰ ਸਿੱਖੀ ਵਿਚ ਵਾਪਸ ਮੁੜਨ ਲਈ ਪ੍ਰੇਰਿਤ ਕਰਨ। ਜਿਹੜੇ ਬੱਚੇ ਅੰਮ੍ਰਿਤਧਾਰੀ ਹਨ ਅਤੇ ਗੁਰਬਾਣੀ ਨਾਲ ਜੁੜੇ ਹੋਏ ਹਨ ਉਨ੍ਹਾਂ ਨੂੰ ਗੁਰੂ-ਘਰਾਂ ਵਿਚ ਸੱਦ ਕੇ ਸਨਮਾਨਿਤ ਕੀਤਾ ਜਾਵੇ ਤਾਂਕਿ ਹੋਰ ਬੱਚਿਆਂ ਨੂੰ ਵੀ ਪ੍ਰੇਰਨਾ ਮਿਲੇ। ਇਸ ਤੋਂ ਇਲਾਵਾ ਸਿੱਖ ਸਕੂਲਾਂ ਵਿਚ ਉਨ੍ਹਾਂ ਦੀਆਂ ਫੀਸਾਂ ਵੀ ਘੱਟ ਕੀਤੀਆਂ ਜਾਣ ਅਤੇ ਉਨ੍ਹਾਂ ਬੱਚਿਆਂ ਲਈ ਸਕੂਲਾਂ/ਕਾਲਜਾਂ ਵਿਚ ਉੱਚ ਸਿੱਖਿਆ ਲਈ ਸੀਟਾਂ ਰਾਖਵੀਆਂ ਰੱਖੀਆਂ ਜਾਣ।

**੧੧.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਵਾਂਗ ਹੋਰ

ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਾਰੇ ਮੈਂਬਰ ਗੁਰਸਿੱਖ ਅਤੇ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੇ ਬੱਚੇ ਵੀ ਗੁਰਸਿੱਖੀ ਨਾਲ ਜੁੜੇ ਹੋਏ ਹੋਣੇ ਚਾਹੀਦੇ ਹਨ ਕਿਉਂਕਿ ਉਨ੍ਹਾਂ ਕੋਲੋਂ ਹੀ ਨਵੀਂ ਪੀੜ੍ਹੀ ਨੇ ਪ੍ਰੇਰਨਾ ਲੈਣੀ ਹੈ।

**੧੨.** ਛੁੱਟੀਆਂ ਦੌਰਾਨ ਗੁਰੂ-ਘਰਾਂ ਵਿਚ ਲੱਗਣ ਵਾਲੇ ਗੁਰਮਤਿ ਸਮਰ ਕੈਂਪਾਂ ਵਿਚ ਵੱਧ ਤੋਂ ਵੱਧ ਬੱਚਿਆਂ ਨੂੰ ਹਾਜ਼ਰ ਹੋਣ ਲਈ ਪ੍ਰੇਰਿਤ ਕੀਤਾ ਜਾਵੇ, ਜਿੱਥੇ ਬੱਚਿਆਂ ਨੂੰ ਗੁਰਮੁਖੀ, ਦਸਤਾਰ ਸਿਖਲਾਈ ਅਤੇ ਸ਼ੁੱਧ ਗੁਰਬਾਣੀ ਉਚਾਰਨ ਅਤੇ ਗੁਰਬਾਣੀ ਕੰਠ ਕਰਨ ਦੀ ਸਿੱਖਿਆ/ਸਿਖਲਾਈ ਆਦਿ ਦਿੱਤੀ ਜਾਵੇ।

**੧੩.** ਸਿੱਖ ਵਿਦਵਾਨ ਅਤੇ ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਅਜੋਕੇ ਦੌਰ ਵਿਚ ਸਮੇਂ ਅਨੁਸਾਰ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹੋਏ ਬੱਚਿਆਂ ਦੀਆਂ ਆਨਲਾਈਨ ਗੁਰਮਤਿ ਕਲਾਸਾਂ ਲਗਾਈਆਂ ਜਾਣ ਜਾਂ ਆਪਣੇ ਸੋਸ਼ਲ ਮੀਡੀਆ ਪੇਜਾਂ 'ਤੇ ਲਗਾਤਾਰ ਜਾਣਕਾਰੀ ਭਰਪੂਰ ਸਮਗਰੀ ਪੋਸਟ ਕੀਤੀ ਜਾਵੇ।

**੧੪.** ਗੁਰੂ-ਘਰਾਂ ਵਿਚ ਲਗਾਏ ਜਾਣ ਵਾਲੇ ਗ੍ਰੰਥੀ, ਕੀਰਤਨੀਏ, ਕਥਾਵਾਚਕ ਅਤੇ ਪ੍ਰਚਾਰਕ, ਸਭ ਦੀ ਵਿੱਦਿਅਕ ਅਤੇ ਧਾਰਮਿਕ ਯੋਗਤਾ ਨਿਰਧਾਰਿਤ ਹੋਣੀ ਚਾਹੀਦੀ ਹੈ, ਘੱਟੋ ਘੱਟ ਗਰੈਜੂਏਟ, ਗੁਰਮਤਿ ਦੇ ਕੋਰਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸੰਪੂਰਨ ਸੰਥਿਆ, ਕਿਸੇ ਗੁਰਸਿੱਖ ਵਿਦਵਾਨ ਜਾਂ ਪ੍ਰਚਾਰਕ ਜਾਂ ਕਾਲਜ ਵਿੱਚੋਂ ਪ੍ਰਾਪਤ ਕੀਤੀ ਹੋਣੀ ਚਾਹੀਦੀ ਹੈ।

**੧੫.** ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਯਕੀਨੀ ਤੌਰ 'ਤੇ ਲਾਗੂ ਕਰਵਾਉਣ ਲਈ ਉਪਰਾਲੇ ਤੇਜ਼ ਕੀਤੇ ਜਾਣ ਤਾਂ ਕਿ ਸੰਗਤ ਅਤੇ ਖਾਸ ਕਰਕੇ ਨਵੀਂ ਪੀੜ੍ਹੀ ਨੂੰ ਸਹੀ ਜਾਣਕਾਰੀ ਹਾਸਲ ਹੋ ਸਕੇ।

ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਇੱਕ ਆਪਣਾ ਯੂਟਿਊਬ ਚੈਨਲ ਚਲਾਇਆ ਜਾ ਰਿਹਾ ਹੈ ਅਤੇ ਉਸ ਵਿਚ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਤੋਂ ਗੁਰਬਾਣੀ ਕੀਰਤਨ ਦਾ ਪ੍ਰਸਾਰਣ ਕੀਤਾ ਜਾ ਰਿਹਾ ਹੈ, ਇਸੇ ਤਰ੍ਹਾਂ ਹੀ ਹੋਰ ਸਿੱਖ ਸੰਸਥਾਵਾਂ ਅੱਗੇ ਆ ਕੇ ਅਜਿਹੇ ਉਪਰਾਲੇ ਕਰਨ। ਚੈਨਲਾਂ ਰਾਹੀਂ ਗੁਰਮਤਿ ਨਾਲ ਸੰਬੰਧਿਤ ਪ੍ਰੋਗਰਾਮ ਪੇਸ਼ ਕੀਤੇ ਜਾਣ, ਜਿਵੇਂ ਕਥਾ, ਕੀਰਤਨ, ਢਾਡੀ ਵਾਰਾਂ, ਕਵੀ ਦਰਬਾਰ, ਗੁਰਬਾਣੀ ਉਚਾਰਨ ਅਤੇ ਕੰਠ ਮੁਕਾਬਲੇ ਤੇ ਦਸਤਾਰ ਮੁਕਾਬਲੇ ਆਦਿ।

ਇਸ ਸਭ ਦੇ ਮੱਦੇਨਜ਼ਰ ਅੱਜ ਸਮਾਜ ਵਿਚ ਗੁਰਬਾਣੀ ਅਤੇ ਗੁਰਮਤਿ ਅਨੁਸਾਰ ਕੁਝ ਚੰਗਾ ਪਰੋਸਨ ਦੀ ਜ਼ਰੂਰਤ ਹੈ, ਤਾਂ ਜੋ ਨਵੀ ਪੀੜ੍ਹੀ ਦੇ ਬੱਚੇ ਚੰਗੇ ਗੁਰਸਿੱਖ ਬਣ ਕੇ ਦੇਸ਼-ਵਿਦੇਸ਼ ਵਿਚ ਚੜ੍ਹਦੀ ਕਲਾ ਨਾਲ ਆਪਣੀ ਕੌਮ ਦਾ ਨਾਮ ਰੋਸ਼ਨ ਕਰਨ।

ਅਗਸਤ ੨੦੨੫ ਦਾ ਬਾਕੀ:

# ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ : ਸਿੱਖ ਇਤਿਹਾਸ ਅਤੇ ਇਮਾਰਤ ਕਲਾ ਦਾ ਚਾਨਣ-ਮੁਨਾਰਾ

*-ਡਾ. ਸਤਿੰਦਰ ਸਿੰਘ**

**੮. 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚੋਂ ਸਿੱਖ ਇਮਾਰਤ ਕਲਾ ਨਾਲ ਸੰਬੰਧਿਤ ਸ਼ਬਦਾਂ ਦੇ ਸਰਲ ਅਰਥ:**

**ੳ.** ਗਰਦੀਨਾ- ਆਲਾ ਦੁਆਲਾ, **ਅ.** ਮੁਰੱਬਾ- ਚੌਕੋਣਾ, **ੲ.** ਨੱਕਾਸ਼ੀ- ਚਿੱਤਰਕਾਰੀ, **ਸ.** ਮੀਨਾਕਾਰੀ- ਸੋਨੇ ਆਦਿ ਧਾਤ ਉੱਤੇ ਫੁੱਲ ਬੂਟੇ ਤਸਵੀਰਾਂ ਬਣਾਏ ਜਾਂਦੇ ਹਨ।, **ਹ.** ਬੇਲਦਾਰ- ਉਹ ਵਸਤੂ ਜਿਸ ਉੱਪਰ ਕਸ਼ੀਦੇ ਨਾਲ, ਉਕਰ ਕੇ ਜਾਂ ਲਿਖ ਕੇ ਬੇਲ ਬਣਾਈ ਹੋਵੇ।, **ਕ.** ਗੱਚਕਾਰੀ- ਚੂਨੇ ਦੀ ਚਿਣਾਈ।, **ਖ.** ਦਾਲਾਨ- ਬਿਨਾਂ ਕਿਵਾੜ ਦੇ ਖੁੱਲ੍ਹਾ ਘਰ।, **ਗ.** ਗੱਚ- ਚੂਨਾ, ਇੱਟ ਪੱਥਰ ਆਦਿ ਦੀ ਚਿਣਾਈ ਦਾ ਮਸਾਲਾ। ਪੱਕੀ ਚਿਣਾਈ ਦੀਆਂ ਕੰਧਾਂ ਅਤੇ ਡਾਟਦਾਰ ਛੱਤਾਂ ਨੂੰ ਅੰਦਰੋਂ ਸੁੰਦਰ ਅਤੇ ਬਾਹਰੋਂ ਮਜ਼ਬੂਤ ਬਣਾਉਣ ਲਈ ਇਕ ਲੇਪ (ਪਲਸਤਰ) ਤਿਆਰ ਕੀਤਾ ਜਾਂਦਾ ਹੈ ਜੋ ਗੱਚ ਕਹਾਉਂਦਾ ਹੈ। ਇਹ ਬਹੁਤ ਪੁਰਾਣੇ ਸਮਿਆਂ ਤੋਂ ਵਰਤੀਂਦਾ ਆਉਂਦਾ ਹੈ, ਅਰ ਇਸ ਵਿਚ ਜੋ ਵਸਤਾਂ ਜਿਸ ਮਿਕਦਾਰ ਵਿਚ ਮਿਲਾਈਆਂ ਜਾਂਦੀਆਂ ਹਨ, ਉਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਇਹ ਕਈ ਪ੍ਰਕਾਰ ਦਾ ਹੁੰਦਾ ਹੈ। ਦੀਵਾਰਾਂ ਦੀ ਅੰਦਰੂਨੀ ਸੋਭਾ ਲਈ ਗੱਚ ਤਿਆਰ ਹੁੰਦਾ ਹੈ। ਉਸ ਵਿਚ ਬਰੀਕ ਰੇਤਾ, ਸੰਗਮਰਮਰ ਦਾ ਚੂਰਨ ਅਤੇ ਖਾਸ ਤਰ੍ਹਾਂ ਦਾ ਚੂਨਾ (Gypsum) ਪੈਂਦਾ ਹੈ। ਬਾਹਰ ਵਰਤਣ ਲਈ ਗੱਚ ਇਤਨਾ ਸੁੰਦਰ ਸੂਖਮ ਨਹੀਂ ਹੁੰਦਾ ਪਰ ਇਹ ਭੀ ਐਸਾ ਹੁੰਦਾ ਹੈ ਕਿ ਅਗਰ ਲੇਪ ਨੂੰ ਸੁਕਾ ਕੇ ਚੰਗੀ ਤਰ੍ਹਾਂ ਘੋਟਿਆ ਜਾਵੇ ਤਾਂ ਸੰਗਮਰਮਰ ਦੀ ਆਭਾ ਦਿੰਦਾ ਹੈ। ਅੱਜਕਲ੍ਹ ਇਸ ਦੀ ਤਿਆਰੀ ਵਿਚ ਸੀਮੇਂਟ ਵਗੈਰਾ ਦਾ ਭੀ ਇਸਤੇਮਾਲ ਹੁੰਦਾ ਹੈ, ਰੇਤ ਅਤੇ ਬਰੀਕ ਚੂਨੇ ਨਾਲ ਮਿਸ਼ਰਿਤ ਪਲਾਸਟਰ ਆਫ਼ ਪੈਰਿਸ (Plaster of Paris) ਦੇ ਤੀਜੇ ਪੋਚ ਨੂੰ ਭੀ ਗੱਚ ਆਖਦੇ ਹਨ। ਗੱਚ ਦੀ ਇਕ ਹੋਰ ਕਿਸਮ ਭੀ ਹੈ ਜਿਸ ਨੂੰ ਕੁਝ ਹੋਰ ਵਿਸ਼ੇਸ਼ ਤਰੀਕਿਆਂ ਨਾਲ ਵੀ ਤਿਆਰ ਕੀਤਾ ਜਾਂਦਾ ਹੈ।

**੫. ਇਮਾਰਤ ਦੇ ਉਸਰਈਏ**

ਇਹ ਇਮਾਰਤ ਕਈ ਪੜਾਵਾਂ ਵਿਚ ਅਤੇ ਕਈ ਸਾਲਾਂ ਵਿਚ ਬਣੀ ਹੈ। ਸਭ ਤੋਂ ਪਹਿਲਾਂ ਇੱਥੇ ਛੋਟੀ ਸਮਾਧ ਸੀ ਜਿਸ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਸਪੁੱਤਰ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਨੇ ਮਿਸਲ ਕਾਲ ਵੇਲੇ ਤਿੰਨ ਮੰਜ਼ਿਲਾਂ ਤਕ ਬਣਾਇਆ। ਉਨ੍ਹਾਂ ਪਾਸ ਸਿੱਖ ਇਮਾਰਤਸਾਜ਼ੀ ਦਾ ਹੁਨਰ ਸੀ। ਰਿਪੋਰਟ ਸ੍ਰੀ ਦਰਬਾਰ ਸਾਹਿਬ ਮੁਤਾਬਕ, "ਬਾਬਾ ਜੀ ਦੇ ਸਮਾ ਜਾਣ ਦੇ ਢੇਰ ਪਿੱਛੋਂ ਸੰਗਤਾਂ ਨੇ

** ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ. ੯੪੩੨੨੦੦੯੫੨*

ਚੰਦਾ ਇਕੱਠਾ ਕਰ ਕੇ ਆਪ ਦਾ ਛੇ ਪਹਿਲੂ ਵਾਲਾ, ਛੇ ਮੰਜ਼ਲਾਂ ਅਸਥਾਨ ਬਣਾ ਦਿੱਤਾ। ਇਸ ਦੇ ਪਿੱਛੋਂ ਮਿਸਲਾਂ ਦੇ ਵੇਲੇ ਸਿੱਖ ਸਰਦਾਰਾਂ ਨੇ ਇਸ ਨੂੰ ਨੌ ਮੰਜ਼ਿਲਾਂ ਬਣਾ ਦਿੱਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਵੀ ਇਸ ਅਸਥਾਨ ਦੀ ਬੜੀ ਸੇਵਾ ਕਰਵਾਈ ਸੀ। ਸ਼ਹਿਰ ਵਿਚ ਇਹ ਸਭ ਤੋਂ ਉੱਚੀ ਇਮਾਰਤ ਹੈ। ਇਸ ਦੇ ਉੱਪਰ ਚੜ੍ਹ ਕੇ ਸ਼ਹਿਰ ਦਾ ਨਜ਼ਾਰਾ ਬਹੁਤ ਸੁੰਦਰ ਦਿਸਦਾ ਹੈ। ਇਸ ਦੇ ਉੱਪਰਲੀ ਛੱਤ ਤੋਂ ਸ੍ਰੀ ਤਰਨ ਤਾਰਨ ਸਾਹਿਬ ਜੋ ਅੰਮ੍ਰਿਤਸਰ ਤੋਂ ੧੫ ਮੀਲ ਦੇ ਫਾਸਲੇ 'ਤੇ ਹੈ, ਦੇ ਮੁਨਾਰੇ ਦਾ ਵੀ ਦਰਸ਼ਨ ਹੋ ਜਾਂਦਾ ਹੈ। ਸ਼ਹਿਰ ਦੇ ਕਈ ਧਨਾਢ ਆਦਮੀਆਂ ਨੇ ਮਾਇਆ ਦੇ ਘੁਮੰਡ ਵਿਚ ਆ ਕੇ ਆਪਣੀ ਘਰੋਗੀ ਇਮਾਰਤਾਂ ਨੂੰ ਇਡਾ ਹੀ ਉੱਚਾ ਬਣਾਉਣਾ ਅਰੰਭ ਕੀਤਾ ਪਰੰਤੂ ਉਨ੍ਹਾਂ ਦਾ ਇਹ ਕੰਮ ਕਦੇ ਸਿਰੇ ਨਹੀਂ ਚੜ ਸਕਿਆ।"[੧੦]

ਗਿਆਨੀ ਕਿਰਪਾਲ ਸਿੰਘ ਲਿਖਦੇ ਹਨ, "ਪਹਿਲਾਂ ਇਸ ਜਗ੍ਹਾ ਛੋਟੀ ਜਿਹੀ ਸਮਾਧ ਸੀ। ਸ਼ਹਿਰ ਦੇ ਪ੍ਰੇਮੀ ਸਿਖਾਂ ਨੇ ਬਾਬਾ ਅਟੱਲ ਰਾਇ ਜੀ ਦੀ ਉਮਰ ਨੌ ਸਾਲ ਦੀ ਹੋਣ ਕਰਕੇ ਨੌ ਮੰਜ਼ਲੀ ਅੱਠ ਨੁਕਰੀ ਇਮਾਰਤ ਦੀ ਨੀਂਹ ੧੮੩੫ ਬਿ. ਵਿਚ ਰੱਖੀ। ਫਿਰ ਜੋਧ ਸਿੰਘ ਰਾਮਗੜ੍ਹੀਏ ਨੇ ਸੰਮਤ ੧੮੪੧ ਵਿਚ ਕੁਝ ਮੰਜ਼ਲਾਂ ਬਣਵਾਈਆਂ। ਬਾਕੀ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ ਨੇ ਦਿਆਲ ਸਿੰਘ ਦੇ ਰਾਹੀਂ ੧੮੭੮ ਬਿਕਰਮੀ ਵਿਚ ਬਣਵਾਈਆਂ। ਗੁੰਬਦ ਸੁਨਹਿਰੀ ਦੇਸਾ ਸਿੰਘ ਮਜੀਠਾ ਨੇ ੧੮੭੭ ਬਿ. ਵਿਚ ਤਿਆਰ ਕਰਵਾਇਆ। ਇੱਥੇ ਕਾਫ਼ੀ ਸਿਖਾਂ ਦਾ ਸਸਕਾਰ ਹੋਇਆ ਅਤੇ ਸਮਾਧਾਂ ਸਨ ਪਰ ਹੁਣ ਕੇਵਲ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਏ ਦੀ ਸਮਾਧ ਹੈ।"[੧੧] ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ ਦੇ ਸਥਾਨ ਉੱਪਰ ਆਹਲੂਵਾਲੀਏ ਸਰਦਾਰਾਂ ਦੇ ਅਤੇ ਬਾਬਾ ਦੀਪ ਸਿੰਘ ਸ਼ਹੀਦ ਦੇ ਸਥਾਨ ਉਪਰ ਰਾਮਗੜ੍ਹੀਏ ਸਰਦਾਰਾਂ ਦੇ ਸਰੀਰਾਂ ਦੇ ਸਸਕਾਰ ਹੋਏ ਹਨ। ਸਸਕਾਰ ਵਾਲੇ ਸਥਾਨਾਂ ਦੀਆਂ ਇਮਾਰਤਾਂ ਲਈ ਦੇਹੁਰਾ ਸ਼ਬਦ ਪ੍ਰਚਲਿਤ ਸੀ। ਇਹ ਅੱਠਕੋਣੀ ਇਮਾਰਤ ਹੈ। ਅਜੋਕੀ ਆਰਕੀਟੈਕਚਰ ਭਾਸ਼ਾ ਵਿਚ ਅੱਠਕੋਣੀ ਇਮਾਰਤ octagonal ਨੂੰ ਆਖਦੇ ਹਨ। ਗਿਆਨੀ ਗਿਆਨ ਸਿੰਘ ਲਿਖਦੇ ਹਨ, "ਸੰਮਤ ੧੮੯੬ ਬਿਕ੍ਰਮੀ ਵਿਚ ਸ੍ਰੀ ਦਰਬਾਰ ਸਾਹਿਬ ਦੀ ਚੜ੍ਹਤ ਨਾਲ ਬਾਬੇ ਅਟੱਲ ਸਾਹਿਬ ਦੀ ਬਾਹਰਲੀ ਮੀਨਾਕਾਰੀ ਸਰਦਾਰ ਦੇਸਾ ਸਿੰਘ ਦੀ ਮਾਰਫ਼ਤ ਕਰਵਾਈ।"[੧੨]

ਡਾ. ਕਿਰਪਾਲ ਸਿੰਘ ਅਨੁਸਾਰ, "ਬਾਬਾ ਅਟੱਲ ਰਾਇ ਦੀ ਯਾਦ ਵਿਚ ਉਨ੍ਹਾਂ ਦੀ ਸਮਾਧ ਦੀ ਯੋਜਨਾ ਮਿਸਲਦਾਰਾਂ ਨੇ ਰਲ ਕੇ ਬਣਾਈ ਤੇ ਉਨ੍ਹਾਂ ਇਸ ਵਾਸਤੇ ਮਾਇਆ ਇਕੱਤਰ ਕੀਤੀ। ਇਸ ਦਾ ਨੀਂਹ ਪੱਥਰ ੧੬੭੦ ਈ. ਵਿਚ ਰੱਖਿਆ। ਸ. ਜੋਧ ਸਿੰਘ ਰਾਮਗੜ੍ਹੀਏ ਨੇ ਪਹਿਲੀਆਂ ਦੋ ਮੰਜ਼ਲਾਂ ਬਣਵਾਈਆਂ। ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਇਸ ਨੂੰ ਬਣਾਉਣ ਵਿਚ ਵਧੇਰੇ ਹਿੱਸਾ ਪਾਇਆ। ਇਸ ਦੀਆਂ ਨੌ ਮੰਜ਼ਲਾਂ ਬਣਾਈਆਂ ਗਈਆਂ ਕਿਉਂਕਿ ਬਾਬਾ ਅਟੱਲ ਰਾਇ ਜੀ ਨੇ ਨੌ ਸਾਲ ਦੀ ਉਮਰ ਵਿਚ ਪਰਲੋਕ ਗਮਨ

ਕੀਤਾ ਸੀ।.... ਬਾਬਾ ਅਟੱਲ ਰਾਇ ਦੀ ਸਮਾਧ ੧੫੦ ਫੁੱਟ ਉੱਚੀ ਹੈ। ਸ੍ਰੀ ਅੰਮ੍ਰਿਤਸਰ ਦੀਆਂ ਸਾਰੀਆਂ ਉੱਚੀਆਂ ਇਮਾਰਤਾਂ ਚੋਂ ਉੱਚੀ ਮੰਨੀ ਜਾਂਦੀ ਹੈ। ਇਸ ਉਤੇ ਚੜ੍ਹ ਕੇ ਸਾਰਾ ਸ਼ਹਿਰ ਨਜ਼ਰ ਆਉਂਦਾ ਹੈ। ਇਸ ਦੀਆਂ ਹੇਠਲੀਆਂ ਚਾਰ ਮੰਜ਼ਲਾਂ ਦੀਆਂ ਕੰਧਾਂ ਉੱਤੇ ਪਿੱਤਲ ਅਤੇ ਚਾਂਦੀ ਦੀਆਂ ਸ਼ੀਟਾਂ ਉੱਤੇ ਚਿੱਤਰ ਉਕਰੇ ਹੋਏ ਹਨ। ਹੇਠਲੀ ਮੰਜ਼ਲ ਦੀਆਂ ਕੰਧਾਂ ਉੱਤੇ ਬਹੁਤ ਸਾਰੀ ਚਿੱਤਰਕਾਰੀ ਕੀਤੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਦੇਸਾ ਸਿੰਘ ਮਜੀਠੀਆ ਰਾਹੀਂ ਇਸ ਦੇ ਕਲਸ ਨੂੰ ਸੋਨਾ ਲਗਵਾਇਆ।[੧੩] ਇਮਾਰਤ ਦੀ ਜ਼ਮੀਨੀ ਮੰਜ਼ਿਲ ਅੰਦਰ ਰੋਸ਼ਨੀ ਅਤੇ ਹਵਾ ਲਈ ਚਾਰੋਂ ਦਿਸ਼ਾਵਾਂ ਵਿਚ ਚਾਰ ਵੱਡੇ ਮਘੋਰੇ ਰੱਖੇ ਹਨ। ਇਸ ਇਮਾਰਤ ਦੀ ਉਸਾਰੀ ੧੭੭੨ ਈ. ਵਿਚ ਸ਼ੁਰੂ ਹੋਈ ਅਤੇ ੧੯੩੫ ਈ. ਵਿਚ ਸੰਪੂਰਨ ਹੋਈ।[੧੪]

ਗਿਆਨੀ ਗਿਆਨ ਸਿੰਘ ਅਨੁਸਾਰ, "ਇਸ ਗੁਰਦੁਆਰੇ ਦੀ ਜਗੀਰ ਕੁਝ ਨਹੀਂ ਪਰ ਆਮਦਨੀ ਲਗਭਗ ਵੀਹ ਹਜ਼ਾਰ ਸਾਲਾਨਾ ਹੈ ਜਿਸ ਵਿੱਚੋਂ ਅੱਧ ਪੁਜਾਰੀਆਂ ਦਾ ਅਤੇ ਅੱਧ ਮਕਾਨ ਉੱਤੇ ਲੱਗਦਾ ਹੈ। ਕੁਝ ਕੁ ਨੌਕਰਾਂ ਨੂੰ ਵੀ ਦਿੱਤਾ ਜਾਂਦਾ ਹੈ। ਪੁਜਾਰੀ ਇਥੋਂ ਦੇ ਹਨ:-

**੧.** ਵਸਾਖਾ ਸਿੰਘ ਅਰੋੜਾ, ਜਿਸਦਾ ਨਵਾਸਾ ਹਰਦਿੱਤ ਸਿੰਘ, ੯ ਆਨੇ ਪਾਉਂਦਾ ਹੈ।, **੨.** ਜੱਸਾ ਸਿੰਘ ਅਰੋੜਾ ਅਤੇ ਗੁਲਾਬ ਸਿੰਘ, ਲਾਭ ਸਿੰਘ ਆਦਿ ਸਾਢੇ ਤੇਰਾਂ ਆਨੇ।, **੩.** ਜਵਾਹਰ ਸਿੰਘ ਜਿਮੀਦਾਰ, ਧਰਮ ਸਿੰਘ, ਕਰਮ ਸਿੰਘ ਅਰੋੜਾ ੧੦ ਆਨੇ।

ਪੈਸੇ ਖਜ਼ਾਨਿਓ ਮਿਲਦੇ ਹਨ। ਚਵੀ ਹਜ਼ਾਰ ਰੁਪਿਆ ਸਰਕਾਰ ਨਾਭਾ ਨੇ ਸੰਮਤ ੧੯੫੧ ਨੂੰ ਇੱਥੇ ਚੜ੍ਹਾਇਆ ਜੋ ਇਨ੍ਹਾਂ ਸਭ ਨੂੰ ਹਿੱਸਿਆਂ ਮੁਜਬ ਵੰਡ ਦਿੱਤਾ।"[੧੫] ਪਰ ਹਜ਼ਾਰਾ ਸਿੰਘ ਸੋਢੀ ਨੇ ਗੁਰਦੁਆਰਾ ਬਾਬਾ ਅਟੱਲ ਰਾਇ ਦੀ ਜਾਇਦਾਦ ਵਿਚ ੯੧ ਦੁਕਾਨਾਂ, ੪੨ ਕਨਾਲ ਜ਼ਮੀਨ ਸੁਲਤਾਨਵਿੰਡ ਵਿਚ ਅਤੇ ੫੯ ਘੁਮਾਂ ਜ਼ਮੀਨ ਰੱਖ ਸ਼ਿਕਾਰਗੜ੍ਹ ਵਿਚ ਦੱਸੀ ਹੈ। ਕਰਮ ਸਿੰਘ ਹਿਸਟੋਰੀਅਨ ਨੇ ਇਸ ਇਮਾਰਤ ਦੇ ਉਸਰਈਆਂ ਦਾ ਵੇਰਵਾ ਦਿੱਤਾ ਹੈ ਜੋ ਇਤਿਹਾਸਿਕ ਪੱਖ ਤੋਂ ਬਹੁਤ ਜਾਣਕਾਰੀ ਭਰਪੂਰ ਹੈ:

ਇਸਦੀ ਸ਼ਕਲ ਮੁਨਾਰੇ ਵਰਗੀ ਹੈ। ੧੨੫ ਫੁਟ ਮੁਰੱਬਾ ਹਰ ਇਕ ਪਹਿਲੂ ਉੱਨੀ ਉੱਨੀ ਫੁੱਟ ਹੈ। ਉਚਾਈ ੧੫੦ ਫੁੱਟ, ਛੇ ਮੰਜ਼ਲਾਂ ਵੱਡੀਆਂ ਤੇ ਤਿੰਨ ਮੰਜ਼ਲਾਂ ਛੋਟੀਆਂ, ਇਕ ਮੰਜ਼ਲ, ਗੁੰਬਦ ਸੁਨਹਿਰੀ ਅਤੇ ਇਕ ਕਲਸ਼ ਸੁਨਹਿਰੀ ਇਸ ਤਰ੍ਹਾਂ ਬਾਰਾਂ ਮੰਜ਼ਲਾਂ ਗਿਣੀਆਂ ਜਾਂਦੀਆਂ ਹਨ। ਇਸ ਉੱਤੇ ਸਾਰੀ ਰਾਤ ਇਕ ਦੀਵਾ (ਜੋਤ) ਜਗਦਾ ਰਹਿੰਦਾ ਹੈ ਜੋ ਦਸ-ਦਸ, ਬਾਰ੍ਹਾਂ-ਬਾਰ੍ਹਾਂ ਕੋਹ ਤੋਂ ਪਿਆ ਦਿਸਦਾ ਹੈ। ਇਸ ਉੱਤੇ ਚੜ੍ਹਨ ਵਾਲੇ ਤਰਨ ਤਾਰਨ ਸਾਹਿਬ ਤੀਕ ਹਰ ਤਰਫ ਦਾ ਨਜ਼ਾਰਾ ਲੈਂਦੇ ਹਨ। ਇਸ ਦੇ ਚਾਰ ਦਰਵਾਜ਼ੇ ਹਨ। ਅੰਦਰਲੀ ਪਰਕਰਮਾ ਚੌਂਹਠ ਫੁੱਟ ਮੁਰੱਬਾ ਹੈ, ਦੋ ਪੌੜੀਆਂ ਮਸ਼ਰਕ ਤੇ ਮਗਰਬ (ਪੂਰਬ ਤੇ ਪੱਛਮ), ਛੇ ਮੰਜ਼ਲਾਂ ਤੀਕ ਹਨ। ਇਸ ਅੰਦਰ ਛੱਤ ਪਰਕਰਮਾ ਸ਼ਮਾਲ

(ਉੱਤਰ) ਵੱਲ ਦੀ ਨੁਕਰਈ ਤੇ ਸੁਨਹਿਰੀ ਗਚਕਾਰੀ ਤੇ ਨਕਾਸ਼ੀ ਸੰਮਤ ੧੮੭੫ ਨੂੰ ਰਾਣੀ ਸਦਾ ਕੌਰ ਨੇ ਕਰਵਾਈ। ਦੂਸਰੇ ਪਹਿਲੂ ਦਖਣੀ, ਸੰਮਤ ੧੮੯੨ ਨੂੰ ਰਾਣੀ ਜਿੰਦਾਂ ਨੇ ਤੀਜੇ ਪਹਿਲੂ ਦੇ ਸੁਨਹਿਰੀ ਗੱਚਕਾਰੀ ਭਾਈ ਤਾਰਾ ਸਿੰਘ ਗ੍ਰੰਥੀ, ਪਟਯਾ ਮੱਲ ਤੇ ਚੰਨੀ ਮੱਲ ਨੇ, ੧੮੯੧ ਨੂੰ, ਚੌਥਾ ਪਹਿਲੂ ਸੁੰਦਰ ਸਿੰਘ ਜਮ੍ਹਾਂਦਾਰ ਨੇ ਸੰਮਤ ੧੮੮੮ ਨੂੰ ਪੰਜਵਾਂ ਪਹਿਲੂ ਤੇ ਸ਼ਮਾਲੀ ਦਰਵਾਜ਼ਾ ਅਤਰ ਸਿੰਘ ਕੜਿਆਲੀਏ ਨੇ ਸੰਮਤ ੧੮੯੦ ਨੂੰ ਦਰਸ਼ਨੀ ਦਰਵਾਜ਼ੇ ਦੇ ਬਾਹਰੋਂ ਗੱਚਕਾਰ ਬੇਲ ਬੂਟਾ ਕਿਰਪਾ ਰਾਮ ਲੋਟੀਆਂ ਨੇ ਸੰਮਤ ੧੮੯੭ ਨੂੰ ਅਤੇ ਅੰਦਰ ਦਰਸ਼ਨੀ ਦਰਵਾਜ਼ੇ ਗੱਚਕਾਰੀ ਭਾਈ ਮਹਾਂ ਸਿੰਘ ਪਸ਼ੌਰੀ ਨੇ ਸੰਮਤ ੧੯੦੭ ਨੂੰ, ਦੂਜਾ ਪਹਿਲੂ ਦਰਸ਼ਨੀ ਦਰਵਾਜ਼ੇ ਦੇ ਨਾਲ ਸੁਨਹਿਰੀ ਸ਼ੀਸ਼ੇ ਵਾਲਾ ਦੀਵਾਰ ਮੈਹ ਛਤ ਸੰਮਤ ੧੮੬੪ ਨੂੰ, ਸ਼ਾਮ ਸਿੰਘ ਅਟਾਰੀ ਵਾਲੇ ਨੇ ਅਤੇ ਗਰਦੀਨਾਂ ਦੀਵਾਰ ਤਿੰਨ ਗਜ਼ ਦੇ ਕਰੀਬ ਸੁਹੇਲ ਸਿੰਘ ਹਲਵਾਈ ਨੇ ਸੰਮਤ ੧੯੦੩ ਨੂੰ, ਅੰਦਰ ਦਰਵਾਜ਼ਾ ਮਸ਼ਰਕੀ ਤੇ ਪਰਕਰਮਾ ਤੇ ਛੱਤ ਗੱਚਕਾਰੀ ਸੁਨਹਿਰੀ ਰਾਜਾ ਜਸਵੰਤ ਸਿੰਘ ਨਾਭਾ ਵਾਲਾ ਨੇ ਸੰਮਤ ੧੮੯੩ ਨੂੰ, ਇਕ ਦੀਵਾਰ ਤਿੰਨ ਗਜ਼, ਹੀਰਾ ਸਿੰਘ ਪਸ਼ੌਰੀ ਨੇ ਸੰਮਤ ੧੯੦੯ ਨੂੰ, ਗਰਦੀਨਾਂ ਅੰਦਰ ਦੂਜੀ ਤਰਫ ਗੁਰਬਖਸ਼ ਸਿੰਘ ਅਤਰੇ ਨੇ ਸੰਮਤ ੧੮੯੧ ਨੂੰ, ਛਤ ਜਾਨਬ ਜਨੂਬ (ਦੱਖਣ) ਵੱਲ ਮੈਹ ਪਰਕਰਮਾ, ਬੂੜਾ ਮਲ ਅਤਾਰ ਤੇ ਲਾਲਾ ਸ਼ਿਵਦਿਆਲ ਖੰਨੇ ਵਾਲੇ ਨੇ ਸੰਮਤ ੧੯੧੧ ਨੂੰ, ਗਰਦੀਨ ਅੰਦਰਲੀ ਮੈਹ ਦੀਵਾਰਾਂ ਦੋ ਗਜ਼ ਜੀਵਨ ਮਲ ਪਸ਼ੌਰੀਏ ਨੇ ੧੮੯੨ ਨੂੰ, ਜਨੂਬ ਵੱਲ ਪੰਜ ਗਜ਼ ਪਰਕਰਮਾ, ਬੂੜਾ ਮਲ ਅਤਾਰ ਨੇ ਸੰਮਤ ੧੮੯੫ ਨੂੰ, ਏਸ ਸਾਲ ਗਰਦੀਨ ਦੋ ਗਜ਼ ਦੀਵਾਰ ਸ. ਠਾਕੁਰ ਸਿੰਘ ਅਟਾਰੀ ਵਾਲੇ ਨੇ, ਗਰੂਬ (ਪੱਛਮ) ਵਲ ਦੀ ਪਰਕਰਮਾ ਤੇ ਛਤ ਤੇ ਗਰਦੀਨਾਂ ਗਚਕਾਰੀ ਸੁਨਹਿਰੀ ਦੋ ਗਜ਼ ਸੰਮਤ ੧੮੯੭ ਨੂੰ, ਹਰੀ ਸਿੰਘ ਤੇ ਚਰਨ ਸਿੰਘ ਪਸ਼ੌਰੀਏ ਨੇ। ਦੋ ਗਜ਼ ਗਰਦੀਨ ਗੱਚਕਾਰੀ ਸੁਰਮੁਖ ਸਿੰਘ ਲੱਕੜੀ ਵਾਲੇ ਨੇ ਸੰਮਤ ੧੯੧੨ ਨੂੰ, ਸੱਤਵੀਂ ਛੱਤ ਇੱਟ ਚੂਨੇ ਦੀ। ਬਾਹਰ ਇਸ ਛੱਤ ਦੇ ਨਕਾਸ਼ੀ ਤੇ ਗੱਚਕਾਰੀ ਸੰਮਤ ੧੯੦੮ ਨੂੰ ਘਨਈਏ ਪਸ਼ੌਰੀਏ ਨੇ। ਅੰਦਰਲੀ ਦੀਵਾਰ ਤਿੰਨ ਗਜ਼ ਮੁਰੱਬਾ ਸੁਨਹਿਰੀ ਗੱਚਕਾਰੀ ੧੮੯੨ ਨੂੰ ਕਾਨ੍ਹ ਸਿੰਘ ਅਤੇ ਗੁਰਮੁਖ ਸਿੰਘ ਪਸ਼ੌਰੀਏ ਨੇ, ਪੂਰਬ ਦੇ ਪਹਿਲੂ ਇਕ ਪਰਕਰਮਾ ਤੇ ਇਕ ਪਰਕਰਮਾ ਵਿਚ ਸੁਨਹਿਰੀ ਗੱਚਕਾਰੀ ਸ਼ੀਸ਼ੇ ਵਾਲੀ ਪਰਕਰਮਾ ਸੁਰਮੁਖ ਸਿੰਘ ਲੱਕੜੀ ਵਾਲੇ ਨੇ ਸੰਮਤ ੧੯੦੨ ਨੂੰ, ਗੁਰਦੀਨਾ ਦੀਵਾਰ ਤਿੰਨ ਗਜ਼ ਸੰਮਤ ੧੮੯੦ ਨੂੰ ਦੀਵਾਨ ਸਿੰਘ ਕਲਾਲ ਨੇ, ਦੂਜੇ ਦਰਜੇ ਦੀ ਛਤ ਸ. ਮੀਹਾ ਸਿੰਘ ਭਾਗੋਵਾਲੀਏ ਨੇ ਗਚਕਾਰੀ, ਨਕਾਸ਼ੀ ਸੁਨਹਿਰੀ ਸ਼ੀਸ਼ਾ ਲਾ ਕੇ ਸੰਮਤ ੧੮੯੭ ਨੂੰ ਬਾਕੀ ਹੋਰ ਛਤਾਂ ਇੱਕੋ ਜਿਹੀਆਂ ਹਨ।[੧੬]

### ੬. ਕੰਧ ਚਿੱਤਰ

ਕੰਧ ਚਿੱਤਰ, ਸਿੱਖ ਕਲਾ ਦਾ ਅਹਿਮ ਅੰਗ ਰਹੇ ਹਨ। ਸਾਡੇ ਪੁਰਾਤਨ ਗੁਰਧਾਮਾਂ ਵਿਚ ਇਨ੍ਹਾਂ ਦਾ ਵਿਸ਼ੇਸ਼ ਸਥਾਨ ਸੀ। ਇਹ ਇਤਿਹਾਸ ਦਾ ਪ੍ਰਗਟਾਵਾ ਕਰਦੇ ਸਨ। ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਵੀ ਬਹੁਤ ਸਾਰੇ ਕੰਧ

ਚਿੱਤਰ ਹਨ। ਜ਼ਮੀਨੀ ਮੰਜ਼ਿਲ ਦੀਆਂ ਕੰਧਾਂ, ਪੌੜੀਆਂ ਤੇ ਚੁਗਾਠਾਂ ਉੱਤੇ ਬਹੁਤ ਸਾਰੇ ਗੁਰਸਿੱਖਾਂ ਦੇ ਨਾਮ ਲਿਖੇ ਹੋਏ ਹਨ ਜਿਨ੍ਹਾਂ ਨੇ ਅਲੱਗ-ਅਲੱਗ ਸੇਵਾਵਾਂ ਕਰਵਾਈਆਂ ਹਨ। ਪਹਿਲੀ ਮੰਜ਼ਿਲ ਉੱਤੇ ਸਿੱਖ ਇਤਿਹਾਸ ਦੇ ਸ਼ਹੀਦਾਂ ਦੀਆਂ ਅਤੇ ਇਤਿਹਾਸਿਕ ਘਟਨਾਵਾਂ ਦੇ ਵੱਖ-ਵੱਖ ਕੰਧ ਚਿੱਤਰ ਹਨ ਜਿਵੇਂ- ਬਾਬਾ ਬਲਵੰਤ ਸਿੰਘ ਸ਼ਹੀਦ, ਬਾਬਾ ਬਿਜਲਾ ਸਿੰਘ ਸ਼ਹੀਦ, ਬਾਬਾ ਖੜਗ ਸਿੰਘ ਸ਼ਹੀਦ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ, ਸਾਹਿਬਜ਼ਾਦਾ ਬਾਬਾ ਫਤਿਹ ਸਿੰਘ, ਬਾਬਾ ਤਪਾ ਸਿੰਘ ਸ਼ਹੀਦ, ਬਾਬਾ ਉਦੇ ਸਿੰਘ ਸ਼ਹੀਦ, ਬਚਿੱਤਰ ਸਿੰਘ ਸ਼ਹੀਦ, ਬਾਬਾ ਗੁਰਬਖਸ਼ ਸਿੰਘ ਸ਼ਹੀਦ, ਬਾਬਾ ਦੀਪ ਸਿੰਘ ਸ਼ਹੀਦ। ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬੈਠੇ ਹਨ ਅਤੇ ਬਾਣੀਕਾਰ ਭਗਤ ਹਾਜ਼ਰ ਹਨ। ਸ੍ਰੀ ਗੁਰੂ ਨਾਨਕ ਸਾਹਿਬ ਦੀਆਂ ਪ੍ਰਚਾਰ ਫੇਰੀਆਂ ਦੇ ਨਾਲ ਸੰਬੰਧਿਤ ਬਹੁਤ ਸਾਰੇ ਕੰਧ ਚਿੱਤਰ ਹਨ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਵੇਲੇ ਹਿੰਦੂ ਤੇ ਮੁਸਲਮਾਨ ਗੁਰੂ ਸਾਹਿਬ ਵੱਲੋਂ ਸਰੀਰ ਉੱਪਰ ਲਈ ਚਾਦਰ ਨੂੰ ਚੁੱਕ ਰਹੇ ਹਨ ਪਰ ਚਾਦਰ ਥੱਲੇ ਸਰੀਰ ਨਹੀਂ ਹੈ। ਚਾਦਰ ਫਟ ਕੇ ਅੱਧੀ ਹਿੰਦੂਆਂ ਦੇ ਹੱਥ ਅਤੇ ਅੱਧੀ ਮੁਸਲਮਾਨਾਂ ਦੇ ਹੱਥ ਆਈ ਹੋਈ ਹੈ। ਗਊ ਰੂਪ ਵਿਚ ਪ੍ਰਿਥਵੀ, ਨਿਰੰਕਾਰ ਪਾਸ ਬੇਨਤੀ ਕਰ ਰਹੀ ਹੈ। ਬਾਬਾ ਅਟੱਲ ਰਾਇ ਜੀ ਅਤੇ ਮੋਹਨ ਦੇ ਕੰਧ ਚਿੱਤਰ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਸ ਤੇ ਸਹੁਰਾ, ਗੁਰੂ ਜੀ ਨੂੰ ਪ੍ਰਚਾਰ ਫੇਰੀ ਜਾਣ ਮੌਕੇ ਸਵਾਲ ਕਰ ਰਹੇ ਹਨ। ਰਾਇ ਬੁਲਾਰ, ਮਹਿਤਾ ਕਾਲੂ ਜੀ, ਭਾਈ ਬਾਲੇ ਤੇ ਭਾਈ ਫਿਰੰਦੇ ਦਾ ਕੰਧ ਚਿੱਤਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਮਲਿਕ ਭਾਗੋ ਦੀਆਂ ਪੂੜੀਆਂ ਵਿੱਚੋਂ ਲਹੂ ਅਤੇ ਭਾਈ ਲਾਲੋ ਦੇ ਪਰਸ਼ਾਦਿਆਂ ਵਿਚੋਂ ਦੁੱਧ ਨਿਕਲਦਾ ਵਿਖਾ ਕੇ ਧਰਮ ਦੀ ਸੱਚੀ ਅਤੇ ਸੁੱਚੀ ਕਿਰਤ ਕਰਨ ਲਈ ਪ੍ਰੇਰ ਰਹੇ ਹਨ। ਕਰਤਾਰਪੁਰ ਦੀ ਉਸਾਰੀ ਦੇ ਚਿੱਤਰ ਹਨ। ਕੌਡੇ ਰਾਖ਼ਸ਼ ਦੇ ਚਿੱਤਰ ਵਿਚ ਉਹ ਭਾਈ ਮਰਦਾਨਾ ਜੀ ਨੂੰ, ਕੜਾਹੇ ਵਿਚ ਸੁੱਟ ਰਿਹਾ ਹੈ। ਗੁਰੂ ਜੀ ਸਾਲਸ ਰਾਇ ਨਾਲ ਬਚਨ ਬਿਲਾਸ ਕਰ ਰਹੇ ਹਨ ਗੁਰੂ ਸਾਹਿਬ ਦੀ ਸਕੂਲੀ ਵਿੱਦਿਆ ਦੇ ਚਿੱਤਰ ਹਨ। ਮੋਦੀਖਾਨੇ ਦੀ ਨੌਕਰੀ, ਖਰਾ ਸੌਦਾ ਕਰਨ ਸਮੇਤ ਗੁਰੂ ਸਾਹਿਬ ਦੇ ਵਿਆਹ ਦੇ ਦ੍ਰਿਸ਼ਾਂ ਨੂੰ ਪੇਸ਼ ਕੀਤਾ ਹੈ। ਇਸ ਤਰ੍ਹਾਂ ਉਸ ਸਮੇਂ ਕੰਧ-ਚਿੱਤਰਾਂ ਦੀ ਪ੍ਰਚਲਿਤ ਵਿਧੀ ਰਾਹੀਂ ਗੁਰੂ ਸਾਹਿਬਾਨ ਦੇ ਜੀਵਨ ਕਰਤਬ ਬਿਆਨ ਕੀਤੇ ਗਏ ਹਨ।

**੭. ਇਮਾਰਤ ਦੀ ਸੇਵਾ**

ਇਸ ਇਮਾਰਤ ਦੀ ਸੇਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਨਾਲ ਬ੍ਰਹਮਲੀਨ, ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਸਾਹਿਬ ਵਾਲਿਆਂ ਦੇ ਸਹਿਯੋਗ ਉਨ੍ਹਾਂ ਦੇ ਚਰਨ-ਸੇਵਕ ਡਾ. ਧਰਮਜੀਤ

ਸਿੰਘ ਦੀ ਨਿਗਰਾਨੀ ਵਿਚ ਲਗਪਗ ੧੪ ਸਾਲ ਤੋਂ ਚੱਲ ਰਹੀ ਹੈ। ਡਾ. ਧਰਮਜੀਤ ਸਿੰਘ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਫਰਸ਼ ਦੀ ਸੇਵਾ ਕਰਵਾਈ ਹੈ। ਦਰਵਾਜ਼ੇ ਤੇ ਖਿੜਕੀਆਂ ਨਵੇਂ ਲਗਵਾਏ ਹਨ। ਪੰਜ ਦਰਵਾਜ਼ੇ ਚਾਂਦੀ ਦੇ ਅਤੇ ਤਿੰਨ ਦਰਵਾਜ਼ੇ ਪਿੱਤਲ ਦੇ ਲਗਵਾਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਸੋਨੇ ਦੀ ਪਾਲਕੀ ਤਿਆਰ ਕਰਵਾਈ ਹੈ। ਦਰਸ਼ਨੀ ਡਿਉੜੀ ਨੂੰ ਪੁਰਾਤਨ ਦਿੱਖ ਦਿੱਤੀ ਹੈ। ਇਮਾਰਤ ਨੂੰ ਰੰਗ-ਰੋਗਨ ਕਰਵਾਇਆ ਜਾ ਰਿਹਾ। ਇੱਥੇ ਸਥਿਤ ਪੁਰਾਤਨ ਖੂਹ ਦੀ ਸੰਭਾਲ ਸਮੇਤ ਜ਼ਰੂਰੀ ਥਾਵਾਂ ਉੱਪਰ ਮੁਰੰਮਤ ਦੀ ਸੇਵਾ ਕਰਵਾਈ ਜਾ ਰਹੀ ਹੈ।

ਇਸ ਥਾਂ ਮੌਜੂਦਾ ਨਵਉਸਾਰੀ ਤੋਂ ਪਹਿਲਾਂ ਬਹੁਤ ਸਾਰੇ ਗੁਰਸਿੱਖਾਂ ਦੇ ਸਰੀਰਾਂ ਦੇ ਸਸਕਾਰ ਹੋਏ ਸਨ ਅਤੇ ਉਨ੍ਹਾਂ ਦੀਆਂ ਯਾਦਗਾਰਾਂ ਸਨ ਜਿਵੇਂ- ਨਵਾਬ ਕਪੂਰ ਸਿੰਘ, ਸ. ਜੱਸਾ ਸਿੰਘ ਆਹਲੂਵਾਲੀਆ, ਸ. ਦਰਬਾਰਾ ਸਿੰਘ, ਰਾਣੀ ਸਦਾ ਕੌਰ, ਰਾਣੀ ਮਤਾਬ ਕੌਰ, ਕੰਵਰ ਪਸ਼ੌਰਾ ਸਿੰਘ, ਕੰਵਰ ਕਸ਼ਮੀਰਾ ਸਿੰਘ, ਭਾਈ ਮੱਖਣ ਸਿੰਘ, ਭਾਈ ਸੰਤ ਸਿੰਘ, ਸ. ਜੋਧ ਸਿੰਘ, ਸ. ਗੰਡਾ ਸਿੰਘ ਪਸ਼ੌਰੀਆ, ਬਾਬਾ ਹਰਾ ਸਿੰਘ ਜੀ।[੧੭] ਸੰਗਤ ਦੀ ਆਮਦ ਜ਼ਿਆਦਾ ਹੋਣ ਕਰਕੇ ਬਹੁਤ ਸਾਰੀਆਂ ਸਮਾਧਾਂ ਹਟਾ ਦਿੱਤੀਆਂ ਗਈਆਂ ਹਨ। ਹੁਣ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਗਿਆਨੀ ਸੰਤ ਸਿੰਘ ਦੀ ਯਾਦ ਬਾਕੀ ਹੈ। ਨਵਾਬ ਕਪੂਰ ਸਿੰਘ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਸਕਾਰ ਵਾਲੇ ਸਥਾਨ ਉਪਰ ਵਿਰਾਸਤੀ ਇਮਾਰਤ ਉਸਰੀ ਹੋਈ ਹੈ। ਇਸ ਦਾ ਪ੍ਰਬੰਧ ਕਪੂਰਥਲਾ ਦੇ ਡੀ.ਸੀ. ਦੇ ਪ੍ਰਬੰਧ ਹੇਠ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਗੁਰ-ਮਰਯਾਦਾ ਦੀ ਪਾਲਣਾ ਲਈ ਗ੍ਰੰਥੀ ਸਿੰਘ ਰੱਖੇ ਹੋਏ ਹਨ।

### ੯. ਕਠਿਨ ਹਾਲਾਤ ਵਿਚ ਸਿੱਖਾਂ ਦਾ ਚਾਨਣ-ਮੁਨਾਰਾ

ਗੁਰਦੁਆਰਾ ਬਾਬਾ ਅਟੱਲ ਰਾਇ ਦੀ ਇਮਾਰਤ ਦੀ ਸਿਖਰਲੀ ਮੰਜ਼ਿਲ ਉੱਪਰ ਸਰੋਂ ਦੇ ਤੇਲ ਦਾ ਦੀਵਾ (ਜੋਤ) ਸੰਗਤ ਵੱਲੋਂ ਲਗਪਗ ਦੋ ਸਦੀਆਂ ਪਹਿਲਾਂ ਤੋਂ ਜਗਾਇਆ ਜਾਂਦਾ ਆ ਰਿਹਾ ਹੈ। ਇਸ ਇਮਾਰਤ ਦੀ ਸਿਖਰਲੀ ਮੰਜ਼ਿਲ ਦੇ ਤਿਆਰ ਹੋਣ ਵੇਲੇ ਹੀ ਇਸ ਲਈ ਵਿਸ਼ੇਸ਼ ਸਥਾਨ ਨਿਰਮਿਤ ਕੀਤਾ ਗਿਆ ਸੀ। ਇਸ ਇਮਾਰਤ ਬਾਰੇ ਬਹੁਤ ਸਾਰੇ ਦੇਸੀ ਅਤੇ ਵਿਦੇਸ਼ੀ ਵਿਦਵਾਨਾਂ ਨੇ ਲੇਖ ਲਿਖੇ ਹਨ। ਕਈ ਵਿਦਵਾਨਾਂ ਨੇ ਤਾਂ ਇਸ ਦੀ ਪੂਰੀ ਇਮਾਰਤਸਾਜ਼ੀ ਉੱਪਰ ਵੀ ਲਿਖਿਆ ਹੈ ਪਰ ਕਿਸੇ ਨੇ ਇਸ ਦੀਵੇ ਦੇ ਇਤਿਹਾਸਿਕ ਪਿਛੋਕੜ ਅਤੇ ਇਸ ਦੇ ਵਿਸ਼ੇਸ਼ ਸਥਾਨ ਬਾਰੇ ਨਹੀਂ ਲਿਖਿਆ। ਇਸ ਦਾ ਭੇਦ ਬਰਕਰਾਰ ਰਿਹਾ। ਇਹ ਦੀਵਾ (ਜੋਤ) ਆਪਣੇ ਆਪ ਅੰਦਰ ਵਿਲੱਖਣ ਇਤਿਹਾਸ ਸਮੋਈ ਬੈਠਾ ਹੈ ਜੋ ਕਠਿਨ ਹਾਲਾਤ ਵਿਚ ਸਿੱਖਾਂ ਦੀ ਹੋਂਦ ਹਸਤੀ ਦਾ ਪ੍ਰਗਟਾਵਾ ਕਰਦਾ ਰਿਹਾ ਹੈ। ਉਸ ਵਕਤ ਜਿਨ੍ਹਾਂ ਥਾਵਾਂ ਉੱਪਰ ਆਬਾਦੀ ਨਹੀਂ ਹੁੰਦੀ ਸੀ। ਮੁਗ਼ਲ ਸਰਕਾਰ ਉਨ੍ਹਾਂ ਥਾਂਵਾਂ ਨੂੰ

ਆਪਣੇ ਮਾਲ ਰਿਕਾਰਡ ਵਿਚ ਬੇ-ਚਿਰਾਗ ਲਿਖ ਦਿੰਦੀ ਸੀ। ਜਦੋਂ ਮੁਗ਼ਲ ਸਰਕਾਰ ਵੱਲੋਂ ਅਠਾਰ੍ਹਵੀਂ ਸਦੀ ਵਿਚ ਸ੍ਰੀ ਦਰਬਾਰ ਸਾਹਿਬ ਦੀ ਅਤੇ ਅੰਮ੍ਰਿਤ ਸਰੋਵਰ ਦੀ ਬੇਅਦਬੀ ਕੀਤੀ ਗਈ ਤਾਂ ਸੰਗਤ ਦੇ ਆਉਣ ਉੱਪਰ ਰੋਕ ਲਾ ਦਿਤੀ ਗਈ। ਸਰਕਾਰ ਦਾ ਧੱਕਾ ਸਿੱਖ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਭਾਈ ਮਨਸਾ ਸਿੰਘ ਜੀਵਨ ਦੀ ਪ੍ਰਵਾਹ ਕੀਤੇ ਬਗੈਰ, ਰਾਤ ਵੇਲੇ ਸ੍ਰੀ ਦਰਬਾਰ ਸਾਹਿਬ ਅੰਦਰ ਦੀਵਾ (ਜੋਤ) ਜਗਾਉਂਦੇ ਸਨ। ਇਨ੍ਹਾਂ ਨੂੰ ਮੁਗ਼ਲਾਂ ਨੇ ਫੜ ਕੇ ਸ਼ਹੀਦ ਕਰ ਦਿੱਤਾ ਸੀ। ਇਨ੍ਹਾਂ ਦੀ ਤਸਵੀਰ, ਕੇਂਦਰੀ ਸਿੱਖ ਅਜਾਇਬ ਘਰ ਵਿਚ ਲੱਗੀ ਹੋਈ ਹੈ।

ਇਨ੍ਹਾਂ ਸਤਰਾਂ ਦੇ ਲੇਖਕ ਨੇ ਉਥੇ ਕਈ ਦਿਨ ਰਹਿ ਕੇ ਖੋਜ ਕੀਤੀ। ਪਤਾ ਲੱਗਾ ਕਿ ਗੁਰਦੁਆਰਾ ਬਾਬਾ ਅਟੱਲ ਰਾਇ ਦੀ ਇਮਾਰਤ ਦੀ ਉਸਾਰੀ ਵਕਤ ਹੀ, ਦੀਵੇ (ਜੋਤ) ਲਈ ਵਿਸ਼ੇਸ਼ ਸਥਾਨ ਚੁਣਿਆ ਅਤੇ ਬਣਾਇਆ ਗਿਆ ਸੀ ਜੋ ਗੁਰੂ ਕੇ ਮਹਿਲ ਵੱਲ ਬਾਹਰ ਵਾਲੇ ਪਾਸੇ ਨੂੰ ਉਭਰਿਆ ਹੋਇਆ ਹੈ। ਇਹ ਵੱਡੇ ਆਲੇ (Nitche) ਦੇ ਰੂਪ ਵਿਚ ਹੈ। ਇਸ ਦਾ ਮੂੰਹ 'ਗੁਰਦੁਆਰਾ ਗੁਰੂ ਕੇ ਮਹਿਲ' ਵੱਲ ਹੈ। ਸੰਗਤ ਨੇ ਦੱਸਿਆ ਕਿ ਦੀਵੇ (ਜੋਤ) ਦਾ ਮੂੰਹ ਇਸ ਲਈ 'ਗੁਰੂ ਕੇ ਮਹਿਲ' ਵੱਲ ਹੈ ਕਿਉਂਕਿ ਮੁਢ ਵਿਚ ਆਬਾਦੀ 'ਗੁਰੂ ਕੇ ਮਹਿਲ' ਵੱਲ ਹੁੰਦੀ ਸੀ ਅਤੇ ਸੰਗਤ ਉਸ ਪਾਸੇ ਵੱਲੋਂ ਹੀ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਵੇਸ਼ ਕਰਦੀ ਸੀ। ਦੂਜਾ, ਬਾਬਾ ਅਟੱਲ ਰਾਇ ਦਾ ਜਨਮ ਵੀ ਉਸ ਪਾਸੇ ਵੱਲ ਹੋਇਆ ਹੈ। ਕਰਮ ਸਿੰਘ ਹਿਸਟੋਰੀਅਨ ਨੇ ਇਸ ਦੀਵੇ (ਜੋਤ) ਦਾ ਜ਼ਿਕਰ ਕੀਤਾ ਹੈ ਜੋ ਬਾਰ੍ਹਾਂ-ਬਾਰ੍ਹਾਂ ਕੋਹ ਤੋਂ ਨਜ਼ਰ ਪੈਂਦੀ ਸੀ।[੧੮] ਇਸ ਤੋਂ ਸਪੱਸ਼ਟ ਹੈ ਕਿ ਸੁਭਾਵਿਕ ਹੀ ਇਹ ਹਨੇਰੇ ਯੁੱਗ ਵਿਚ ਸ੍ਰੀ ਦਰਬਾਰ ਸਾਹਿਬ ਆਉਣ ਵਾਲੀ ਸੰਗਤ ਲਈ ਚਾਨਣ ਮੁਨਾਰਾ (Light Tower) ਭਾਵ ਦਿਸ਼ਾ ਸੂਚਕ ਦਾ ਕੰਮ ਕਰਦਾ ਸੀ। ਇਸ ਦੇ ਬਾਹਰਵਾਰ ਮੀਂਹ ਤੇ ਹਨੇਰੀ ਤੋਂ ਬਚਾਅ ਲਈ ਸ਼ੀਸ਼ਾ ਲੱਗਾ ਹੋਇਆ ਹੈ।

**ਸਾਰ:** ਅਖੀਰ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ, ਸਿੱਖ ਇਤਿਹਾਸ ਅਤੇ ਸਿੱਖ ਕਲਾ ਦੀ ਪ੍ਰਤੱਖ ਮਿਸਾਲ ਹੈ। ਇਹ ਸਥਾਨ ਕਠਿਨ ਹਾਲਾਤ ਤੇ ਹਨੇਰੇ ਯੁੱਗ ਵਿਚ ਸਿੱਖਾਂ ਦੀ ਸੁਰੱਖਿਆ, ਪਹਿਰੇਦਾਰੀ ਅਤੇ ਦਿਸ਼ਾ ਸੂਚਕ ਵਜੋਂ ਮਾਰਗ-ਦਰਸ਼ਨ ਕਰਦਾ ਰਿਹਾ ਹੈ। ਇਸ ਵਿਚ ਬੇਅੰਤ ਗੁਰਸਿੱਖਾਂ ਵੱਲੋਂ ਕੀਤੀ ਸੇਵਾ ਘਾਲਣਾ ਦੀ ਮਹਿਕ ਬਰਕਰਾਰ ਹੈ। ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਬਾਬਾ ਅਟੱਲ ਰਾਇ ਜੀ ਦੇ ਜੀਵਨ ਪ੍ਰਸੰਗ ਰਾਹੀਂ ਅਕਾਲ ਪੁਰਖ ਦੇ ਹੁਕਮ ਵਿਚ ਚੱਲਣ, ਨਾਮ ਸਿਮਰਨ ਕਰਨ ਅਤੇ ਸੰਸਾਰਕ ਬੰਧਨਾਂ ਤੋਂ ਉਪਰਾਮ ਹੋ ਕੇ ਗੁਰਮਤਿ ਦੇ ਪਾਂਧੀ ਬਣਨ ਦਾ ਉਪਦੇਸ਼ ਦਿੰਦਾ ਹੈ।

**ਹਵਾਲੇ:**

**੧੦.** ਉਹੀ, ਪੰਨਾ ਨੰਬਰ ੨੫੩

**੧੧.** ਗਿਆਨੀ ਕਿਰਪਾਲ ਸਿੰਘ, *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਪੰਨੇ ੩੦੩ ਤੇ ੩੦੪

**੧੨.** ਗਿਆਨੀ ਗਿਆਨ ਸਿੰਘ, *ਤਵਾਰੀਖ ਸ੍ਰੀ ਅੰਮ੍ਰਿਤਸਰ,* ਪੰਨਾ ੭੦.

**੧੩.** ਡਾ. ਕਿਰਪਾਲ ਸਿੰਘ, (ਸੰਪਾ.), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ ਬਿਰਤਾਂਤ,* ਭਾਗ ਤੀਜਾ, ਪੰਨਾ ੪੪ ਤੇ ੪੫.

**੧੪.** The Construction of the Present Building was Started in 1772 and Completed in 1835. Surinder Singh Johar, *The sikh Gurus and their shrines,* p- 181.

**੧੫.** ਗਿਆਨੀ ਗਿਆਨ ਸਿੰਘ, *ਤਵਾਰੀਖ ਸ੍ਰੀ ਅੰਮ੍ਰਿਤਸਰ,* ਪੰਨਾ ੫੬-੫੭.

**੧੬.** ਕਰਮ ਸਿੰਘ ਹਿਸਟੋਰੀਅਨ, *ਅੰਮ੍ਰਿਤਸਰ ਦੀ ਤਵਾਰੀਖ,* ਪੰਨੇ ੫੪ ਤੇ ੫੫.

**੧੭.** ਗਿਆਨੀ ਕਿਰਪਾਲ ਸਿੰਘ, *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਪੰਨਾ ੩੦੪

**੧੮.** ਗਿਆਨੀ ਗਿਆਨ ਸਿੰਘ, *ਤਵਾਰੀਖ ਸ੍ਰੀ ਅੰਮ੍ਰਿਤਸਰ,* ਪੰਨਾ ੫੪.

## ਪੁਸਤਕ ਸੂਚੀ


**੧.** ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਡਾ. ਅਮਰਜੀਤ ਸਿੰਘ (ਸੰਪਾ.), *ਗੁਰ ਬਿਲਾਸ ਪਾਤਸ਼ਾਹੀ ਛੇਵੀਂ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ ੧੯੯੮.

**੨.** ਡਾ. ਕਿਰਪਾਲ ਸਿੰਘ (ਸੰਪਾ.), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ ਬਿਰਤਾਂਤ* (ਭਾਗ ਤੀਜਾ), ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ,

**੩.** ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,*

**੪.** ਸਰਦਾਰ ਕਰਮ ਸਿੰਘ ਹਿਸਟੋਰੀਅਨ, *ਅੰਮ੍ਰਿਤਸਰ ਦੀ ਤਵਾਰੀਖ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੯੮.

**੫.** ਗਿਆਨੀ ਗਿਆਨ ਸਿੰਘ, *ਤਵਾਰੀਖ ਸ੍ਰੀ ਅੰਮ੍ਰਿਤਸਰ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੯੮.

**੬.** ਗਿਆਨੀ ਕਿਰਪਾਲ ਸਿੰਘ, *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੮.

**੭.** ਸਤਿਬੀਰ ਸਿੰਘ, *ਗੁਰ ਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ,

**੮.** ਰਿਪੋਰਟ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ,

**੯.** ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ੨੦੦੬.

**੧੦.** ਪਿਆਰਾ ਸਿੰਘ ਨਿਰਛਲ, *ਸਥਾਪਨਾ ਸ੍ਰੀ ਅੰਮ੍ਰਿਤਸਰ,* ਭਗਤ ਸਿੰਘਪੁਰਾ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ, ੧੯੭੭.

**੧੧.** ਜੰਗ ਸਿੰਘ ਗਿਆਨੀ, *ਅੰਮ੍ਰਿਤਸਰ ਸਿਫਤੀ ਦਾ ਘਰ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੭੭.

**੧੨.** ਭਗਤ ਸਿੰਘ ਗਿਆਨੀ, *ਸਿਫਤੀ ਦਾ ਘਰ,* ਸੁੰਦਰ ਪ੍ਰਕਾਸ਼ਨ, ੨੦੮ ਕਮਲਾ ਮਾਰਕੀਟ, ਨਵੀਂ ਦਿੱਲੀ ੧੯੭੭.

**੧੩.** ਜੀਤ ਸਿੰਘ ਸੀਤਲ, *ਅੰਮ੍ਰਿਤਸਰ ਸਿਫਤੀ ਦਾ ਘਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ੧੯੭੭.

**੧੪.** Arshi Pardeep Singh, *Sikh Architecture in Punjab,* Intellectual Publishing House, New Delhi, 1986.

**੧੫.** Johar, Surinder Singh, *Sikh Gurus and Their Shrines,* Delhi 1976.

**੧੬.** *The Punjab : Past and Present,* Volume IIIrd, part II, Punjabi University Patiala, 1974.

**੧੭.** Jagjit Singh, *Temple of Spirituality,* Amritsar, 1935.

# ਮਾਝ ਦੀ ਵਾਰ : ਅਧਿਆਤਮਿਕ ਤੇ ਦਾਰਸ਼ਨਿਕ ਪੱਖ

*-ਡਾ. ਮਾਨ ਸਿੰਘ ਨਿਰੰਕਾਰੀ**

'ਵਾਰ ਮਾਝ ਕੀ ਤਥਾ ਸਲੋਕ ਮਹਲਾ ੧' ਦੇ ਸਿਰਲੇਖ ਦਾ ਭਾਵ ਇਹ ਹੈ ਕਿ ਮਾਝ ਦੀ ਵਾਰ ਅਤੇ ਇਸ ਨਾਲ ਦਿੱਤੇ ਸਲੋਕ ਸ੍ਰੀ ਗੁਰੂ ਨਾਨਕ ਦੇਵ ਦੇ ਉਚਾਰੇ ਹੋਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ-ਮਾਝ, ਆਸਾ ਅਤੇ ਮਲਾਰ ਮਨੁੱਖੀ ਜੀਵਨ ਦੇ ਬਹੁਪੱਖੀ ਜੀਵਨ ਦੇ ਅਧਿਆਤਮਿਕ ਤੇ ਭਾਈਚਾਰਕ ਗੁਣਾਂ ਦਾ ਵਿਵਰਣ ਕਰਦੀਆਂ ਹਨ। ਵਾਰ ਪਉੜੀਆਂ ਦਾ ਗੁੰਦਵਾਂ ਕਾਵਿ ਮਨੁੱਖੀ ਜ਼ਿੰਦਗੀ ਦਾ ਚਿਤਰਣ ਹੈ। ਪਉੜੀਆਂ ਜ਼ਿੰਦਗੀ ਰੂਪੀ ਦਰੱਖਤ ਦਾ ਤਨਾ ਹਨ ਅਤੇ ਇਸ ਤਨੇ ਨਾਲ ਸਲੋਕਾਂ ਦੀਆਂ ਸ਼ਾਖਾਂ ਅਤੇ ਲਗਰਾਂ ਜੁੜ ਕੇ ਇਸ ਵਾਰ ਰੂਪੀ ਦਰੱਖਤ ਦਾ ਵਿਸਥਾਰ ਤੇ ਨਿਖਾਰ ਹੁੰਦਾ ਹੈ।

ਮਾਝ ਦੀ ਵਾਰ ਦੀਆਂ ਕੁੱਲ ੨੭ ਪਉੜੀਆਂ ਹਨ। ਹਰ ਪਉੜੀ ਅਠਾਂ ਤੁਕਾਂ ਦੀ ਹੈ। ੧੪ ਪਉੜੀਆਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਲੋਕ ਹਨ। ਪਹਿਲੀ ਪਉੜੀ ਵਿਚ ਸਮੁੱਚੀ ਵਾਰ ਦੇ ਭਾਵ ਦਾ ਸਾਰੰਸ਼ ਦਿੱਤਾ ਹੈ। ਪਹਿਲੀ ਪਉੜੀ ਤੋਂ ਪਹਿਲਾਂ ਇਕ ਸਲੋਕ ਵਿਚ ਗੁਰੂ ਦਾ ਮੰਗਲ ਹੈ ਅਤੇ ਗੁਰੂ ਦੇ ਗੁਣਾਂ ਦਾ ਵਰਣਨ ਹੈ:

*ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥*
*ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭)*

ਗੁਰੂ ਦਾਤਾਰ ਹੈ, ਸ਼ਾਂਤੀ ਤੇ ਠੰਡ ਬਖ਼ਸ਼ਣ ਵਾਲਾ ਸੋਮਾ ਹੈ। ਗਿਆਨ ਦੇ ਚਾਨਣ ਦਾ ਪ੍ਰਕਾਸ਼ਮਾਨ ਦੀਪਕ ਹੈ। ਨਾਮ ਰੂਪੀ ਪਦਾਰਥ ਦਾ ਮਨ ਵਿਚ ਸੰਚਾਰ ਕਰਦਾ ਹੈ, ਜਿਸ ਨਾਲ ਸੁਖ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਦੂਜੇ ਸਲੋਕ ਵਿਚ ਜਨਮ ਤੋਂ ਅੰਤ ਤਕ ਸਰੀਰਕ ਵਿਕਾਸ ਅਤੇ ਅੰਤ ਮਨੁੱਖੀ ਦੇਹ ਦੇ ਵਿਨਾਸ਼ ਦਾ ਵਰਣਨ ਹੈ:

*ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥*
*ਤੀਜਾ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥*
*ਪੰਜਵੈ ਖਾਣ ਪੀਅਣ ਕੀ ਧਾਤੁ॥ ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥ ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥*

---

** ਗੁਰਪੁਰਵਾਸੀ*

*ਗਏ ਸਿਗੀਤ ਪੁਕਾਰੀ ਧਾਹ॥ ਉਡਿਆ ਹੰਸੁ ਦਸਾਏ ਰਾਹ॥*
*ਆਇਆ ਗਇਆ ਮੁਇਆ ਨਾਉ॥ ਪਿਛੈ ਪਤਲਿ ਸਦਿਹੁ ਕਾਵ॥*
*ਨਾਨਕ ਮਨਮੁਖਿ ਅੰਧੁ ਪਿਆਰੁ॥ ਬਾਝੁ ਗੁਰੂ ਡੁਬਾ ਸੰਸਾਰੁ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭)*

ਜਨਮ ਸਮੇਂ ਤੋਂ ਬਾਲਕ ਦਾ ਮਾਤਾ ਦੇ ਥਣਾਂ 'ਚੋਂ ਨਿਕਲੇ ਦੁਧ ਨਾਲ ਪਿਆਰ ਉਤਪੰਨ ਹੁੰਦਾ ਹੈ। ਮਗਰੋਂ ਮਾਤਾ-ਪਿਤਾ ਦੀ ਸੋਝੀ ਪੈਦਾ ਹੁੰਦੀ ਹੈ। ਤੀਜੀ ਹਾਲਤ ਵਿਚ ਭਰਾ ਤੇ ਭੈਣ ਨੂੰ ਪਛਾਣਦਾ ਹੈ। ਚੌਥੀ ਅਵਸਥਾ ਖੇਡਣ ਕੁੱਦਣ ਵਿਚ ਗੁਜ਼ਰਦੀ ਹੈ। ਪੰਜਵੀਂ ਹਾਲਤ ਵਿਚ ਖਾਣ ਪੀਣ ਦੀ ਰੁਚੀ ਵਿਚ ਵਿਕਾਸ ਹੁੰਦਾ ਹੈ। ਜਦੋਂ ਛੇਵੀਂ ਪਉੜੀ 'ਤੇ ਪੈਰ ਰੱਖਦਾ ਹੈ ਤਾਂ ਕਾਮ-ਚੇਸ਼ਟਾ ਜ਼ੋਰ ਫੜਦੀ ਹੈ ਤੇ ਜਾਤ ਕੁਜਾਤ ਦੀ ਪਰਵਾਹ ਨਹੀਂ ਹੁੰਦੀ, ਸੱਤਵੇਂ ਡੰਡੇ 'ਤੇ ਪੈਰ ਧਰਨ ਨਾਲ ਧਨ ਇਕੱਠਾ ਕਰ ਕੇ ਘਰਬਾਰੀ ਅਖਵਾਉਂਦਾ ਹੈ। ਅੱਠਵੀਂ ਅਵਸਥਾ ਵਿਚ ਕ੍ਰੋਧੀ ਹੋ ਜਾਂਦਾ ਹੈ। ਸਰੀਰ ਰੋਗੀ ਹੋ ਕੇ ਇਸ ਦਾ ਬਲ ਘੱਟ ਜਾਂਦਾ ਹੈ। ਨੌਵੀਂ ਮੰਜ਼ਲ 'ਤੇ ਪੁੱਜਣ 'ਤੇ ਵਾਲ ਚਿੱਟੇ ਹੋ ਜਾਂਦੇ ਹਨ। ਸਾਹ ਖਿੱਚ ਕੇ ਆਉਂਦਾ ਹੈ। ਦਸਵੀਂ ਅਵਸਥਾ ਮੌਤ ਦਾ ਸੁਨੇਹਾ ਲੈ ਕੇ ਆਉਂਦੀ ਹੈ ਤੇ ਆਖ਼ਿਰ ਤਨ ਸੜ ਕੇ ਸੁਆਹ ਹੋ ਜਾਂਦਾ ਹੈ। ਸੰਗੀ-ਸਾਥੀ ਧਾਹਾਂ ਮਾਰਦੇ ਹਨ ਅੰਤਮ ਸਸਕਾਰ ਕਰਦੇ ਹਨ। ਮਨੁੱਖ ਦਾ ਨਾਂ ਤਕ ਮਿਟ ਜਾਂਦਾ ਹੈ। ਮਨੁੱਖ ਨੂੰ ਅਗਿਆਨਤਾ ਨਾਲ ਪਿਆਰ ਹੈ। ਗੁਰੂ ਦੇ ਉਪਦੇਸ਼ ਨੂੰ ਕਮਾਉਣ ਤੋਂ ਬਿਨਾਂ ਸੰਸਾਰ ਰਸਾਤਲ (ਨਰਕ) ਵਿਚ ਜਾ ਰਿਹਾ ਹੈ। ਅਗਲੇ ਸਲੋਕ ਵਿਚ ਮਨੁੱਖ ਦੀ ਸੰਸਾਰ ਯਾਤਰਾ ਨੂੰ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਇਵੇਂ ਬਿਆਨਿਆ ਹੈ:

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥*
*ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥*
*ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥*
*ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥*
*ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮)*

ਪਹਿਲੀ ਪਉੜੀ ਵਿਚ ਵਾਰ ਦਾ ਸਮੁੱਚਾ ਭਾਵ ਨਿਰੂਪਣ ਕੀਤਾ ਹੈ। ਅਕਾਲ ਪੁਰਖ ਅਪਹੁੰਚ ਹੈ। ਉਸ ਨੇ ਬਹੁਤ ਰੰਗੀ ਸ੍ਰਿਸ਼ਟੀ ਰਚੀ ਹੈ। ਜੋ ਉਸ ਦੀ ਖੇਡ ਹੈ, ਜਗਤ ਇਕ ਤਮਾਸ਼ਾ ਹੈ। ਕੋਈ ਆ ਰਿਹਾ ਹੈ। ਕੋਈ ਸਦੀਵੀ ਇੱਥੋਂ ਜਾ ਰਿਹਾ ਹੈ। ਅਕਾਲ ਪੁਰਖ ਤੋਂ ਬਿਨਾਂ ਕੋਈ ਥਿਰ ਨਹੀਂ। ਸਭ ਦ੍ਰਿਸ਼ਟਮਾਨ ਨਾਸ਼ਵੰਤ ਹੈ। ਗੁਰੂ ਦਾ ਉਪਦੇਸ਼ ਮੰਨ ਕੇ ਚੱਲਣ ਵਾਲੇ ਸਨਮੁਖ ਰਹਿੰਦੇ ਹਨ ਤੇ ਪ੍ਰਭੂ-ਪਿਆਰ ਦੇ ਗੂਹੜੇ ਰੰਗ ਵਿਚ ਰਤੇ ਹੋਏ ਹਨ। ਪ੍ਰਭੂ ਸਾਰੀਆਂ ਸਿਆਣਪਾਂ ਦਾ ਸੋਮਾ ਹੈ। ਉਸ ਦੀ ਵਡਿਆਈ ਵੱਡੀ ਤੋਂ ਵੱਡੀ ਹੈ। ਉਨ੍ਹਾਂ ਪੁਰਸ਼ਾਂ ਤੋਂ ਬਲਿਹਾਰ ਜਾਈਏ ਜੋ ਤਨੋਂ-ਮਨੋਂ

ਪ੍ਰਭੂ ਨਾਲ ਜੁੜੇ ਹੋਏ ਹਨ। ਪਉੜੀ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਕ ਸਲੋਕ ਹੈ, ਜਿਸ ਵਿਚ ਆਪ ਨੇ ਇਕ ਮਹੱਤਵਪੂਰਨ ਬਚਨ ਫੁਰਮਾਇਆ:

*ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ॥*
*ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮)*

ਮਨੁੱਖ ਭਾਵੇਂ ਲੁਕ-ਛੁਪ ਕੇ ਪਾਪ ਕਮਾਉਂਦਾ ਹੈ ਪਰੰਤੂ ਪਾਪ ਪ੍ਰਗਟ ਹੋਏ ਬਿਨਾਂ ਨਹੀਂ ਰਹਿੰਦਾ। ਧਰਮ ਦੇ ਆਸਰੇ ਜ਼ਿੰਦਗੀ ਗੁਜ਼ਾਰਨ ਵਾਲਾ ਸੰਸਾਰ ਵਿਚ ਧਰਮੀ ਹੋਣ ਦਾ ਜਸ ਖਟਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਕ ਹੋਰ ਬਹੁਤ ਸੁੰਦਰ ਸਲੋਕ ਹੈ:

*ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥*
*ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥*
*ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥*
*ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯)*

ਕਈ ਵਿਦਵਾਨਾਂ ਨੇ ਭੌਤਿਕ ਇੰਦ੍ਰਿਆਂ ਦਾ ਵਿਕਾਰ-ਰਹਿਤ ਹੋਣਾ ਅਰਥਾਇਆ ਹੈ। ਇੰਦ੍ਰਿਆਂ 'ਤੇ ਕਾਬੂ ਪਾਉਣਾ ਹੀ ਅਰਥ ਕੀਤਾ ਹੈ। ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਗਲੇ ਸਲੋਕ ਵਿਚ ਬਿਨਾਂ ਅੱਖਾਂ, ਪੈਰਾਂ, ਹੱਥਾਂ ਦੇ ਅਰਥ ਸਪੱਸ਼ਟ ਕੀਤੇ ਹਨ। ਸਲੋਕ ਦੇ ਸ਼ਬਦ ਹਨ:

*ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ॥*
*ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ॥*
*ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥*
*ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯)*

ਅਰਥ ਇਉਂ ਸਮਝ ਪੈਂਦੇ ਹਨ: ਪ੍ਰਭੂ ਕੁਦਰਤ ਵਿਚ ਰਚਿਆ ਦਿਸ ਰਿਹਾ ਹੈ। ਜੀਵਨ ਦਾ ਨਾਦ ਰਚਨਾ ਰਾਹੀਂ ਸੁਣਿਆ ਜਾ ਰਿਹਾ ਹੈ। ਪਰ ਇਸ ਨੂੰ ਸਮਝ ਲੈਣਾ ਹੀ ਕੇਵਲ ਕਾਫੀ ਨਹੀਂ, ਕਿਉਂਕਿ ਪ੍ਰਭੂ-ਮਿਲਾਪ ਲਈ ਨਾ ਪੈਰ ਹਨ, ਨਾ ਹੱਥ ਤੇ ਨਾ ਹੀ ਅੱਖਾਂ। ਪੈਰਾਂ, ਹੱਥਾਂ, ਅੱਖਾਂ ਤੋਂ ਬਿਨਾਂ ਕਿਵੇਂ ਭੱਜ ਕੇ ਪ੍ਰਭੂ ਨੂੰ ਗਲਵੱਕੜੀ ਪਾ ਸਕਦੇ ਹਾਂ? ਪ੍ਰਭੂ-ਪ੍ਰੇਮ ਦੇ ਹੱਥ ਹੋਣ, ਪ੍ਰਭੂ ਦੇ ਭੈ ਵਿਚ ਹੁਕਮ ਵਿਚ ਰਹਿਣ ਦੇ ਪੈਰ ਹੋਣ, ਪ੍ਰਭੂ ਨਾਲ ਸੁਰਤੀ ਜੋੜਨ ਵਾਲੀਆਂ ਅੱਖਾਂ ਹੋਣ ਤਾਂ ਹੀ ਪ੍ਰਭੂ ਨਾਲ ਜੀਵ-ਇਸਤਰੀ ਦਾ ਮਿਲਾਪ ਹੁੰਦਾ ਹੈ। ਭੌਤਿਕ ਅੰਗਾਂ ਦੀ ਵਰਤੋਂ ਨਾਲ ਭੌਤਿਕ ਵਸਤਾਂ ਦੀ ਪ੍ਰਾਪਤੀ ਹੁੰਦੀ ਹੈ, ਨਿਰੰਕਾਰ ਤਕ ਪੁੱਜਣ ਲਈ ਪਾਰਦਰਸ਼ੀ ਹੋਣ ਦੀ ਲੋੜ ਹੈ, ਪਹਿਲੇ ਸਲੋਕ ਵਿਚ ਵੀ ਅੱਖਾਂ ਬਾਝਹੁ ਵੇਖਣ ਦਾ ਅਰਥ ਸੁਰਤ ਦੀਆਂ ਅੱਖਾਂ ਦੀ ਗੱਲ ਹੈ।

ਬਾਹਰਲੀਆਂ ਸਰੀਰਕ ਅੱਖਾਂ ਵੱਲ ਇਸ਼ਾਰਾ ਨਹੀਂ, ਉਸ ਦੇ ਭੈ ਵਿਚ ਚੱਲਣ ਵਾਲੇ ਪੈਰਾਂ ਦੀ ਲੋੜ ਹੈ, ਸਰੀਰਕ ਹੱਥਾਂ ਦੀ ਥਾਂ ਹੁਕਮ ਅਨੁਸਾਰ ਵਿਚਰਨ ਨਾਲ ਪ੍ਰਭੂ ਦੇ ਮਿਲਾਪ ਦੇ ਦਰ ਦੇ ਕਿਵਾੜ ਖੁਲ੍ਹਦੇ ਹਨ। ਇਕ ਅਗਲੀ ਪਉੜੀ (੪) ਪਿੱਛੇ ਦਿੱਤੇ ਵਿਚਾਰਾਂ ਦੀ ਮੁੜ ਪ੍ਰੋੜ੍ਹਤਾ ਕੀਤੀ ਹੈ:

*ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ॥*
*ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ॥*
*ਮੂਰਖੁ ਭੋਗੇ ਭੋਗੁ ਦੁਖ ਸਬਾਇਆ॥*
*ਸੁਖਹੁ ਉਠੇ ਰੋਗ ਪਾਪ ਕਮਾਇਆ॥*
*ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ॥*
*ਮੂਰਖ ਗਣਤ ਗਣਾਇ ਝਗੜਾ ਪਾਇਆ॥*
*ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ॥*
*ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ॥੪॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯)*

ਅੱਗੇ ਚੱਲ ਕੇ ਇਕ ਪਉੜੀ (੬) ਵਿਚ ਸੱਚੇ ਵਿਦਵਾਨ ਦਾ ਵਰਣਨ ਕਰਦੇ ਹਨ:

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥*
*ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦)*

ਨਿਰੀਆਂ ਕਿਤਾਬੀ ਗੱਲਾਂ ਸਿੱਖਣ ਨਾਲ ਪੁਰਸ਼ ਵਿਦਵਾਨ ਨਹੀਂ ਬਣ ਜਾਂਦਾ ਇਹੋ ਜਿਹੇ ਪੜ੍ਹੇ ਹੋਏ ਨੂੰ, ਜੋ ਲੋਭੀ ਤੇ ਹੰਕਾਰੀ ਹੈ, ਮੂਰਖ ਗਿਣਿਆ ਹੈ। ਸਤਿਗੁਰੂ ਦੀ ਦਿੱਤੀ ਮਤਿ ਨੂੰ ਵਿਚਾਰ ਕੇ ਪਰਮਾਤਮਾ ਦਾ ਭਜਨ ਕਰਨਾ, ਸੁਰਤ ਨੂੰ ਪ੍ਰਭੂ ਨਾਲ ਜੋੜਨ ਕਰਕੇ ਨਾਮ ਦੇ ਅਖੁੱਟ ਧਨ ਦੀ ਪ੍ਰਾਪਤੀ ਹੁੰਦੀ ਹੈ।

ਗੁਰੂ ਜੀ ਸਚਿਆਰ ਬਣਨ ਦੀ ਗੱਲ ਤੋਰਦੇ ਹਨ। ਸੱਚਾ ਹਿੰਦੂ ਅਤੇ ਸੱਚਾ ਮੁਸਲਮਾਨ ਕਿਵੇਂ ਬਣੇ?

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥*
*ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥*
*ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥*
*ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

ਸੱਚ ਨੂੰ ਅਮਲੀ ਜੀਵਨ ਵਿਚ ਵਰਤਣ ਦਾ ਮਾਰਗ ਦੱਸਿਆ ਹੈ। ਪਰਾਇਆ ਹੱਕ ਮੁਸਲਮਾਨ ਲਈ ਸੂਰ ਦੇ ਮਾਸ ਦੇ ਤੁਲ ਹੈ ਤੇ ਹਿੰਦੂ ਲਈ ਗਊ ਦਾ ਮਾਸ ਹੈ। ਗੁਰੂ ਤੇ ਪੈਗੰਬਰ ਤਾਂ ਹੀ ਸਿਫਾਰਸ਼ ਕਰਦਾ ਹੈ ਜੇ ਦੂਜੇ ਦਾ ਹੱਕ ਨਾ ਮਾਰੇ, ਹਕ ਹਲਾਲ ਦੀ ਕਮਾਈ ਦਾ ਸੁੰਦਰ ਉਪਦੇਸ਼ ਹੈ। ਕਰਮਾਂ-ਧਰਮਾਂ ਦਾ ਵੀ ਨਿਬੇੜਾ ਇਉਂ ਕੀਤਾ

ਹੈ। ਉਪਦੇਸ਼ ਸਭ ਲਈ ਸਾਂਝਾ ਹੈ। ਨਮਾਜ਼ ਤੇ ਸੱਚੇ ਮੁਸਲਮਾਨ ਹੋਣ ਦੀ ਗੱਲ ਇਵੇਂ ਤੋਰਦੇ ਹਨ:

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥*
*ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥੩॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

ਸੱਚ 'ਤੇ ਪਹਿਰਾ ਦੇਣਾ, ਨੇਕ ਕਮਾਈ ਹਲਾਲ ਹੈ, ਪਹਿਲੀ ਤੇ ਦੂਜੀ ਨਮਾਜ਼ ਦੇ ਉਪਦੇਸ਼ ਹਨ: ਸਭ ਦਾ ਭਲਾ ਪਰਮਾਤਮਾ ਤੋਂ ਮੰਗਣਾ, ਨੀਅਤ ਸੱਚੀ ਸੁੱਚੀ ਰੱਖਣੀ, ਬਦਨੀਤੀ ਨਹੀਂ ਕਰਨੀ, ਪਰਮਾਤਮਾ ਨੂੰ ਹਰ ਸਮੇਂ ਚੇਤੇ ਰੱਖਣਾ ਏਹੀ ਪੰਜ ਨਮਾਜ਼ਾਂ ਦਾ ਅਧਿਆਤਮਿਕ ਭਾਵ ਹੈ। ਇਹ ਸੱਚਾ ਕਰਮੀ ਬਣਨ ਦਾ ਮਾਰਗ ਹੈ। ਪੰਜ ਨਮਾਜ਼ਾਂ ਦੀ ਥਾਂ ਅਸੀਂ ਪੰਜ ਬਾਣੀਆਂ ਵੀ ਆਖ ਸਕਦੇ ਹਾਂ:

*ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ॥*
*ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ॥*
*ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ॥*
*ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ॥*
*ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ॥*
*ਕੂੜੈ ਲਾਲਚਿ ਲਗਿ ਮਹਲੁ ਖੁਆਈਐ॥*
*ਸਭੁ ਜਗੁ ਠਗਿਓ ਠਗਿ ਆਈਐ ਜਾਈਐ॥*
*ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ॥੧੯॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੭)*

ਮਨੁੱਖ ਨੂੰ ਤ੍ਰਿਸ਼ਨਾ ਦੀ ਅੱਗ ਲੱਗੀ ਹੋਈ ਹੈ। ਇਸ ਨੂੰ ਸ਼ਾਂਤ ਕਰਨ ਦਾ ਉਪਾਅ ਨਾਮ ਦੀ ਕਮਾਈ ਹੈ। ਸੱਚੇ ਪ੍ਰਭੂ ਤੋਂ ਬਿਨਾਂ ਸਭ ਝੂਠ ਹੈ, ਕੂੜ ਦੇ ਲਾਲਚ ਵਿਚ ਫਸੇ ਇਨਸਾਨ ਨੂੰ ਸੱਚੇ ਮਹਿਲ ਦੀ ਪ੍ਰਾਪਤੀ ਨਹੀਂ ਹੁੰਦੀ। ਪਉੜੀ ਇੱਕੀਵੀਂ ਵਿਚ ਮਹਾਰਾਜ ਫੁਰਮਾਉਂਦੇ ਹਨ:

*ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ॥*
*ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥*
*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੮)*

ਬੇਅੰਤ ਜੀਵ ਪਰਮਾਤਮਾ ਦੇ ਗੁਣ ਬਿਆਨ ਕਰਦੇ ਸੰਸਾਰ ਤੋਂ ਚਲੇ ਗਏ। ਵੇਦ ਆਦਿ ਧਰਮ ਪੁਸਤਕਾਂ ਵੀ ਪ੍ਰਭੂ ਦੇ ਗੁਣ ਦੱਸਦੇ ਆਏ ਹਨ ਪਰ ਉਸ ਦੇ ਬੇਅੰਤ ਗੁਣਾਂ ਦਾ ਕੋਈ ਸੁਮਾਰ ਨਹੀਂ ਰਿਹਾ, ਪੜ੍ਹਨ ਨਾਲ ਪ੍ਰਭੂ ਦਾ ਮਿਲਾਪ ਅਸੰਭਵ ਹੈ। ਉਸ

ਨਾਲ ਲਿਵ ਜੋੜਨ ਨਾਲ ਹੀ ਪ੍ਰਾਪਤੀ ਹੁੰਦੀ ਹੈ। ਅੱਗੇ ਇਕ ਸਲੋਕ ਵਿਚ ਮਹਾਰਾਜ ਸਰੇਵੜਿਆਂ ਨੂੰ ਤਕੜੇ ਹੱਥੀਂ ਲੈਂਦੇ ਹਨ। ਬਾਹਰਲੀਆਂ ਧਾਰਨਾਵਾਂ ਨੂੰ ਬੇਅਰਥ ਸਮਝਦੇ ਹਨ:

*ਸਿਰ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥*
*ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੯)*

ਸਿਰ ਦੇ ਵਾਲ ਖਿਚਵਾ ਕੇ ਕਢਵਾਂਦੇ ਹਨ, ਮੈਲਾ ਪਾਣੀ ਪੀਂਦੇ ਹਨ, ਜੂਠੀ ਰੋਟੀ ਮੰਗ ਕੇ ਖਾਂਦੇ ਹਨ। ਵਿਸ਼ਟਾ ਨੂੰ ਫਰੋਲਦੇ ਹਨ ਤਾਂ ਜੋ ਕੋਈ ਕਿਰਮ ਮਰ ਨਾ ਜਾਏ, ਮੈਲੇ ਕੁਚੇਲੇ ਰਹਿੰਦੇ ਹਨ, ਪਾਣੀ ਦੀ ਵਰਤੋਂ ਤੋਂ ਸੰਗਦੇ ਹਨ ਆਦਿ। ਗੁਰੂ ਮਹਾਰਾਜ ਫੁਰਮਾਉਂਦੇ ਹਨ- ਜੀਵ ਹਿੰਸਾ ਨੂੰ ਵਹਿਮ ਦੀ ਹੱਦ ਤਕ ਮੰਨ ਕੇ ਅਹਿੰਸਾ ਮਗਰ ਲੱਗੇ ਹਨ। ਗੁਰੂ ਜੀ ਏਹੋ ਜਿਹੇ ਅਣ-ਸੰਤੁਲਿਤ ਵਿਚਾਰਾਂ ਨੂੰ ਫਜ਼ੂਲ ਮੰਨਦੇ ਹਨ। ਗੁਰੂ ਸਮੁੰਦਰ ਹੈ ਤੇ ਗੁਰੂ ਦੀ ਸਿੱਖਿਆ ਨਦੀਆਂ ਹਨ। ਜਿਨ੍ਹਾਂ ਵਿਚ ਨਹਾਉਣ ਨਾਲ (ਸਿੱਖਿਆ ਗ੍ਰਹਿਣ ਕਰਨ ਨਾਲ) ਵਡਿਆਈ ਮਿਲਦੀ ਹੈ। ਇਹ ਸਿਰ-ਖੁਥੇ ਇਸ਼ਨਾਨ (ਨਾਮ-ਜਲ ਵਿਚ) ਨਹੀਂ ਕਰਦੇ ਉਨ੍ਹਾਂ ਦੇ ਸਿਰ ਸਤ ਮੁਠਾਂ ਸਵਾਹ ਦੀਆਂ ਪੈਂਦੀਆਂ ਹਨ (ਮੁਕਾਲਖ ਖਟਦੇ ਹਨ)। ਸਤਿਗੁਰੂ ਨਾਨਕ ਦੇਵ ਸੱਚ ਧਰਮ, ਪ੍ਰੇਮਾ-ਭਗਤੀ, ਸੇਵਾ ਤੇ ਸਿੱਧਾ ਪੱਧਰਾ ਜੀਵਨ ਜੀਉਣ ਦਾ ਉਪਦੇਸ਼ ਦੇਂਦੇ ਹਨ।

ਅਖੀਰਲੀ ਪਉੜੀ ਵਿਚ ਨਿਮਰਤਾ ਸਹਿਤ ਜ਼ਿੰਦਗੀ ਦਾ ਉਪਦੇਸ਼ ਦਿੰਦੇ ਪਰਮਾਤਮਾ ਦਾ ਧੰਨਵਾਦ ਕਰਦੇ ਹਨ। ਇਹ ਗੁਣ ਸਤਿਗੁਰੂ ਨਾਨਕ ਦੇਵ ਜੀ ਦੀ ਮਹਾਨ ਵਡਿਆਈ ਤੇ ਸ੍ਰੇਸ਼ਟ ਗੁਣਾਂ ਦੇ ਭੰਡਾਰ ਹੋਣ ਦਾ ਸੂਚਕ ਹੈ। ਪਉੜੀ ਦੀਆਂ ਤੁਕਾਂ ਦ੍ਰਿਸ਼ਟੀਗੋਚਰ ਹਨ:

*ਹਉ ਢਾਢੀ ਵੇਕਾਰੁ ਕਾਰੈ ਲਾਇਆ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*
*ਸਚੀ ਸਿਫਤਿ ਸਾਲਾਹ ਕਪੜਾ ਪਾਇਆ॥*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥*
*ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ॥*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੦)*

# ਹੰਕਾਰਿਆ ਸੋ ਮਾਰਿਆ

*-ਡਾ. ਰਾਜਵਿੰਦਰ ਸਿੰਘ ਜੋਗਾ**

'ਹੰਕਾਰਿਆ ਸੋ ਮਾਰਿਆ' ਇਹ ਇੱਕ ਮੁਹਾਵਰਾ ਵੀ ਹੈ। ਭਾਵ- ਜਿਸ ਨੇ ਹੰਕਾਰ ਕੀਤਾ ਉਹ ਨੁਕਸਾਨ ਖਾ ਗਿਆ। ਉਹ ਧਨ ਕਰਕੇ ਹੋਵੇ, ਚਾਹੇ ਕਿਸੇ ਵੀ ਹੋਰ ਕੰਮ ਕਰਕੇ, ਕੋਈ ਕਲਾ ਦਾ ਹੋਵੇ, ਕੋਈ ਹੁਨਰ ਦਾ ਹੋਵੇ ਜਾਂ ਫਿਰ ਤਾਕਤ ਦਾ ਹੋਵੇ ਆਦਿ। ਹਾਂ ਕਿਸੇ ਕਲਾ, ਹੁਨਰ ਜਾਂ ਤਾਕਤ ਉੱਪਰ ਮਾਣ ਮਹਿਸੂਸ ਕਰਨਾ ਹੋਰ ਗੱਲ ਹੈ। ਹੰਕਾਰ ਤੇ ਮਾਣ ਵਿਚ ਬਹੁਤ ਅੰਤਰ ਹੈ। ਇਸ ਤੋਂ ਬਚਣ ਲਈ, ਸੁਚੇਤ ਕਰਨ ਲਈ ਬਹੁਤ ਸਾਰੀਆਂ ਸਾਖੀਆਂ ਮਿਲਦੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰੂ-ਦਰਬਾਰ ਵਿਚ ਭਾਈ ਸਤਾ ਤੇ ਭਾਈ ਬਲਵੰਡ ਜੀ ਕੀਰਤਨ ਦੀ ਸੇਵਾ ਕਰਦੇ ਸਨ। ਉਨ੍ਹਾਂ ਨੂੰ ਆਪਣੇ ਕੀਰਤਨ ਕਰਨ 'ਤੇ ਹੰਕਾਰ ਹੋ ਗਿਆ। ਕੁਝ ਪੂਜਾ (ਪੈਸਿਆਂ) ਕਰ ਕੇ ਗੁਰੂ-ਦਰਬਾਰ ਵਿਚ ਕੀਰਤਨ ਕਰਨ ਤੋਂ ਜਵਾਬ ਦੇ ਦਿੱਤਾ। ਸਿੱਖਾਂ ਨੇ ਇਨ੍ਹਾਂ ਨੂੰ ਕੀਰਤਨ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਵੀ ਸਮਝਾਇਆ। ਪਰ ਇਹ ਆਪਣੇ ਹੰਕਾਰ 'ਤੇ ਅੜੇ ਰਹੇ। ਗੁਰੂ-ਦਰਬਾਰ ਵਿਚ ਕਈ ਦਿਨ ਕੀਰਤਨ ਕਰਨ ਨਾ ਆਏ। ਇਨ੍ਹਾਂ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ ਸਿੱਖ ਤਾਂ ਗੁਰੂ ਕੋਲ ਸਾਡਾ ਕੀਰਤਨ ਸੁਣਨ ਲਈ ਹੀ ਆਉਂਦੇ ਹਨ। ਇੰਨ੍ਹਾਂ ਨੇ ਅਲੱਗ ਆਪਣਾ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦਾ ਕੀਰਤਨ ਸੁਣਨ ਕੋਈ ਵੀ ਸਿੱਖ ਨਾ ਜਾਵੇ, ਜਦੋਂਕਿ ਪਹਿਲਾਂ ਇਨ੍ਹਾਂ ਦੀ ਰੋਜ਼ੀ-ਰੋਟੀ ਹੀ ਗੁਰੂ ਦਰਬਾਰ ਵਿਚ ਕੀਰਤਨ ਕਰਨ ਤੋਂ ਚਲਦੀ ਸੀ। ਕੁਝ ਸਮਾਂ ਲੰਘਿਆ, ਭੁੱਖੇ ਮਰਨ ਲੱਗੇ। ਅਖੀਰ ਆਪਣਾ ਹੰਕਾਰ ਛੱਡ ਕੇ ਗੁਰੂ ਚਰਨਾਂ ਵਿਚ ਆ ਡਿੱਗੇ, ਮਾਫ਼ੀ ਮੰਗੀ ਤੇ ਦੁਬਾਰਾ ਗੁਰੂ ਦਰਬਾਰ ਵਿਚ ਕੀਰਤਨ ਕਰਨਾ ਸ਼ੁਰੂ ਕੀਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਕ ਅਨਾਥ ਬੱਚੇ ਦਾ ਪਾਲਣ-ਪੋਸ਼ਣ ਕੀਤਾ। ਉਸ ਨੂੰ ਵਿੱਦਿਆ ਤੋਂ ਲੈ ਕੇ ਜੰਗੀ ਜੌਹਰ ਆਪ ਸਿਖਾਏ। ਕੁਝ ਸਮੇਂ ਬਾਅਦ ਉਹ ਹੰਕਾਰੀ ਹੋ ਗਿਆ। ਉਸ ਨੇ ਸੋਚਿਆ ਕਿ ਗੁਰੂ ਮੇਰੇ ਕਰਕੇ ਜੰਗਾਂ-ਯੁੱਧਾਂ ਵਿਚ ਜਿੱਤ ਪ੍ਰਾਪਤ ਕਰਦਾ ਹੈ। ਇਹ ਗੁਰੂ ਸਾਹਿਬ ਨੂੰ ਛੱਡ ਕੇ ਮੁਗ਼ਲ ਫ਼ੌਜਾਂ ਨਾਲ ਜਾ ਰਲਿਆ। ਕਰਤਾਰਪੁਰ ਦੀ ਜੰਗ ਵਿਚ ਗੁਰੂ ਜੀ ਦੇ ਸਨਮੁਖ ਹੀ ਆ ਖਲੋਤਾ। ਇਸ ਨੇ ਬਚਪਨ ਦੇ ਸਾਰੇ ਉਪਕਾਰ ਭੁਲਾ ਕੇ ਮੈਦਾਨ-ਏ-ਜੰਗ ਵਿਚ ਗੁਰੂ ਜੀ ਨੂੰ ਆ ਲਲਕਾਰਿਆ। ਮੀਰੀ-ਪੀਰੀ ਦੇ ਮਾਲਕ ਸਤਿਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫਿਰ ਵੀ ਆਪਣਾ ਦਾਤੇ ਤੇ ਪਰਉਪਕਾਰੀ ਵਾਲਾ ਕਿਰਦਾਰ ਨਿਭਾਉਂਦਿਆਂ ਪਹਿਲਾਂ ਉਸ ਨੂੰ ਵਾਰ ਕਰਨ ਦਾ ਮੌਕਾ ਬਖ਼ਸ਼ਿਆ। ਪੈਂਦੇ ਖਾਂ ਨੇ ਪੂਰੇ ਜ਼ੋਰ ਨਾਲ ਗੁਰੂ ਜੀ 'ਤੇ ਤਿੰਨ ਵਾਰੀ, ਵਾਰ ਕੀਤੇ। ਗੁਰੂ ਜੀ ਨੇ ਸਾਰੇ ਵਾਰ ਨਿਕਾਰ

** ਇੰਚਾਰਜ ਅਤੇ ਐਸੋ. ਸੰਪਾਦਕ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੫੦੧੩-੦੦੪੫੯*

ਦਿੱਤੇ। ਫਿਰ ਗੁਰੂ ਜੀ ਨੇ ਪੈਂਦੇ ਖਾਂ ਨੂੰ ਲਲਕਾਰ ਕੇ ਕਿਹਾ, ਪੈਂਦੇ ਖਾਂ! ਹੁਣ ਤਿਆਰ ਹੋ ਜਾ, ਮੈਂ ਵਾਰ ਕਰਨ ਲੱਗਾ ਹਾਂ। ਬਚ ਸਕਦਾ ਹੈਂ, ਤਾਂ ਬਚਾ ਕਰ ਲੈ। ਗੁਰੂ ਜੀ ਨੇ ਇੱਕੋ ਵਾਰ ਨਾਲ ਪੈਂਦੇ ਖਾਂ ਨੂੰ ਧਰਤੀ 'ਤੇ ਪਟਕਾ ਮਾਰਿਆ। ਜ਼ਖ਼ਮੀ ਹੋਇਆ ਪੈਂਦੇ ਖਾਂ ਸਿਸਕਦਾ ਹੋਇਆ ਗੁਰੂ ਜੀ ਵੱਲ ਵੇਖ ਰਿਹਾ ਸੀ। ਗੁਰੂ ਸਾਹਿਬ ਨੇ ਪੈਂਦੇ ਖਾਂ ਨੂੰ ਆਪਣੀ ਬੁੱਕਲ (ਗੋਦ) ਵਿਚ ਲਿਆ ਤੇ ਆਪਣੀ ਢਾਲ ਦੀ ਛਾਂ ਕਰਕੇ ਅਖੀਰ ਸਮੇਂ ਅੱਲਾਹ ਨੂੰ ਯਾਦ ਕਰਨ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਪੈਂਦੇ ਖਾਂ ਦਾ ਹੰਕਾਰ ਜਾਂਦਾ ਰਿਹਾ। ਉਸ ਨੇ ਗੁਰੂ-ਚਰਨਾਂ ਵਿਚ ਆਪਣੀ ਭੁੱਲ ਬਖ਼ਸ਼ਾਈ ਤੇ ਸਦਾ ਦੀ ਨੀਂਦ ਸੌਂ ਗਿਆ।

ਸੰਸਾਰ ਅੰਦਰ ਜਿੱਥੇ ਇੱਕ ਦੁਨਿਆਵੀ ਮਨੁੱਖ ਹੰਕਾਰ ਪਸੰਦ ਨਹੀਂ ਕਰਦਾ ਤਾਂ ਪਰਮਾਤਮਾ ਨੂੰ ਹੰਕਾਰ ਕਿਵੇਂ ਚੰਗਾ ਲੱਗੇਗਾ:

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥*
*ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੯)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਇੱਕ ਮਿਸਤਰੀ ਭਾਈ ਲਾਲ ਚੰਦ ਆਪਣੇ ਹੱਥੀਂ ਗੈਂਡੇ ਦੀ ਖੱਲ ਦੀ ਇੱਕ ਢਾਲ ਬਣਾ ਕੇ ਲਿਆਇਆ ਤੇ ਗੁਰੂ ਜੀ ਦੀ ਹਜ਼ੂਰੀ ਵਿਚ ਆ ਕੇ ਭੇਟ ਕੀਤੀ। ਗੁਰੂ ਜੀ ਨੂੰ ਬੇਨਤੀ ਕੀਤੀ, ਸਤਿਗੁਰੂ ਜੀ! ਮੈਂ ਇਹ ਢਾਲ ਤਿਆਰ ਕੀਤੀ ਹੈ। ਇਸ ਵਿੱਚੋਂ ਬੰਦੂਕ ਦੀ ਗੋਲੀ ਵੀ ਨਹੀਂ ਲੰਘ ਸਕਦੀ। ਗੁਰੂ ਜੀ ਨੇ ਕਿਹਾ, ਜੇਕਰ ਮੈਂ ਨਿਸ਼ਾਨਾ ਵਿੰਨ੍ਹਾਂ ਤਾਂ! ਇਸ ਨੇ ਕਿਹਾ, ਹਾਂ ਜੀ, ਜੇਕਰ ਤੁਸੀਂ ਵੀ ਨਿਸ਼ਾਨਾ ਲਾਉ ਤਾਂ ਵੀ ਇਸ ਵਿੱਚੋਂ ਗੋਲੀ ਪਾਰ ਨਹੀਂ ਲੰਘ ਸਕਦੀ। ਗੁਰੂ ਜੀ ਨੇ ਕਿਹਾ, ਇਸ ਨੂੰ ਰੱਖ ਦਿਓ। ਕੱਲ੍ਹ ਨਿਸ਼ਾਨਾ ਪਰਖਿਆ ਜਾਵੇਗਾ। ਇਹ-ਘਰ ਚਲਾ ਗਿਆ। ਘਰ ਵਾਲੀ ਨੂੰ ਸਾਰੀ ਵਾਰਤਾ ਦੱਸੀ। ਘਰਵਾਲੀ ਵੀ ਗੁਰੂ-ਘਰ ਦੀ ਅਨਿੰਨ ਸ਼ਰਧਾਲੂ ਸਿੱਖ ਸੀ ਤੇ ਗੁਰੂ ਦੀਆਂ ਬਰਕਤਾਂ ਤੋਂ ਜਾਣੂ ਸੀ। ਉਸ ਨੇ ਭਾਈ ਲਾਲ ਚੰਦ ਨੂੰ ਕਿਹਾ! ਤੁਸੀਂ ਬਹੁਤ ਵੱਡੀ ਭੁੱਲ ਕਰ ਆਏ ਹੋ। ਤੁਹਾਨੂੰ ਆਪਣੀ ਕਲਾ 'ਤੇ ਹੰਕਾਰ ਨਹੀਂ ਕਰਨਾ ਚਾਹੀਦਾ ਸੀ। ਤੁਸੀਂ ਗੁਰੂ ਜੀ ਨੂੰ ਕਹਿ ਦਿੱਤਾ, ਕਿ ਤੁਹਾਡਾ ਵੀ ਨਿਸ਼ਾਨਾ ਇਸ ਵਿੱਚੋਂ ਨਹੀਂ ਲੰਘ ਸਕਦਾ? ਭਾਈ ਲਾਲ ਚੰਦ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਫਿਰ ਦੋਵਾਂ ਨੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ:

*ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੧)*

ਸੱਚੇ ਪਾਤਸ਼ਾਹ! ਅਸੀਂ ਭੁੱਲਣਹਾਰ ਹਾਂ ਸਾਨੂੰ ਬਖ਼ਸ਼ ਲੈਣਾ। ਅਗਲੇ ਦਿਨ ਦੀਵਾਨ ਸਜਿਆ ਸਤਿਗੁਰੂ ਜੀ ਨੇ ਢਾਲ ਮੰਗਵਾਈ। ਨਿਸ਼ਾਨਾ ਪਰਖਣ ਲੱਗੇ ਸਿੱਖ ਦੀ ਵੇਦਨਾ ਵੀ ਸਮਝ ਗਏ। ਨਿਸ਼ਾਨਾ ਢਾਲ ਦੇ ਉੱਪਰ ਦੀ ਲੰਘਾ ਦਿੱਤਾ ਤੇ ਇਸ ਸਿੱਖ ਨੂੰ ਬਖ਼ਸ਼ਿਆ। ਅੱਜ ਦੇ ਸਮੇਂ ਵਿਚ ਅਜਿਹੀਆਂ ਸਾਖੀਆਂ ਤੋਂ ਸਾਨੂੰ ਸਿੱਖਿਆ ਲੈਣ ਦੀ ਲੋੜ ਹੈ, ਕਿ ਸਾਨੂੰ ਕਿਸੇ ਤਰ੍ਹਾਂ ਦੇ ਧਨ-ਦੌਲਤ, ਕਲਾ ਜਾਂ ਸਿਆਣਪ ਦਾ ਹੰਕਾਰ ਨਹੀਂ ਕਰਨਾ

ਚਾਹੀਦਾ। ਸਾਨੂੰ ਆਪਣੇ ਵਡੇਰਿਆਂ ਦੇ ਤਜ਼ਰਬਿਆਂ ਤੋਂ ਕੁਝ ਸਿੱਖਣਾ ਜ਼ਰੂਰ ਚਾਹੀਦਾ ਹੈ। ਕਈ ਵਾਰ ਮਨੁੱਖ ਉਨ੍ਹਾਂ ਨੂੰ ਘੱਟ ਪੜ੍ਹੇ-ਲਿਖੇ ਹੋਣ ਅਤੇ ਆਪਣੇ ਆਪ ਨੂੰ ਵੱਧ ਪੜ੍ਹੇ-ਲਿਖੇ ਹੋਣ ਦਾ ਹੰਕਾਰ ਕਰ ਬੈਠਦਾ ਹੈ। ਜਿਸ ਕਰਕੇ ਉਨ੍ਹਾਂ ਦੇ ਤਜ਼ਰਬਿਆਂ ਤੋਂ ਲਾਹਾ ਲੈਣ ਦੀ ਬਜਾਏ ਵਾਂਝਾ ਰਹਿ ਜਾਂਦਾ ਹੈ। ਸਾਨੂੰ ਲੋੜ ਹੈ, ਸਮਝਣ ਦੀ, ਕਿ ਅਸੀਂ ਵੀ ਪੈਂਦੇ ਖਾਂ ਜਾਂ ਭਾਈ ਲਾਲ ਚੰਦ ਵਾਂਗ ਆਪਣੇ ਆਪ ਨੂੰ ਤਾਕਤਵਰ ਜਾਂ ਗੁਣੀ ਗਿਆਨੀ ਸਮਝ ਕੇ ਗੁਰੂ ਜਾਂ ਗੁਰੂ ਪਰੰਪਰਾ ਤੋਂ ਵੱਡੇ ਨਾ ਸਮਝੀਏ। ਗੁਰਮਤਿ ਮਰਯਾਦਾ ਵਿਚ ਰਹਿੰਦਿਆਂ ਗੁਰੂ ਸਾਹਿਬਾਨ, ਗੁਰ-ਅਸਥਾਨਾਂ ਤੇ ਗੁਰਬਾਣੀ ਦਾ ਸਤਿਕਾਰ ਕਰੀਏ। ਤਰਕਸੰਗਤ ਤੋਂ ਬਚ ਕੇ ਬਿਬੇਕ-ਬੁੱਧੀ ਰਾਹੀਂ ਗੁਰੂ ਤੋਂ ਨਾਮ ਦਾਨ ਦੀ ਦਾਤ ਮੰਗੀਏ। ■

---

ਗ਼ਜ਼ਲ

# ਸ਼ੁਕਰ ਵਿਚ ਇਸ ਨਸ਼ੁਕਰੇ ਨੂੰ...

*-ਸ. ਸਤਿਨਾਮ ਸਿੰਘ ਕੋਮਲ**

*ਸ਼ੁਕਰ ਵਿਚ ਇਸ ਨਸ਼ੁਕਰੇ ਨੂੰ ਕਰਾਂ ਕੀ ਰਹਿਣ ਨਹੀਂ ਆਉਂਦਾ।*
*ਫਿਰੇ ਦਰ ਦਰ, ਨਾ ਇਕ ਦਰ 'ਤੇ ਕਰਾਂ ਕੀ ਢਹਿਣ ਨਹੀਂ ਆਉਂਦਾ।*

*ਰਿਹਾ ਬਣਿਆ ਇਹ ਮੰਗਤਾ ਹੀ ਤੇਰੇ ਦਰ ਦਾ ਉਮਰ ਸਾਰੀ,*
*ਇਹ ਮੰਨਦਾ ਨਹੀਂ ਇਹ ਮੰਗਦਾ ਹੈ ਕਰਾਂ ਕੀ ਕਹਿਣ ਨਹੀਂ ਆਉਂਦਾ।*

*ਫਿਰੇ ਭੱਜਿਆ ਦਿਨੇ ਰਾਤੀਂ, ਪਦਾਰਥ ਲਈ ਇਹ ਸੁੱਖਾਂ ਲਈ,*
*ਬੇ-ਸਬਰਾ ਹੈ ਕਦੇ ਟਿੱਕ ਕੇ, ਕਰਾਂ ਕੀ ਬਹਿਣ ਨਹੀਂ ਆਉਂਦਾ।*

*ਰਹੇ ਘਿਰਿਆ ਸਦਾ ਦਿੱਸਦਾ ਇਹ ਪੰਜਾਂ ਦੇ ਹੀ ਘੇਰੇ ਵਿਚ,*
*ਕਦੇ ਡੱਟ ਕੇ ਇਹ ਕਮ-ਦਿਲ ਨੂੰ ਕਰਾਂ ਕੀ ਖਹਿਣ ਨਹੀਂ ਆਉਂਦਾ।*

*ਕਿਨਾਰੇ 'ਤੇ ਖੜ੍ਹਾ ਵੇਖੇ ਤੇਰੇ ਮੋਹ ਦੇ ਹੀ ਸਾਗਰ ਨੂੰ,*
*ਚੁਣੇ ਮੋਤੀ ਇਹ ਸਾਗਰ 'ਚੋਂ ਕਰਾਂ ਕੀ ਲਹਿਣ ਨਹੀਂ ਆਉਂਦਾ।*

*ਰਹਿਮਤ ਦੀ ਨਦੀ ਵਗਦੀ ਭਰੋਸਾ ਨਹੀਂ ਕਿਧਰ ਲੈ ਜਾਏ,*
*ਹੈ ਇਸ ਬਦ ਬਖਤ ਕੋਮਲ ਨੂੰ ਕਰਾਂ ਕੀ ਵਹਿਣ ਨਹੀਂ ਆਉਂਦਾ।*

■

** #੨੪੮, ਅਰਬਨ ਅਸਟੇਟ, ਚੰਡੀਗੜ੍ਹ ਰੋਡ, ਲੁਧਿਆਣਾ-੧੦, ਮੋ. ੯੪੧੭੩-੭੨੩੪੫*

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸ਼ਰਧਾਲੂ ਸਿੱਖ: ਭਾਈ ਕਾਲਾ ਜੀ

*-ਸ. ਕਰਮਜੀਤ ਸਿੰਘ ਦੂਲਾ ਨੰਗਲ**

ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਰਧਾਲੂ ਸਿੱਖ ਭਾਈ ਕਾਲਾ ਜੀ ਦੇ ਜੀਵਨ ਸਮਾਚਾਰਾਂ ਬਾਰੇ ਕੋਈ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਪਰ ਮਹਿਰਾਜ (ਮਰਾੜ) ਨਗਰ ਦੇ ਵੱਸਣ ਅਤੇ ਫੂਲਵੰਸ਼ ਦੀ ਵਰ ਪ੍ਰਾਪਤੀ ਸਮੇਂ ਭਾਈ ਕਾਲਾ ਜੀ ਦੀ ਅਹਿਮ ਭੂਮਿਕਾ ਦਾ ਇਤਿਹਾਸਕਾਰਾਂ ਨੇ ਬਾਖੂਬੀ ਜ਼ਿਕਰ ਕੀਤਾ ਹੈ। ਭਾਈ ਕਾਲਾ ਜੀ, ਭਾਈ ਮੋਹਣ ਜੀ ਦਾ ਪੁੱਤਰ ਸੀ ਜਿਸ ਦਾ ਪੜਦਾਦਾ ਮਹਿਰਾਜ ਫੂਲ ਵੰਸ਼ ਦਾ ਵਡੇਰਾ ਸੀ, ਜਿਸ ਦੇ ਨਾਮ ਉੱਪਰ ਮਹਿਰਾਜ ਨਗਰ ਵਸਾਇਆ ਗਿਆ ਸੀ।[੧]

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਬਚਨਾਂ ਨਾਲ ੧੬੨੭ ਈ.[੨] ਵਿਚ ਮਹਿਰਾਜ ਨਗਰ ਵਸਾਉਣ ਦੀ ਵਾਰਤਾ ਇਤਿਹਾਸ ਵਿਚ ਇਸ ਪ੍ਰਕਾਰ ਦਰਜ ਹੈ ਕਿ ਛੇਵੇਂ ਪਾਤਸ਼ਾਹ ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਪਿੰਡ ਮਾੜੀ ਪੁੱਜੇ। ਇੱਥੇ ਕੌੜੇ ਭੁੱਲਰਾਂ ਦੇ ਵਡੇਰੇ ਦੀ ਯਾਦ ਵਿਚ ਮੇਲਾ ਲੱਗਾ ਹੋਇਆ ਸੀ। ਗੁਰੂ ਜੀ ਨੇ ਮੇਲੇ ਵਿਚ ਜੁੜੇ ਲੋਕਾਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਬਹੁਤ ਸਾਰੇ ਲੋਕ ਸਿੱਖ ਬਣੇ। ਸਿੱਖ ਬਣਨ ਵਾਲਿਆਂ ਵਿਚ ਮਹਿਰਾਜ ਦੀ ਔਲਾਦ ਵਿੱਚੋਂ ਭਾਈ ਮੋਹਣ ਅਤੇ ਉਸ ਦੇ ਦੋ ਪੁੱਤਰ ਭਾਈ ਕਰਮਚੰਦ ਅਤੇ ਭਾਈ ਕਾਲਾ ਵੀ ਸਨ। ਸ. ਰਤਨ ਸਿੰਘ ਭੰਗੂ ਦੇ ਕਥਨ ਅਨੁਸਾਰ ਮਹਿਰਾਜਕਿਆਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਿੱਖ ਭਾਈ ਭਗਤੂ ਜੀ ਨੂੰ ਬੇਨਤੀ ਕੀਤੀ ਕਿ ਸਾਨੂੰ ਗੁਰੂ ਜੀ ਦੇ ਚਰਨੀਂ ਲਾਵੋ:

*ਸੋ ਭਗਤੂ ਢਿਗ ਹਾਥ ਜੋੜ ਚਰਨੀ ਲਗੇ।*
*ਸਭ ਬਿਧ ਕਹੀ ਸੁਨਾਇ ਹਮਹਿ ਗੁਰੂ ਪਗ ਲਾਇਓ।*[੩]

ਗੁਰੂ ਜੀ ਨੇ ਉਨ੍ਹਾਂ ਦੀ ਗ਼ਰੀਬੀ, ਨਿਮ੍ਰਤਾ ਅਤੇ ਸ਼ਰਾਫਤ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਗੁਰੂ-ਘਰ ਦੇ ਸਿੱਖ ਬਣਾਇਆ। ਉਹ ਸਾਰੇ ਸਾਥੀਆਂ ਸਹਿਤ ਭਗਤੀ ’ਤੇ ਗੁਰਮੰਤ੍ਰ ਦਾ ਜਾਪ ਕਰਨ ਲੱਗੇ।[੪] ਇਨ੍ਹਾਂ ਦੀ ਬਰਾਦਰੀ ਅਰਥਾਤ ਮਹਿਰਾਜ ਦੀ ਔਲਾਦ ਸਿੱਧੂ ਜੱਟ ਸਨ ਜਿਨ੍ਹਾਂ ਨੂੰ ਭੱਟੀਆਂ ਅਤੇ ਪਚਾਧਿਆਂ ਨੇ ਘਰਾਂ-ਘਾਟਾਂ ਤੋਂ ਉਜਾੜ ਕੇ ਬਾਹਰ ਕੱਢ ਦਿੱਤਾ ਸੀ। ਇਹ ਉਸ ਇਲਾਕੇ ਵਿਚ ਟੱਪਰੀ-ਵਾਸ ਬਣੇ ਕਿਸੇ ਥਾਂ-ਟਿਕਾਣੇ ਦੀ ਭਾਲ ਵਿਚ ਇਕ ਭਾਰੀ ਜਥੇ ਦੇ ਰੂਪ ਵਿਚ

** ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੫੫੭-੨੭੩੫੧*

ਫਿਰ ਰਹੇ ਸਨ, ਤਦ ਉਨ੍ਹਾਂ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਤਨੋ-ਮਨੋ ਬਹੁਤ ਸ਼ਰਧਾ-ਭਾਵਨਾ ਨਾਲ ਸੇਵਾ ਕਰਨੀ ਸ਼ੁਰੂ ਕੀਤੀ। ਉਹ ਗੁਰੂ ਸਾਹਿਬ ਦੇ ਘੋੜਿਆਂ ਵਾਸਤੇ ਵਧੀਆ ਨਰਮ ਘਾਹ ਲਿਆਇਆ ਕਰਨ, ਲੰਗਰ ਦੀ ਸੇਵਾ ਕਰਨ ਅਤੇ ਹਰ ਵੇਲੇ ਹੱਥ ਜੋੜ ਕੇ ਹਾਜ਼ਰ ਰਹਿਣ। ਇਕ ਦਿਨ ਛੇਵੇਂ ਪਾਤਸ਼ਾਹ ਜੀ ਨੇ ਉਨ੍ਹਾਂ ਦੀ ਗ਼ਰੀਬੀ ਅਤੇ ਆਪਣੀ ਨਿਵਾਜੀ ਦਾ ਧਿਆਨ ਧਰ ਕੇ ਭਾਈ ਕਾਲਾ ਜੀ ਦੇ ਪਿਤਾ ਭਾਈ ਮੋਹਣ ਜੀ ਨੂੰ ਕੁਝ ਮੰਗਣ ਲਈ ਕਿਹਾ:

*ਸ੍ਰੀ ਸਤਿਗੁਰ ਦਿਸ਼ਟ ਖੁਸੀ ਕੀ ਕਰੀ। ਭਏ ਨਿਹਾਲ ਵੈ ਤਿਸ ਹੀ ਘਰੀ।*
*ਮਹਰਾਜ ਪੋਤ੍ਰੋਂ ਮੋਹਨ ਥੋ ਆਯੋ। ਸਾਥ ਪੁਤ੍ਰ ਸੋ ਕਾਲੈ ਲਯਾਯੋ।*
*ਸ੍ਰੀ ਸਤਿਗੁਰ ਅੱਗੈ ਦਯੋ ਚੜ੍ਹਵਾਇ। ਔਰ ਦਰਬ ਦਈ ਢੇਰੀ ਲਾਇ।*
*ਕਾਲੇ ਟਹਿਲ ਗੁਰ ਲੰਗਰ ਲਾਈ। ਲੋਕਨ ਕਹਿ ਬਾਤ ਦਈ ਮਿਟਾਈ।*
*ਤੌ ਮੋਹਨ ਗੁਰ ਪੈ ਜੀ ਕੀ ਕਹੀ। ਦੱਯੋ ਜ਼ਿਮੀਂ ਹਮ ਵੱਸਨ ਤਈਂ।*
*ਹਸ ਸਤਿਗੁਰ ਯੋ ਮੋਹਨ ਕਹਯੋ। ਹਮ ਚਾਹੈਂ ਤੁਮ ਦੇਣੈਂ ਜੋਗ ਕਯੋ।*[੫]

ਤਦ ਭਾਈ ਮੋਹਣ ਜੀ ਨੇ ਆਪਣਾ ਸਾਰਾ ਬਿਰਤਾਂਤ ਗੁਰੂ ਸਾਹਿਬ ਨੂੰ ਸੁਣਾ ਕੇ ਬੇਨਤੀ ਕੀਤੀ ਕਿ, ਜੇਕਰ ਤੁਠੇ ਹੋ ਤਾਂ ਪਹਿਲੇ ਸਿੱਖੀ ਧਰਮ ਬਖਸ਼ੋ, ਫੇਰ ਇਕ ਪਿੰਡ ਦੀ ਜ਼ਮੀਨ ਕੌੜੇ ਭੁੱਲਰਾਂ ਪਾਸੋਂ ਸਾਨੂੰ ਵੱਸਣ ਵਾਸਤੇ ਲੈ ਦਿਉ, ਕਿਉਂਕਿ ਇਨ੍ਹਾਂ ਪਾਸ ਕਈ ਲੱਖ ਘੁਮਾਂ ਬੰਜਰ ਜ਼ਮੀਨ ਪਈ ਹੈ ਅਤੇ ਸਾਡੇ ਪਾਸ ਦਸ ਬਿਘੇ ਭੀ ਨਹੀਂ, ਜਿੱਥੇ ਅਸੀ ਝੁੱਗੀਆਂ ਪਾ ਬੈਠੀਏ 'ਤੇ ਆਪਣਾ ਖੂਹ ਲਾ ਲਈਏ। ਹੁਣ ਸਾਡੀਆਂ ਤੀਵੀਆਂ ਇਨ੍ਹਾਂ ਦੇ ਖੂਹੋਂ ਪਾਣੀ ਭਰਨ ਜਾਂਦੀਆਂ ਹਨ ਤਾਂ ਇਹ ਠੱਠਾ ਮਸਖਰੀ ਕਰ ਕੇ ਬਹੁਤ ਦੁਖ ਦੇਂਦੇ ਹਨ, ਇਹ ਨਰਦਈ ਤੋਂ ਸਾਨੂੰ ਭਾਰੀ ਗੈਰਤ ਆਉਂਦੀ ਹੈ, ਪਰ ਕੀ ਕਰੀਏ? ਕੁਛ ਪੇਸ਼ ਨਹੀਂ ਚਲਦੀ। ਹੁਣ ਆਪ ਜੀ ਇਹ ਕਿਰਪਾ ਕਰੋ ਕਿ ਪਿੰਡ ਬੰਨ੍ਹਣ ਜੋਗੀ ਧਰਤੀ ਇਨ੍ਹਾਂ ਤੋਂ ਲੈ ਦਿਉ 'ਤੇ ਨਾਤੇ-ਰਿਸ਼ਤੇ ਦੀ ਸਾਂਝ ਸਾਡੀ ਇਨ੍ਹਾਂ ਨਾਲ ਕਰਾ ਦਿਉ। ਭਾਈ ਮੋਹਣ ਜੀ ਤੋਂ ਇਹ ਵਾਰਤਾ ਸੁਣ ਕੇ ਗੁਰੂ ਸਾਹਿਬ ਨੇ ਕੌੜੇ ਭੁੱਲਰਾਂ 'ਤੇ ਗੁੱਸਾ ਹੋ ਕੇ ਮਰਾਜਿਆਂ 'ਤੇ ਤਰਸ ਕੀਤਾ।

ਅਗਲੇ ਦਿਨ ਕੌੜੇ ਭੁੱਲਰ ਗੁਰੂ ਜੀ ਕੋਲ ਆਏ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਫਰਮਾਇਸ਼ ਪਾਈ ਕਿ ਤੁਸੀ ਇਨ੍ਹਾਂ ਚਕਰੈਲਾਂ ਨੂੰ ਇਕ ਪਿੰਡ ਦੀ ਜ਼ਮੀਨ ਦੇ ਦਿਉ ਅਤੇ ਬੇਟੀ ਲੈਣ-ਦੇਣ ਦੀ ਸਾਂਝ ਇਨ੍ਹਾਂ ਨਾਲ ਰੱਖੋ। ਗੁਰੂ ਜੀ ਦਾ ਇਹ ਬਚਨ ਉਨ੍ਹਾਂ ਭੁੱਲਰਾਂ ਨੂੰ ਗੋਲੀ ਵਾਂਗ ਵੱਜਾ, ਉਨ੍ਹਾਂ ਵਿਚ ਚੌਧਰੀ ਲਾਲ ਕੌੜਾ ਜੋ ਉਨ੍ਹਾਂ ਦਾ ਮੁਖੀ ਸੀ, ਚੌਧਰੀ ਬਘੇਲੇ, ਦਿਤੂ, ਦੌਲੇ ਆਦਿਕ ਦੀ ਸਲਾਹ ਨਾਲ ਜਵਾਬ ਵਿਚ ਬੋਲਿਆ ਕਿ ਤੁਸੀਂ ਇਕ ਪਿੰਡ ਦੀ ਜ਼ਮੀਨ ਆਖਦੇ ਹੋ ਅਸੀਂ ਤਾਂ ਇਨ੍ਹਾਂ ਨੂੰ ਇਕ ਬਿਘਾ ਭਰ ਵੀ ਜ਼ਮੀਨ ਨਹੀਂ ਦੇਣੀ, ਤੁਸੀਂ ਚੰਗੇ ਗੁਰੂ ਹੋ ਇਨ੍ਹਾਂ ਪਾਹੀਆਂ ਨੂੰ ਜ਼ਮੀਨ ਦਵਾਕੇ ਸਾਡੇ ਸ਼ਰੀਕ ਬਣਾਉਂਦੇ ਹੋ। ਗੁਰੂ ਜੀ ਦੇ ਤਿੰਨ ਵਾਰ ਕਹਿਣ 'ਤੇ ਵੀ ਕੌੜੇ ਭੁੱਲਰ ਨਾ ਮੰਨੇ

ਅਤੇ ਗੁੱਸੇ ਵਿਚ ਚਲੇ ਗਏ।

ਤਦ ਗੁਰੂ ਨੇ ਭਾਈ ਮੋਹਣ ਜੀ ਨੂੰ ਕਿਹਾ ਤੁਸੀਂ ਹੁਣੇ ਇੱਥੋਂ ਤੁਰ ਜਾਉ ਅਤੇ ਜਿੱਥੇ ਦਿਨ ਛਿਪ ਜਾਵੇ ਉੱਥੇ ਹੀ ਪਿੰਡ ਦੀ ਮੋਹੜੀ ਗੱਡ ਕੇ ਬੈਠ ਜਾਉ, ਗੁਰੂ ਤੁਹਾਡੀ ਸਹਾਇਤਾ ਕਰਨਗੇ। ਭਾਈ ਮੋਹਣ ਜੀ ਉਸੇ ਸਮੇਂ ਗੱਡੇ ਲੱਦ ਕੇ ਸਾਥੀਆਂ ਸਮੇਤ ਤੁਰ ਪਏ। ਉਹ ਮਾੜੀ ਤੋਂ ਢਾਈ ਤਿੰਨ ਕੋਹ ਗਏ ਤਾਂ ਸੂਰਜ ਛਿਪ ਗਿਆ। ਭਾਈ ਮੋਹਣ ਜੀ ਗੁਰੂ ਜੀ ਦੇ ਹੁਕਮ ਅਨੁਸਾਰ ਉਤਾਰਾ ਕਰ ਕੇ ਆਪਣੇ ਵੱਡੇ-ਵਡੇਰੇ ਮਹਿਰਾਜ ਦੇ ਨਾਮ 'ਤੇ ਆਪਣੇ ਵੱਡੇ ਪੁੱਤਰ ਭਾਈ ਕਰਮ ਚੰਦ ਤੋਂ ਸੰਮਤ ੧੬੮੪ ਅਨੁਸਾਰ ੧੬੨੭ ਈ. ਨੂੰ ਮਹਿਰਾਜ ਪਿੰਡ ਮੋਹੜੀ ਗਡਾ ਕੇ ਰਾਤੋ ਰਾਤ ਚਾਰ-ਚੁਫੇਰੇ ਵਾੜ ਕਰ ਲਈ। ਇਹ ਖ਼ਬਰ ਸੁਣ ਕੇ ਦੂਜੇ ਦਿਨ ਭੁੱਲਰਾਂ ਨੇ ਇਨ੍ਹਾਂ ਨੂੰ ਬਹੁਤ ਧਮਕੀਆਂ ਦਿੱਤੀਆਂ ਪਰ ਇਹ ਗੁਰੂ ਜੀ ਦੇ ਆਸਰੇ ਬੈਠੇ ਰਹੇ। ਅਖੀਰ ਕੌੜਿਆਂ ਭੁੱਲਰਾਂ ਨੇ ਕਈ ਪਿੰਡਾਂ ਦੇ ਭੁੱਲਰ ਜੱਟ ਇਕੱਠੇ ਕਰ ਕੇ ਮਹਿਰਾਜਿਆਂ 'ਤੇ ਹਮਲਾ ਕਰ ਦਿੱਤਾ। ਅੱਗੋਂ ਭਾਈ ਮੋਹਣ ਜੀ, ਭਾਈ ਕਾਲਾ ਜੀ ਅਤੇ ਇਨ੍ਹਾਂ ਦੇ ਪੁੱਤ-ਭਤੀਜੇ ਆਦਿਕ ਸਾਥੀ ਵੀ ਚੰਗੇ ਲੜਾਕੇ ਸਨ ਜਿਨ੍ਹਾਂ ਨੇ ਡਟ ਕੇ ਮੁਕਾਬਲਾ ਕੀਤਾ। ਇਨ੍ਹਾਂ ਦੀ ਮਦਦ ਵਾਸਤੇ ਗੁਰੂ ਜੀ ਨੇ ਭਾਈ ਬਿਧੀ ਚੰਦ ਜੀ, ਭਾਈ ਜੇਠਾ ਜੀ, ਭਾਈ ਪਰਾਣਾ ਜੀ ਆਦਿਕ ਤਿੰਨ ਸੌ ਸਵਾਰ ਭੇਜ ਦਿੱਤੇ। ਜਿਨ੍ਹਾਂ ਅੱਗੇ ਭੁੱਲਰਾਂ ਦੀ ਸੁੱਧ ਭੁੱਲ ਗਈ ਅਤੇ ਥੋੜਾ ਸਮਾਂ ਲੜ ਕੇ ਭੱਜ ਗਏ।

ਫਿਰ ਭੁੱਲਰਾਂ ਨੇ ਇਕੱਠੇ ਹੋ ਕੇ ਆਪਣੇ ਜਵਾਈ ਭੋਖੜੀ ਪਿੰਡ ਵਾਲੇ ਸਰਦਾਰ ਜੈਦ ਪਰਾਣੇ[੬] ਨੂੰ ਮਦਦ ਲਈ ਸੱਦਿਆ। ਜੈਦ ਪਰਾਣਾ ਉਸ ਸਮੇਂ ਦਾ ਅਰਜਨ, ਭੀਮ ਵਾਂਗ ਜੋਰਾਵਰ ਬਹਾਦਰ ਸੀ। ਉਸ ਦੇ ਆਉਣ ਦੀ ਖ਼ਬਰ ਸੁਣ ਕੇ ਮਹਿਰਾਜਕੇ ਬਹੁਤ ਡਰ ਗਏ। ਉਸ ਵੇਲੇ ਗੁਰੂ ਜੀ ਨੇ ਭਾਈ ਕਾਲਾ ਜੀ ਜੋ ਮਰਾਜਿਆਂ ਵਿੱਚੋਂ ਬਹੁਤ ਬਹਾਦਰ ਸੂਰਵੀਰ ਸੀ, ਨੂੰ ਥਾਪੀ ਦੇ ਕੇ ਆਖਿਆ ਡਰੋ ਨਹੀਂ, ਅਸੀ ਤੇਰੇ ਹੱਥੋਂ ਜੈਦ ਪਰਾਣੇ ਨੂੰ ਮਰਵਾਉਣਾ ਹੈ। ਇਹ ਵਰ ਸੁਣ ਕੇ ਮਰਾਜਿਆ ਦਾ ਹੌਂਸਲਾ ਵਧ ਗਿਆ। ਫਿਰ ਜੈਦ ਪਰਾਣੇ ਦੀ ਅਗਵਾਈ ਵਿਚ ਸ਼ੁਰੂ ਹੋਈ ਜੰਗ ਬਹੁਤ ਘਮਸਾਨ ਮੱਚਿਆ। ਗੁਰੂ ਜੀ ਦੇ ਸਿੱਖ ਮਹਿਰਾਜਕਿਆਂ ਦੇ ਨਾਲ ਸਨ ਅਤੇ ਗੁਰੂ ਜੀ ਆਪ ਖੁਦ ਉੱਚੇ ਟਿੱਲੇ ਉੱਪਰ ਖਲੋ ਕੇ ਵੇਖ ਰਹੇ ਸਨ। ਭੁੱਲਰਾਂ ਵੱਲੋਂ ਜੈਦ ਪੁਰਾਣਾ ਮਾਰੋ-ਮਾਰ ਕਰਦਾ ਅੱਗੇ ਵਧ ਰਿਹਾ ਸੀ। ਜਦੋਂ ਉਸ ਨੇ ਮਹਿਰਾਜਕਿਆਂ ਦੇ ਕਈ ਬੰਦੇ ਮਾਰ ਦਿੱਤੇ ਤਾਂ ਗੁਰੂ ਜੀ ਨੇ ਭਾਈ ਕਾਲੇ ਨੂੰ ਵੰਗਾਰਿਆ ਕੇ ਜੈਦ ਪਰਾਣੇ ਦੇ ਸਾਹਮਣੇ ਹੋ। ਉਧਰੋਂ ਜੈਦ ਪਰਾਣੇ ਨੇ ਵੀ ਭਾਈ ਕਾਲੇ ਨੂੰ ਬਹਾਦਰੀ ਨਾਲ ਲੜਦਿਆਂ ਵੇਖ ਕੇ ਵੰਗਾਰਿਆ ਅਤੇ ਬੜਾ ਭਾਰੀ ਵਾਰ ਕੀਤਾ ਜਿਸ ਨੂੰ ਭਾਈ ਕਾਲੇ ਨੇ ਬੜੀ ਬਹਾਦਰੀ ਨਾਲ ਰੋਕਿਆ ਪਰ ਉਸ ਦੇ ਚਾਰ ਦੰਦ ਟੁੱਟ ਗਏ। ਉਸ ਸਮੇਂ ਇਕ ਸਿੱਖ ਨੇ ਜੈਦ ਪਰਾਣੇ 'ਤੇ ਤੀਰ ਦਾ ਵਾਰ ਕੀਤਾ ਜਿਸ ਤੋਂ ਤੁਰੰਤ ਬਾਅਦ ਭਾਈ ਕਾਲਾ ਜੀ ਨੇ ਬੜੀ ਬਹਾਦਰੀ ਨਾਲ ਖੰਡੇ

ਦਾ ਵਾਰ ਕਰ ਕੇ ਜੈਦ ਪਰਾਣੇ ਨੂੰ ਥਾਂ ਮਾਰ ਦਿੱਤਾ। ਇਹ ਜੈਦ ਪਰਾਣਾ ਕੋਈ ਆਮ ਵਿਅਕਤੀ ਨਹੀਂ ਸੀ ਇਸ ਦੀ ਬਹਾਦਰੀ ਅਤੇ ਪ੍ਰਭੁਤਾ ਬਾਰੇ 'ਤਵਾਰੀਖ ਗੁਰੂ ਖਾਲਸਾ' ਵਿਚ ਵਰਣਨ ਹੈ: "ਕਿ ਜੈਦ ਪਰਾਣੇ ਨੇ ਦੋ ਵਾਰ ਸ਼ਾਹੀ ਫੌਜ ਨੂੰ ਵੀ ਹਰਾਇਆ ਸੀ। ਉਹ ਆਪਣੀਆਂ ਬਾਹਵਾਂ ਦੇ ਜ਼ੋਰ ਅਤੇ ਪ੍ਰਤਾਪ ਨਾਲ ਸਾਰੇ ਦੇਸ਼ (ਇਲਾਕੇ) ਵਿਚ ਉੱਘਾ ਅਤੇ ਚੁਰਾਸੀ ਪਿੰਡਾਂ ਦਾ ਮਾਲ ਗੁਜ਼ਾਰ ਸਰਦਾਰ ਬਣਿਆ ਸੀ।"[੭] ਅਜਿਹੇ ਬਹਾਦਰ ਨੂੰ ਮਾਰਕੇ ਭਾਈ ਕਾਲਾ ਜੀ ਨੇ ਜੰਗ ਦਾ ਇਕ ਪਾਸਾ ਕਰ ਦਿੱਤਾ। ਜਿਸ ਤੋਂ ਬਾਅਦ ਭੁੱਲਰਾਂ ਦਾ ਹੌਸਲਾ ਟੁੱਟ ਗਿਆ 'ਤੇ ਉਹ ਨਗਾਰੇ ਮੂਧੇ ਮਾਰ ਕੇ ਆਪਣੇ ਪਿੰਡਾਂ ਨੂੰ ਤੁਰ ਪਏ। ਫਿਰ ਮਹਿਰਾਜਕਿਆਂ ਨੇ ਤਿੰਨ-ਤਿੰਨ ਕੋਹ ਤਕ ਚਾਰੇ ਪਾਸੇ ਪਿੰਡ ਦੀ ਜੂਹ ਫੈਲਾ ਲਈ। ਇਨ੍ਹਾਂ ਦਾ ਮਦਦਗਾਰ ਗੁਰੂ ਜੀ ਨੂੰ ਜਾਣ ਕੇ ਦੁਬਾਰਾ ਕਿਸੇ ਨੇ ਇਨ੍ਹਾਂ ਵੱਲ ਮੂੰਹ ਨਹੀਂ ਕੀਤਾ। ਫਿਰ ਮਹਿਰਾਜ ਪਿੰਡ ਅਜਿਹਾ ਸੰਘਣਾ ਵੱਸਿਆ ਕੇ ਇਸ ਵਿੱਚੋਂ ਨਿਕਲ ਕੇ ਕਈ ਪਿੰਡ ਵੱਸੇ।[੮]

ਉਪਰ ਦੱਸਿਆ ਗਿਆ ਹੈ ਕਿ ੧੬੨੭ ਈ. ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਿਰਪਾ ਨਾਲ ਮਹਿਰਾਜ ਪਿੰਡ ਵੱਸਿਆ। ਕੁਝ ਸਮੇਂ ਬਾਅਦ ਉੱਥੇ ਹੀ ਗੁਰੂ ਜੀ ਦਾ ਸ਼ਾਹੀ ਫੌਜਾਂ ਨਾਲ ਜੁੱਧ ਹੋਇਆ। ਜੁੱਧ ਤੋਂ ਬਾਅਦ ਉੱਥੇ ਰੋਜ਼ ਦੀਵਾਨ ਸਜਦਾ, ਕਥਾ ਕੀਰਤਨ ਹੁੰਦਾ ਅਤੇ ਅੰਮ੍ਰਿਤ ਦੀ ਵਰਖਾ ਹੁੰਦੀ ਜਿਸ ਤੋਂ ਸੰਗਤ ਲਾਹਾ ਪ੍ਰਾਪਤ ਕਰਦੀ। ਇਕ ਦਿਨ ਗੁਰੂ ਜੀ ਦੇ ਸਜੇ ਦੀਵਾਨ ਵਿਚ ਭਾਈ ਕਾਲਾ ਆਪਣੇ ਵੱਡੇ ਭਰਾ ਰੂਪ ਚੰਦ ਜੋ ਭੱਟੀਆਂ ਨਾਲ ਕਿਸੇ ਲੜਾਈ ਵਿਚ ਮਾਰਿਆ ਗਿਆ ਸੀ[੯] ਦੇ ਦੋਵਾਂ ਪੁੱਤਰਾਂ ਫੂਲ ਅਤੇ ਸੰਦਲੀ ਆਪਣੇ ਭਤੀਜਿਆਂ ਨੂੰ ਲੈ ਕੇ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਭਾਈ ਕਾਲਾ ਜੀ ਨੇ ਫੂਲ ਨੂੰ ਮੋਢੇ ਉਤੇ ਚੁੱਕਿਆ ਸੀ ਅਤੇ ਸੰਦਲੀ ਉਂਗਲ ਫੜ੍ਹ ਕੇ ਤੁਰਿਆ ਆ ਰਿਹਾ ਸੀ। ਗੁਰੂ ਜੀ ਦੇ ਸਾਹਮਣੇ ਪਹੁੰਚ ਕੇ ਫੂਲ ਆਪਣਾ ਢਿੱਡ ਵਜਾਉਣ ਲੱਗ ਪਿਆ। ਗੁਰੂ ਜੀ ਦੇ ਪੁੱਛਣ 'ਤੇ ਭਾਈ ਕਾਲਾ ਜੀ ਨੇ ਦੱਸਿਆ ਕਿ ਸੱਚੇ ਪਾਤਸ਼ਾਹ! ਇਹ ਯਤੀਮ ਹੈ ਅਤੇ ਢਿੱਡੋਂ ਭੁੱਖਾ ਹੈ। ਇਹ ਬੋਲਣਾ ਅਜੇ ਜਾਣਦਾ ਨਹੀਂ। ਇਸ ਲਈ ਢਿੱਡ ਵਜਾ ਕੇ ਭੁੱਖ ਦਾ ਦੁੱਖ ਪ੍ਰਗਟ ਕਰ ਰਿਹਾ ਹੈ ਅਤੇ ਆਪ ਜੀ ਤੋਂ ਢਿੱਡ ਭਰਨ ਲਈ ਮੰਗ ਰਿਹਾ ਹੈ। ਸੱਚੇ ਪਾਤਸ਼ਾਹ ਨੇ ਦਇਆ ਦ੍ਰਿਸ਼ਟੀ ਧਾਰ ਕੇ ਫੁਰਮਾਇਆ, ਭਾਈ ਕਾਲਾ! ਇਹ ਬੜਾ ਵੱਡਾ ਅਤੇ ਉੱਘਾ ਅਮੀਰ ਹੋਵੇਗਾ। ਇਸ ਦੀ ਔਲਾਦ ਦੇ ਘੋੜੇ ਜਮਨਾ ਤੀਕ ਪਾਣੀ ਪੀਣਗੇ। ਇਸਦੀ ਔਲਾਦ ਕਈ ਪੀੜ੍ਹੀਆਂ ਤਕ ਇਥੇ ਰਾਜ ਕਰੇਗੀ।[੧੦] ਗੁਰੂ ਜੀ ਦੀ ਦਿੱਤੀ ਅਸੀਸ ਦੀ ਬਦੌਲਤ ਫੂਲ ਤੋਂ ਫੂਲਕੀਆਂ ਰਿਆਸਤਾਂ (ਪਟਿਆਲਾ, ਨਾਭਾ, ਜੀਂਦ) ਪ੍ਰਫੁਲਿਤ ਹੋਈਆਂ ਜਿਨ੍ਹਾਂ ਨੇ ਰਾਜ ਦੇ ਸੁੱਖ ਮਾਣੇ। ਜਦੋਂ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਧਰਮ ਪ੍ਰਚਾਰ ਕਰਦੇ ਮਾਲਵੇ ਪਧਾਰੇ ਤਾਂ ਫੂਲ ਨੇ ਆਪਣੇ ਸਾਕ-ਸਬੰਧੀਆਂ ਸਮੇਤ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ।[੧੧]

ਜਦ ਭਾਈ ਕਾਲਾ ਜੀ ਨੇ ਘਰ ਆ ਕੇ ਗੁਰੂ ਜੀ ਵੱਲੋਂ ਫੂਲ ਨੂੰ ਦਿੱਤੇ ਗਏ ਵਰ ਦੀ ਸਾਰੀ ਵਾਰਤਾ ਆਪਣੀ ਵਹੁਟੀ ਨੂੰ ਦੱਸੀ ਤਾਂ ਉਹ ਕਹਿਣ ਲੱਗੀ ਕਿ ਤੁਸੀਂ ਆਪਣੇ ਪੁੱਤਰਾਂ ਨੂੰ ਗੁਰੂ ਜੀ ਕੋਲ ਕਿਉਂ ਨਹੀਂ ਲੈ ਕੇ ਗਏ, ਉਹ ਵੀ ਰਾਜੇ ਬਣ ਜਾਂਦੇ। ਹੁਣ ਉਹ ਫੂਲ ਦੇ ਟਕੇ ਭਰਿਆ ਕਰਨਗੇ ਅਜੇ ਵੀ ਵੇਲਾ ਹੈ ਭਲਕੇ ਉਨ੍ਹਾਂ ਨੂੰ ਲੈ ਜਾਣਾ। ਅਗਲੇ ਦਿਨ ਭਾਈ ਕਾਲਾ ਜੀ ਆਪਣੇ ਪੁੱਤਰਾਂ ਨੂੰ ਲੈ ਕੇ ਗੁਰੂ ਜੀ ਦੇ ਦਰਬਾਰ ਪੁੱਜਾ। ਗੁਰੂ ਜੀ ਨੇ ਭਾਈ ਕਾਲਾ ਜੀ ਦੀ ਮਨਸਾ ਜਾਣ ਕੇ ਫਰਮਾਇਆ, ਇਹ ਵੀ ਜ਼ਮੀਨਾਂ ਦੇ ਮਾਲਕ ਹੋਣਗੇ ਆਪਣੀ ਕਮਾਈ ਖਾਣਗੇ, ਟਕੇ ਨਹੀਂ ਭਰਨਗੇ 'ਤੇ ਕਿਸੇ ਦੇ ਅਧੀਨ ਨਹੀਂ ਹੋਣਗੇ।

ਫੂਲ ਦੇ ਪੁੱਤਰਾਂ ਵਿੱਚੋਂ ਤਰਲੋਕ ਸਿੰਘ ਨਾਭੇ 'ਤੇ ਜੀਂਦ ਦੇ ਰਾਜਿਆਂ ਦਾ ਵਡੇਰਾ ਹੋਇਆ ਅਤੇ ਦੂਜਾ ਪੁੱਤਰ ਰਾਮ ਸਿੰਘ ਪਟਿਆਲੇ ਦੇ ਰਾਜਿਆਂ ਦਾ ਵਡੇਰਾ ਹੋਇਆ। ਇਨ੍ਹਾਂ ਤਿੰਨਾਂ ਰਿਆਸਤਾਂ ਨੂੰ ਫੂਲਕੀਆ ਰਿਆਸਤਾਂ ਆਖਦੇ ਸਨ। ਭਾਈ ਕਾਲਾ ਜੀ ਦੀ ਔਲਾਦ ੨੨ ਪਿੰਡਾਂ ਦੀ ਮਾਲਕ ਬਣੀ ਜਿਨ੍ਹਾਂ ਨੂੰ ਬਾਹੀਆ ਆਖਦੇ ਹਨ।

ਸੋ ਭਾਈ ਕਾਲਾ ਇਕ ਬਹਾਦਰ ਸੂਰਬੀਰ ਯੋਧਾ ਸੀ ਜਿਸ ਨੇ ਛੇਵੇਂ ਪਾਤਸ਼ਾਹ ਦੀ ਬਖ਼ਸ਼ਿਸ਼ ਦਾ ਪਾਤਰ ਬਣ ਕੇ ਜੈਦ ਪੁਰਾਣਾ ਵਰਗੇ ਮਹਾਂਬਲੀ ਨੂੰ ਮਾਰ ਕੇ ਮਹਿਰਾਜ ਨਗਰ ਨੂੰ ਵਸਾਉਣ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਦੂਜਾ ਫੂਲਕੀਆਂ ਰਿਆਸਤਾਂ ਦੇ ਵਡੇਰੇ ਫੂਲ ਨੂੰ ਗੁਰੂ ਜੀ ਪਾਸੋਂ ਵਰ ਦਿਵਾਉਣ ਸਮੇਂ ਉਸ ਨੂੰ ਗੁਰੂ ਦਰਬਾਰ ਵਿਚ ਲਿਜਾ ਕੇ ਗੁਰੂ ਜੀ ਦੀਆਂ ਬਖ਼ਸ਼ਿਸ਼ਾਂ ਦਾ ਪਾਤਰ ਬਣਾਇਆ। ਭਾਈ ਕਾਲਾ ਪਹਿਲਾਂ ਮਹਿਰਾਜਕਿਆਂ ਅਤੇ ਫਿਰ ਫੂਲਕਿਆਂ (ਰਿਆਸਤਾਂ) ਦੇ ਇਤਿਹਾਸ ਵਿਚ ਅਹਿਮ ਪਾਤਰ ਅਤੇ ਗੁਰੂ ਜੀ ਦਾ ਸ਼ਰਧਾਵਾਨ ਸਿੱਖ ਵਜੋਂ ਪਹਿਚਾਣਿਆ ਜਾਂਦਾ ਹੈ।

**ਹਵਾਲੇ :**


**੧.** ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼* (ਸੰਪਾ.) ਡਾ. ਬਲਵੰਤ ਸਿੰਘ ਢਿੱਲੋਂ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੪, ਪੰਨਾ ੪੨੬.

**੨.** ਪ੍ਰੋ. ਕਰਤਾਰ ਸਿੰਘ ਐਮ.ਏ., *ਸਿੱਖ ਇਤਿਹਾਸ (ਭਾਗ-੧)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੮, ਪੰਨਾ ੨੫੦.

**੩.** ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼ (ਸੰਪਾ.) ਡਾ. ਬਲਵੰਤ ਸਿੰਘ ਢਿੱਲੋਂ, ਸਿੰਘ ਬ੍ਰਦਰਜ਼, ਪੰਨਾ ੪੨੬.

**੪.** ਗਿ. ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ-ਪਹਿਲਾ), ਭਾਸ਼ਾ ਵਿਭਾਗ ਪੰਜਾਬ, ੨੦੧੧, ਪੰਨਾ ੫੨੪.

**੫.** ਰਤਨ ਸਿੰਘ ਭੰਗੂ, ਪੰਨਾ ੪੨੬.

**੬.** ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ

**੭.** ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*-੧, ਭਾਸ਼ਾ ਵਿਭਾਗ, ਪੰਜਾਬ, ੨੦੧੧, ਪੰਨਾ ੫੨੬.

**੮.** ਉਹੀ, ਪੰਨਾ ੫੨੭.

**੯.** ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼* (ਭਾਗ-ਦੂਜਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੧੨੧੭.

**੧੦.** ਪ੍ਰੋ. ਕਰਤਾਰ ਸਿੰਘ ਐਮ.ਏ., ਸਿੱਖ ਇਤਿਹਾਸ-੧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

**੧੧.** ਪ੍ਰੋ. ਬਲਵੰਤ ਸਿੰਘ ਢਿੱਲੋਂ, *ਪ੍ਰਮੁੱਖ ਸਿਖ ਤੇ ਸਿਖ ਪੰਥ*, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੧੯੯੭, ਪੰਨਾ ੬੬

# ਸ੍ਰੀ ਗੁਰੂ ਰਾਮਦਾਸ ਸਰਾਂ ਦਾ ਇਤਿਹਾਸ

*-ਸ. ਅਜ਼ਾਦ ਦੀਪ ਸਿੰਘ**

ਗੁਰਦੁਆਰਾ ਐਕਟ ਬਣ ਜਾਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸ੍ਰੀ ਦਰਬਾਰ ਸਾਹਿਬ ਪ੍ਰਬੰਧਕ ਕਮੇਟੀ ਬਣੀ ਤਾਂ, ਉਸ ਕਮੇਟੀ ਨੇ ਮਹਿਸੂਸ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਕਰਨ ਆਏ ਸ਼ਰਧਾਲੂਆਂ ਦੇ ਠਹਿਰਨ ਲਈ ਕੋਈ ਚੰਗਾ ਪ੍ਰਬੰਧ ਨਹੀਂ। ਇਸ ਮਕਸਦ ਲਈ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਨਾਮ ਉੱਪਰ ਸ੍ਰੀ ਗੁਰੂ ਰਾਮਦਾਸ (ਨਿਵਾਸ) ਸਰਾਂ ਉਸਾਰੀ ਜਾਵੇ। ਇਹ ਕਾਰਜ ਅਰੰਭ ਕਰਨ ਤੋਂ ਪਹਿਲਾਂ ੧੭-੦੮-੧੯੩੧ ਈ. ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਤੇ ਅਰਦਾਸ ਉਪਰੰਤ ਸੰਗਤ ਦੇ ਇਕ ਭਾਰੀ ਇਕੱਠ ਵਿਚ ਜੈਕਾਰਿਆਂ ਦੀ ਗੂੰਜ ਨਾਲ ਸੇਵਾ ਦੇ ਪੁੰਜ ਕਾਰ-ਸੇਵਾ ਵਾਲੇ ਸੰਤ ਬਾਬਾ ਸਾਧੂ ਸਿੰਘ ਜੀ 'ਪਟਿਆਲੇ' ਵਾਲਿਆਂ ਨੇ ਸ੍ਰੀ ਗੁਰੂ ਰਾਮਦਾਸ ਸਰਾਂ ਦੀ ਸ਼ਾਨਦਾਰ ਇਮਾਰਤ ਦਾ ਨੀਂਹ-ਪੱਥਰ ਆਪਣੇ ਹੱਥਾਂ ਨਾਲ ਰੱਖਿਆ। ਸ੍ਰੀ ਗੁਰੂ ਰਾਮਦਾਸ ਸਰਾਂ ਦੀ ਬੁਨਿਆਦ ਬਾਰੇ ਸਰਾਂ ਦੇ ਮੁੱਖ ਦੁਆਰ 'ਤੇ ਸੱਜੇ ਖੱਬੇ ਦੋ ਸਿਲ੍ਹਾਂ ਲੱਗੀਆਂ ਹੋਈਆਂ ਹਨ।

ਸੱਜੇ ਪਾਸੇ ਦੀ ਸਿਲ੍ਹ ਦੀ ਇਬਾਰਤ ਇਸ ਤਰ੍ਹਾਂ ਹੈ:-

ੴ ਵਾਹਿਗੁਰੂ ਜੀ ਕੀ ਫਤਹ॥

ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੇ ਸਵਾਈ॥

ਸਰਾਏ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਬੁਨਯਾਦੀ ਪੱਥਰ ੧੭-੦੮-੩੧ ਮੁਤਾਬਕ ੧ ਭਾਦਰੋਂ ਸੰਮਤ ੪੬੨ ਨਾਨਕਸ਼ਾਹੀ ਨੂੰ ਸ੍ਰੀ ਮਾਨ ਗੁਰਮੁਖ ਪਿਆਰੇ ਸੰਤ ਸਾਧੂ ਸਿੰਘ ਜੀ (ਪਟਿਆਲੇ ਵਾਲਿਆਂ) ਦੀ ਹਥੀਂ ਰਖਿਆ ਗਿਆ।

ਖੱਬੇ ਪਾਸੇ ਦੀ ਸਿਲ੍ਹ ਦੀ ਇਬਾਰਤ ਇਵੇਂ ਹੈ:-

ੴ ਵਾਹਿਗੁਰੂ ਜੀ ਕੀ ਫਤਹ॥

ਸਤਿਗੁਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੀ ਅਪਾਰ ਕ੍ਰਿਪਾ ਦੁਆਰਾ ਆਪਣੀਆ ਪਿਆਰੀਆਂ ਸੰਗਤਾਂ ਦੇ ਆਰਾਮ ਲਈ ਗੁਰੂ ਕੀ ਸਰਾਂ ਦੀ ਇਸ ਅਮਾਰਤ ਦੀ ਸੇਵਾ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੇਠ ਲਿਖੇ ਸੇਵਕਾਂ ਪਾਸੋਂ ਆਰੰਭ ਕਰਵਾਈ:-

**੧.** ਜਵਾਹਿਰ ਸਿੰਘ ਪਿੰਡ ਬੁਰਜ ਜਿਲ੍ਹਾ, ਅੰਮ੍ਰਿਤਸਰ ਪ੍ਰਧਾਨ

**੨.** ਈਸ਼ਰ ਸਿੰਘ ਪਿੰਡ ਮਰਹਾਣਾ, ਜ਼ਿਲ੍ਹਾ ਅੰਮ੍ਰਿਤਸਰ ਮੀਤ ਪ੍ਰਧਾਨ

** ਇੰਚਾਰਜ, ਟਰੱਸਟ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੯੮੧੭੯*

**੩.** ਦਰਸ਼ਣ ਸਿੰਘ ਪਿੰਡ ਫੇਰੂਮਾਨ, ਜ਼ਿਲ੍ਹਾ ਅੰਮ੍ਰਿਤਸਰ ਮੈਂਬਰ

**੪.** ਨਾਹਰ ਸਿੰਘ ਫ਼ਤਹਗੜ੍ਹ ਸ਼ੁਕਰ ਚੱਕੀਆ, ਜ਼ਿ: ਅੰਮ੍ਰਿਤਸਰ ਮੈਂਬਰ

**੫.** ਹੁਕਮ ਸਿੰਘ ਸ:ਬ: ਸ੍ਰੀ ਅੰਮ੍ਰਿਤਸਰ ਮੈਂਬਰ

**੬.** ਤੇਜਾ ਸਿੰਘ ਨਾਗੀ ਸ੍ਰੀ ਅੰਮ੍ਰਿਤਸਰ ਮੈਂਬਰ

**੭.** ਹਰੀ ਸਿੰਘ ਡਾਕਟਰ ਸ੍ਰੀ ਅੰਮ੍ਰਿਤਸਰ ਮੈਂਬਰ

**੮.** ਸੰਤੋਖ ਸਿੰਘ ਬੈਂਕਰ ਸ੍ਰੀ ਅੰਮ੍ਰਿਤਸਰ ਮੈਂਬਰ

**੯.** ਊਧਮ ਸਿੰਘ ਪਿੰਡ ਨਾਗੋਕੇ ਜ਼ਿਲ੍ਹਾ ਅੰਮ੍ਰਿਤਸਰ ਮੈਂਬਰ

**੧੦.** ਸੁਜਾਨ ਸਿੰਘ ਮਾਸਟਰ ਸਰਹਾਲੀ, ਜ਼ਿਲਾ ਅੰਮ੍ਰਿਤਸਰ ਮੈਂਬਰ

**੧੧.** ਪਾਲਾ ਸਿੰਘ ਪਿੰਡ ਛੀਨਾ ਜ਼ਿਲ੍ਹਾ ਅੰਮ੍ਰਿਤਸਰ ਮੈਂਬਰ

**੧੨.** ਅਰਜਨਸ਼ਾਹ ਸਿੰਘ ਜੱਜ ਹਾਈਕੋਰਟ ਪਟਿਆਲਾ ਮੈਂਬਰ

**੧੩.** ਸੰਤੋਖ ਸਿੰਘ ਪਿੰਡ ਗੁਲਾਬ ਸਿੰਘ ਵਾਲਾ ਜਿ: ਫੀਰੋਜ਼ਪੁਰ ਮੈਂਬਰ

ਸਰਾਂ ਵਿਚਕਾਰ ਖੁੱਲ੍ਹਾ ਵੇਹੜਾ ਛੱਡ ਕੇ ਚੁਫੇਰੇ ਅੰਦਰ ਵੱਲ ਅਤੇ ਬਾਹਰ ਵੱਲ ਦੂਹਰੇ ਕਮਰੇ ਤੇ ਬਰਾਂਡੇ ਬਣਾਏ ਗਏ। ਪਹਿਲਾਂ ਦੋ ਮੰਜ਼ਲੀ ਇਮਾਰਤ ਉਸਾਰੀ ਗਈ। ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਤੀਜੀ ਮੰਜ਼ਲ ਬਣਾਈ ਗਈ। ਇਸ ਇਮਾਰਤ ਦੇ ਕੁੱਲ ੩੮੪ ਕਮਰੇ ਹਨ। ਹਰ ਮੰਜ਼ਲ ਦੇ ਚੌਹਾਂ ਕੋਨਿਆਂ ਵਿਚ ਚਾਰ-ਚਾਰ ਹਾਲ ਕਮਰੇ ਹਨ। ਪਹਿਲੀ ਮੰਜ਼ਲ ਦੀ ਦੱਖਣ-ਪੱਛਮੀ ਕੋਨ ਦੇ ਹਾਲ ਵਿਚ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਸੀ ਜੋ ਕਿ ਹੁਣ ਇੱਥੋਂ ਬਦਲ ਕੇ ਸ੍ਰੀ ਗੁਰੂ ਹਰਿਗੋਬਿੰਦ ਨਿਵਾਸ ਦੀ ਬੇਸਮੈਂਟ ਵਿਚ ਤਬਦੀਲ ਹੋ ਗਈ ਹੈ। ਦੱਖਣ-ਪੂਰਬੀ ਕੋਨ ਦੇ ਹਾਲ ਵਿਚ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪੇ ਗੁਰਮਤਿ ਸਾਹਿਤ ਦਾ ਭੰਡਾਰ ਹੈ। ਉੱਤਰ-ਪੱਛਮੀ ਕੋਨ ਦੇ ਹਾਲ ਵਿਚ ਯਾਤਰੂਆਂ ਦਾ ਸਾਮਾਨ ਰੱਖਣ ਦਾ ਸਟੋਰ ਹੈ। ਬਾਕੀ ਸਾਰੇ ਕਮਰੇ ਤੇ ਹਾਲ ਯਾਤਰੂਆਂ ਦੀ ਰਿਹਾਇਸ਼ ਲਈ ਵਰਤੇ ਜਾਂਦੇ ਹਨ। ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਨਿਵਾਸ ਦੇ ਉੱਤਰ-ਪੂਰਬੀ ਕੋਨੇ ਬਾਹਰਵਾਰ ਬਹੁਤ ਵੱਡੀ ਪਾਣੀ ਦੀ ਟੈਂਕੀ ਤਿਆਰ ਕਰਵਾਈ ਗਈ, ਇਸ ਦੇ ਨੇੜੇ ਹੀ ਨਵੇਂ ਢੰਗ ਦੇ ਇਸ਼ਨਾਨ ਘਰ ਤੇ ਫਲੱਸ਼ਾਂ ਬਣਾਈਆਂ ਗਈਆਂ। ਸਰਾਂ ਵਿਖੇ ਰਿਹਾਇਸ਼ ਲਈ ਨਿਯਮ ਬਣਾਏ ਗਏ। ਹਰ ਕਮਰੇ ਵਿਚ ਨਿਯਮਾਂ ਦੀ ਕਾਪੀ ਫਰੇਮ ਕਰਕੇ ਲਗਾਈ ਗਈ।

ਨਿਯਮ ਰਿਹਾਇਸ਼ ਦੀ ਇਬਾਰਤ ਇਸ ਤਰ੍ਹਾਂ ਹੈ:-

ੴ ਵਾਹਿਗੁਰੂ ਜੀ ਕੀ ਫਤਹ॥

ਨਿਯਮ ਰਿਹਾਇਸ਼

ਸ੍ਰੀ ਗੁਰੂ ਰਾਮਦਾਸ ਸਾਹਿਬ ਨਿਵਾਸ

{ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜੀ}

**੧.** ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਨ ਆਇਆ ਹਰ ਇੱਕ ਯਾਤਰੂ ਚਾਰ ਦਿਨਾਂ ਲਈ ਇਸ ਅਸਥਾਨ ਵਿਚ ਠਹਿਰ ਸਕਦਾ ਹੈ। ਕਿਸੇ ਖਾਸ ਕਾਰਨ ਕਰਕੇ ਵਧੇਰੇ ਸਮੇਂ ਲਈ ਰਹਿਣ ਵਾਸਤੇ ਕਮੇਟੀ ਦੇ ਦਫਤ੍ਰੋਂ ਲਿਖਤੀ ਆਗਿਆ ਲੈਣੀ ਪਿਆ ਕਰੇਗੀ ਜੋ ਵਧ ਤੋਂ ਵਧ ਇਕ ਹਫਤੇ ਤਕ ਦੀ ਮਿਲ ਸਕਿਆ ਕਰੇਗੀ।

**੨.** ਹਰ ਇਕ ਯਾਤਰੂ ਨੂੰ ਰਿਹਾਇਸ਼ ਵਾਸਤੇ ਥਾਂ ਤੇ ਮੰਜਾ ਮੁਫਤ ਮਿਲਿਆ ਕਰੇਗਾ। ਮੇਲਿਆਂ ਤੇ ਹੋਰ ਖਾਸ ਸਮਾਗਮਾਂ ਸਮੇਂ ਥਾਂ ਤੇ ਮੰਜੇ ਆਦਿਕ ਸਾਰਿਆਂ ਨੂੰ ਨਹੀਂ ਮਿਲ ਸਕਿਆ ਕਰਨਗੇ।

**੩.** ਬਿਸਤਰਾ, ਲੈਂਪ ਆਦਿਕ ਇਕ ਰੁਪਿਆ ਕੇਵਲ ਅਮਾਨਤ ਜਮਾਂ ਕਰੋਣ ਤੇ ਮਿਲ ਸਕਿਆ ਕਰਨਗੇ।

**੪.** ਹਰ ਇਕ ਯਾਤਰੂ ਆਪਣਾ ਨਾਮ ਤੇ ਪੂਰਾ ਪਤਾ ਸੇਵਾਦਾਰਾਂ ਦੇ ਪੁੱਛਣ 'ਤੇ ਲਿਖਾ ਦਿਆ ਕਰੇ।

**੫.** ਕੋਈ ਯਾਤਰੂ ਕਿਸੇ ਕਿਸਮ ਦੀ ਨਸ਼ੀਲੀ ਚੀਜ਼ ਵਰਤ ਕੇ ਏਥੇ ਨਹੀਂ ਆ ਸਕਦਾ ਤੇ ਨਾ ਹੀ ਵਰਤ ਸਕਦਾ ਹੈ। ਸਿਗਰਟ ਬੀੜੀ ਆਦਿਕ ਪੀਣ, ਹਜਾਮਤ ਕਰੋਣ, ਤਾਸ਼ ਜੂਆ ਆਦਿਕ ਖੇਡਣ ਦੀ ਸਖਤ ਮਨਾਹੀ ਹੈ। ਸਿੱਖ ਧਰਮ ਦੇ ਅਸੂਲਾਂ ਦੇ ਵਿਰੁੱਧ ਇੱਥੇ ਕੋਈ ਕਾਰਵਾਈ ਨਹੀਂ ਹੋ ਸਕੇਗੀ।

**੬.** ਕਿਸੇ ਕਿਸਮ ਦੀ ਬੀਮਾਰੀ ਵਾਲੇ ਯਾਤਰੂ ਨੂੰ ਏਥੇ ਠਹਿਰਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

**ਜ਼ਰੂਰੀ ਬੇਨਤੀਆਂ**

**੧.** ਆਪਣੀ ਨਕਦੀ ਤੇ ਜ਼ੇਵਰ ਆਦਿਕ ਕੀਮਤੀ ਚੀਜ਼ਾਂ ਏਥੋਂ ਦੇ ਕਲਰਕ ਪਾਸ ਅਮਾਨਤ ਰੱਖੋ ਨਹੀਂ ਤਾਂ ਨੁਕਸਾਨ ਦੇ ਆਪ ਜ਼ਿੰਮੇਵਾਰ ਹੋਵੋਗੇ।

**੨.** ਕਮਰਿਆਂ ਦੇ ਬਰਾਂਡਿਆਂ ਵਿਚ ਥੁਕਣ, ਦੀਵਾਰਾਂ, ਦਰਵਾਜਿਆਂ ਤੇ ਖਿੜਕੀਆਂ ਤੇ ਲਿਖਣ ਜਾਂ ਲਕੀਰਾਂ ਮਾਰਨ ਤੇ ਹੋਰ ਸਾਮਾਨ ਨੂੰ ਖਰਾਬ ਕਰਨ ਦੀ ਸਖਤ ਮਨਾਹੀ ਹੈ।

**੩.** ਬਿਜਲੀ ਤੇ ਪਾਣੀ ਨੂੰ ਲੋੜ ਅਨੁਸਾਰ ਵਰਤੋ। ਕਮਰਾ ਬੰਦ ਕਰਨ ਲਗਿਆਂ ਵੇਖ ਲਵੋ ਕਿ ਬਿਜਲੀ ਦਾ ਸਵਿਚ ਕਿਤੇ ਜਗਣ ਵਾਲੀ ਹਾਲਤ ਵਿਚ (on) ਤਾਂ ਨਹੀਂ। ਪਾਣੀ ਵਰਤਕੇ ਨਲਕੇ ਬੰਦ ਕਰ ਦਿਆ ਕਰੋ।

**੪.** ਟੱਟੀਆਂ ਤੋਂ ਬਾਹਰ ਤੇ ਪਿਸ਼ਾਬ ਕਰਨ ਲਈ ਨੀਯਤ ਕੀਤੀ ਥਾਂ ਤੋਂ ਛੁਟ ਹੋਰ ਕਿਸੇ ਥਾਂ ਟੱਟੀ ਪਿਸ਼ਾਬ ਨਾ ਕਰੋ।

**੫.** ਕੋਈ ਯਾਤਰੂ ਕਿਸੇ ਸੇਵਾਦਾਰ ਨੂੰ ਕਿਸੇ ਭੀ ਸੇਵਾ ਬਦਲੇ ਕੋਈ ਇਨਾਮ ਆਦਿਕ ਨਾ ਦੇਵੇ। ਜੇ ਕੋਈ ਰਕਮ ਸਹਾਇਤਾ ਵਜੋਂ ਦੇਣੀ ਹੋਵੇ ਤਾਂ ਸ੍ਰੀ ਗੁਰੂ ਰਾਮਦਾਸ ਨਿਵਾਸ ਵਿਚ ਲੱਗੀ ਸੰਦੂਕੜੀ ਵਿਚ ਪਾ ਦਿੱਤੀ ਜਾਵੇ ਜਾਂ ਉੱਥੋਂ ਦੇ ਕਲਰਕ

ਜਾਂ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਜ਼ਾਨਚੀ ਜੀ ਪਾਸ ਜਮਾਂ ਕਰਾ ਕੇ ਰਸੀਦ ਲੈ ਲਈ ਜਾਇਆ ਕਰੇ।

ਹਰ ਇਕ ਯਾਤਰੂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਇਹਨਾਂ 'ਨਿਯਮਾਂ' ਤੇ 'ਜ਼ਰੂਰੀ ਬੇਨਤੀਆਂ' ਦੀ ਆਪ ਪਾਲਣਾ ਕਰੇਗਾ ਤੇ ਹੋਰਨਾਂ ਨੂੰ ਪਾਲਣਾ ਕਰਨ ਲਈ ਪ੍ਰੇਰੇਗਾ।

ਨਿਯਮਾਂ ਦੀ ਪਾਬੰਦੀ ਨਾ ਕਰਨ ਵਾਲਿਆਂ ਵਿਰੁੱਧ ਮੁਨਾਸਬ ਕਾਹਰਵਾਈ ਕੀਤੀ ਜਾਇਆ ਕਰੇਗੀ।

ਦਾਸ-ਸੰਤੋਖ ਸਿੰਘ ਸਕੱਤ੍ਰ,

ਮਿਤੀ ੧੩-੭-੩੩ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ
'ਦੇਸ਼ ਦਰਦੀ ਪ੍ਰੈੱਸ' ਅੰਮ੍ਰਿਤਸਰ ਵਿਚ ਛਪਿਆ।

ਗੁਰੂ ਕਾਲ ਅਤੇ ਸਿੱਖ ਰਾਜ ਸਮੇਂ ਵੱਖ-ਵੱਖ ਇਲਾਕਿਆਂ, ਸਰਦਾਰਾਂ, ਸੰਸਥਾਵਾਂ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਬੁੰਗੇ ਬਣਵਾਏ ਗਏ। ਅਰਦਾਸ ਵਿਚ ਚੌਂਕੀਆਂ, ਝੰਡੇ ਬੁੰਗਿਆਂ ਦਾ ਜ਼ਿਕਰ ਆਉਂਦਾ ਹੈ। ਦੀਵਾਲੀ ਵੈਸਾਖੀ ਤੇ ਹੋਰ ਦਿਹਾੜਿਆਂ ਸਮੇਂ ਦੂਰੋਂ ਨੇੜਿਉਂ ਆਉਣ ਵਾਲੀ ਸੰਗਤ ਇਨ੍ਹਾਂ ਬੁੰਗਿਆਂ ਵਿਚ ਨਿਵਾਸ ਕਰਦੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਤੇ ਸੰਗਤ ਦੀ ਰੀਹਾਇਸ਼ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਅਧੀਨ ਸ੍ਰੀ ਗੁਰੂ ਰਾਮਦਾਸ ਸਰਾਂ ਬਣਾਈ ਗਈ। ਸ੍ਰੀ ਗੁਰੂ ਰਾਮਦਾਸ ਸਰਾਂ ਸ੍ਰੀ ਦਰਬਾਰ ਸਾਹਿਬ ਦੀ ਸਭ ਤੋਂ ਪੁਰਾਣੀ ਸਰਾਂ ਹੈ। ਇਸ ਦੀਆਂ ਛੱਤਾਂ ਡਾਟਾਂ ਦੀਆਂ ਹਨ। ਅੰਦਰ ਬਾਹਰ ਖੁੱਲਣ ਵਾਲੇ ਕਮਰੇ ਹਨ, ਜਿਨ੍ਹਾਂ ਦੇ ਅੱਗੇ ਬਰਾਂਡੇ ਬਣੇ ਹੋਏ ਹਨ। ਕਮਰੇ ਦੋਹਰੇ ਤੇ ਅੱਗੇ ਪਿੱਛੇ ਬਰਾਂਡੇ ਹੋਣ ਕਰਕੇ ਕਮਰੇ ਗਰਮੀਆਂ ਵਿਚ ਠੰਡੇ ਤੇ ਸਿਆਲ ਵਿਚ ਨਿੱਘੇ ਰਹਿੰਦੇ ਹਨ। ਜਿਸ ਕਰਕੇ ਏ. ਸੀ., ਹੀਟਰ ਆਦਿ ਦੀ ਲੋੜ ਨਹੀਂ ਪੈਂਦੀ। ਕਮਰਿਆਂ ਦਾ ਕੋਈ ਕਿਰਾਇਆ ਨਹੀਂ ਵਸੂਲਿਆ ਜਾਂਦਾ, ਸਿਰਫ ਮੋੜਨਯੋਗ ਸਕਿਉਰਟੀ ਹੀ ਜਮ੍ਹਾ ਕੀਤੀ ਜਾਂਦੀ ਹੈ। ਕਮਰਿਆਂ ਦੀ ਕੋਈ ਭੇਟਾ ਨਾ ਹੋਣ ਕਰਕੇ ਲੋੜਵੰਦ ਸੰਗਤ ਇਸ ਸਰਾਂ ਵਿਚ ਹੀ ਠਹਿਰਦੀ ਹੈ।

ਜੂਨ ੧੯੮੪ ਈ. ਦੇ ਘੱਲੂਘਾਰੇ ਨਾਲ ਸੰਬੰਧਿਤ ਬਹੁਤ ਸਾਰੀਆਂ ਘਟਨਾਵਾਂ ਦਾ ਸੰਬੰਧ ਵੀ ਸ੍ਰੀ ਗੁਰੂ ਰਾਮਦਾਸ ਸਰਾਂ ਨਾਲ ਜੁੜਦਾ ਹੈ। ਅਪ੍ਰੇਸ਼ਨ ਸਮੇਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੁਝ ਮੈਂਬਰਾਂ ਨੇ ਇਸ ਸਰਾਂ ਦੀ ਟੈਂਕੀ ਉਪਰ ਚੜ ਕੇ ਫੌਜ ਦੇ ਮੋਰਚਿਆਂ ਤੇ ਗੋਲੀਬਾਰੀ ਕੀਤੀ ਤਾਂ ਫੌਜ ਨੇ ਇਸ ਟੈਂਕੀ ਨੂੰ ਨਿਸ਼ਾਨੇ 'ਤੇ ਲੈ ਕੇ ਬੰਬ ਮਾਰ ਕੇ ਟੈਂਕੀ ਤੋੜ ਦਿੱਤੀ, ਜਿਸ ਕਰਕੇ ਟੈਂਕੀ ਦਾ ਪਾਣੀ ਵਹਿ ਜਾਣ ਕਰਕੇ ਸੰਗਤ ਨੂੰ ਪਾਣੀ ਦੀ ਬਹੁਤ ਮੁਸ਼ਕਿਲ ਆਈ।

੧੯੮੪ ਈ. ਤਕ ਸ੍ਰੀ ਗੁਰੂ ਰਾਮਦਾਸ ਨਿਵਾਸ ਦਾ ਵਿਹੜਾ ਬਰਾਂਡਿਆਂ ਨਾਲੋਂ

ਨੀਵਾਂ ਸੀ, ਜਿਸ ਕਰਕੇ ਬਰਾਂਡੇ ਤੋਂ ਵਿਹੜੇ ਲਈ ਪੌੜੀਆਂ ਉਤਰਦੀਆਂ ਸਨ। ਵਿਹੜੇ ਦੇ ਵਿਚਕਾਰ ਇਕ ਇਸ਼ਨਾਨ ਘਰ ਬਣਿਆ ਹੋਇਆ ਸੀ, ਜਿਸਦੇ ਅੰਦਰਲੇ ਪਾਸੇ ਬੀਬੀਆਂ ਤੇ ਬਾਹਰਲੇ ਪਾਸੇ ਬੰਦੇ ਇਸ਼ਨਾਨ ਕਰਦੇ ਸਨ। ਹੁਣ ਇਹ ਇਸ਼ਨਾਨ ਘਰ ਤੋੜ ਦਿੱਤਾ ਗਿਆ ਹੈ। ਜੂਨ ੧੯੮੪ ਈ. ਦੇ ਘੱਲੂਘਾਰੇ ਦੇ ਚਸ਼ਮਦੀਦਾਂ ਅਨੁਸਾਰ ਗੁਰੂ ਰਾਮਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ, ਨਾਨਕ ਨਿਵਾਸ, ਅਕਾਲ ਰੈਸਟ ਹਾਊਸ ਤੇ ਇਸ ਪਾਸੇ ਦੇ ਹੋਰ ਸਥਾਨਾਂ ਤੋਂ ਗ੍ਰਿਫਤਾਰ ਕੀਤੇ ਗਏ ਸਿੱਖਾਂ ਨੂੰ ਫੌਜ ਵੱਲੋਂ ਗੁਰੂ ਰਾਮਦਾਸ ਸਰਾਂ ਦੇ ਵਿਹੜੇ ਵਿਚ ਹੀ ਇਕੱਠਾ ਕੀਤਾ ਗਿਆ ਸੀ। ਜਦੋਂ ਫੌਜ ਵੱਲੋਂ ਗ੍ਰਿਫਤਾਰ ਲੋਕਾਂ ਦੀ ਸਕਰੀਨਿੰਗ ਕੀਤੀ ਜਾ ਰਹੀ ਸੀ, ਤਾਂ ਸਰਾਂ ਦੀ ਕਿਸੇ ਉਪਰਲੀ ਮੰਜਿਲ ਤੋਂ ਕਿਸੇ ਵੱਲੋਂ ਵਿਹੜੇ ਵਿਚ ਗ੍ਰਨੇਡ ਸੁੱਟਿਆ ਗਿਆ। ਜਿਸ ਕਰਕੇ ਭਗਦੜ ਮੱਚ ਗਈ। ਭਗਦੜ ਮੱਚਣ ਕਰਕੇ ਫੌਜ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਗਈਆਂ ਜਿਸ ਕਾਰਨ ਬਹੁਤ ਸਾਰੇ ਸਿੱਖ ਮਾਰੇ ਗਏ ਤੇ ਅਣਗਿਣਤ ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਸ. ਗੁਰਚਰਨ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਨਛੱਤਰ ਸਿੰਘ ਭਲਵਾਨ, ਸ. ਬੱਗਾ ਸਿੰਘ ਤੇ ਸ. ਮਹੈਣ ਸਿੰਘ ਨਾਰਲੀ ਵੀ ਸਨ। ਇਹ ਗ੍ਰਨੇਡ ਕਿਸ ਵੱਲੋਂ ਸੁੱਟਿਆ ਗਿਆ ਇਹ ਅੱਜ ਵੀ ਰਹੱਸ ਬਣਿਆ ਹੋਇਆ ਹੈ। ਚਸ਼ਮਦੀਦਾਂ ਦੇ ਦੱਸਣ ਅਨੁਸਾਰ ਗ੍ਰਿਫ਼ਤਾਰ ਵਿਅਕਤੀਆਂ ਨੂੰ ਸਰਾਂ ਦੇ ਇੱਕ ਕਮਰੇ ਦੀ ਇਕ ਬਾਰੀ ਅੱਗੋਂ ਇਕੱਲੇ ਇਕੱਲੇ ਨੂੰ ਲੰਘਾਇਆ ਜਾਂਦਾ ਸੀ, ਬਾਰੀ ਦੇ ਪਿੱਛੇ ਖਲੋਤਾ ਵਿਅਕਤੀ ਸਭ ਦੀ ਸ਼ਨਾਖਤ ਕਰਕੇ ਫੌਜ ਨੂੰ ਦੱਸ ਰਿਹਾ ਸੀ। ਉਹ ਵਿਅਕਤੀ ਕੌਣ ਸੀ, ਇਹ ਵੀ ਇੱਕ ਭੇਦ ਬਣਿਆ ਹੋਇਆ ਹੈ।

ਮੌਜੂਦਾ ਸਮੇਂ ਜਿੱਥੇ ਸੰਗਤ ਨੂੰ ਰੀਹਾਇਸ਼ ਲਈ ਕਮਰੇ ਦਿੱਤੇ ਜਾ ਰਹੇ ਹਨ, ਉੱਥੇ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਇਮਾਰਤੀ ਮਹਿਕਮਾ, ਜਨਰੇਟਰ ਮਹਿਕਮਾ ਤੇ ਕਈ ਸਟੋਰਾਂ ਦੇ ਦਫ਼ਤਰ ਵੀ ਹੁਣ ਇਸੇ ਸਰਾਂ ਵਿੱਚ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਟਰੱਸਟ ਮਹਿਕਮਾ ਦਾ ਦਫ਼ਤਰ ਵੀ ਪਹਿਲਾਂ ਇੱਥੇ ਸੀ, ਜੋ ਹੁਣ ਤਬਦੀਲ ਹੋ ਕੇ ਪ੍ਰਬੰਧਕੀ ਬਲਾਕ ਵਿਖੇ ਚਲਾ ਗਿਆ ਹੈ। ਹੁਣ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਨੂੰਨ ਮਹਿਕਮਾ, ਮਾਲ ਮਹਿਕਮਾ ਤੇ ਯਾਤਰਾ ਮਹਿਕਮਾ ਆਦਿ ਦੇ ਦਫ਼ਤਰ ਇਸ ਜਗ੍ਹਾ ਵਿਖੇ ਹੀ ਚੱਲ ਰਹੇ ਹਨ।

ਸ੍ਰੀ ਗੁਰੂ ਰਾਮਦਾਸ ਸਰਾਂ ਦੀ ਛੱਤ ਦੇ ਬਨੇਰਿਆਂ ਦੀ ਦਿੱਖ ਪੁਰਾਣੇ ਕਿਲ੍ਹਿਆਂ ਵਰਗੀ ਹੈ। ਸਰਾਂ ਦੀ ਇਹ ਇਮਾਰਤ ਲਗਪਗ ੧੦੦ ਸਾਲ ਪੁਰਾਣੀ ਹੋ ਜਾਣ 'ਤੇ ਕਈ ਚਸ਼ਮਦੀਦ ਘਟਨਾਵਾਂ ਦੀ ਗਵਾਹ ਹੋਣ ਕਰਕੇ ਇਤਿਹਾਸਕ ਤੇ ਵਿਰਾਸਤੀ ਇਮਾਰਤ ਬਣ ਚੁੱਕੀ ਹੈ। ■

ਬੱਚਿਆਂ ਲਈ ਵਿਸ਼ੇਸ਼:

# ਸਿੱਖ ਧਰਮ ਦੀ ਵਿਲੱਖਣਤਾ

*-ਬੀਬੀ ਰਜਵੰਤ ਕੌਰ**

ਪਿਆਰੇ ਬੱਚਿਓ! ਆਓ, ਤੁਹਾਨੂੰ ਸਿੱਖ ਧਰਮ ਦੀ ਵਿਲੱਖਣਤਾ ਦੇ ਕੁਝ ਪਹਿਲੂਆਂ ਬਾਰੇ ਜਾਣਕਾਰੀ ਦੇਈਏ:-

ਵਿਲੱਖਣ ਜਾਂ ਨਿਆਰਾ ਉਸ ਨੂੰ ਹੀ ਕਿਹਾ ਜਾਂਦਾ ਹੈ ਜਿਸ ਵਰਗਾ ਕੋਈ ਹੋਰ ਨਾ ਹੋਵੇ। ਖਾਲਸਾ ਪੰਥ ਜਿਹਾ ਨਿਆਰਾ ਕੋਈ ਹੋਰ ਪੰਥ ਦੁਨੀਆ 'ਤੇ ਨਹੀਂ। ਦਸ ਗੁਰੂ ਸਾਹਿਬਾਨ ਨੇ ਗਿਆਨ ਦਾ ਅਜਿਹਾ ਸੂਰਜ ਚਾੜਿਆ, ਜੋ ਸਿੱਖਾਂ ਨੂੰ ਸੇਵਕ, ਸਿੱਖ, ਸਿੰਘ, ਸਿੱਦਕਵਾਨ, ਸਹਿਣਸ਼ੀਲ, ਸ਼ਕਤੀਵਾਨ ਅਤੇ ਸੂਰਬੀਰ ਆਦਿ ਬਣਾ ਕੇ ਸਰਵੋਤਮਤਾ ਦੇ ਪੱਧਰ ਤਕ ਲੈ ਗਿਆ। ਅੱਜ ਸੰਸਾਰ 'ਤੇ ਇਨ੍ਹਾਂ ਦਾ ਕੋਈ ਸਾਨੀ ਨਹੀਂ। ਜਿਸ ਤਰ੍ਹਾਂ ਮਾਂ ਦਾ ਦੁੱਧ ਹਰ ਖੁਰਾਕ ਨਾਲੋਂ ਸਰਬਉੱਤਮ ਹੁੰਦਾ ਹੈ ਉਸੇ ਤਰ੍ਹਾਂ ਹੀ ਖਾਲਸਾ ਕੌਮ ਦਾ ਤਿਆਰ ਕੀਤਾ ਅੰਮ੍ਰਿਤ ਵੀ ਹਰ ਨਸਲ ਤੇ ਜਾਤ ਦੇ ਮਨੁੱਖ ਲਈ ਸਰਬਉੱਤਮ ਹੈ, ਜੋ ਹਰ ਆਮ-ਖਾਸ ਅੰਦਰ ਸੂਰਬੀਰਤਾ ਦੇ ਗੁਣ ਪੈਦਾ ਕਰ ਦਿੰਦਾ ਹੈ। ਸਿੱਖ ਧਰਮ ਵਿਚ ਇਸਤਰੀ ਨੂੰ ਵੀ ਸਮਾਜ ਵਿਚ ਉੱਚ ਦਰਜਾ ਦਿੱਤਾ ਹੈ। ਫੁਰਮਾਨ ਹੈ:

*- ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)*

ਨਾਮ ਜਪਣਾ, ਵੰਡ ਛਕਣਾ ਅਤੇ ਹੱਥੀਂ ਕਿਰਤ ਕਰਨੀ ਸਿੱਖ ਧਰਮ ਦੇ ਅਹਿਮ ਥੰਮ੍ਹ ਹਨ, ਜੋ ਇਸ ਨੂੰ ਚੜ੍ਹਦੀਆਂ ਕਲਾਂ ਵੱਲ ਹੀ ਨਹੀਂ ਲੈ ਜਾਂਦੇ, ਸਗੋਂ ਪੂਰੇ ਸੰਸਾਰ ਨੂੰ ਇਸ ਦੀ ਉੱਤਮ ਸਥਿਰਤਾ ਦਾ ਅਹਿਸਾਸ ਵੀ ਕਰਵਾਉਂਦੇ ਹਨ।

*ਖਾਲਸਾ ਮੇਰੋ ਰੂਪ ਹੈ ਖਾਸ* ਅਨੁਸਾਰ ਕਲਗੀਧਰ ਦਸਮੇਸ਼ ਪਿਤਾ ਜੀ ਨੇ ਸਿੱਖਾਂ ਨੂੰ ਪੰਜ ਕਕਾਰੀ ਸਿੰਘ ਬਣਾ ਕੇ ਸਮੁੱਚੀ ਦੁਨੀਆ ਦੇ ਇਨਸਾਨਾਂ ਨਾਲੋਂ ਇਕ ਵਿਲੱਖਣਤਾ ਬਖ਼ਸ਼ਿਸ਼ ਕੀਤੀ। ਸਿੱਖ ਜਦੋਂ ਹਜ਼ਾਰਾਂ-ਲੱਖਾਂ ਮਨੁੱਖਾਂ ਦੀ ਗਿਣਤੀ ਵਿਚ ਆਪਣੇ ਸਰੂਪ ਕਰਕੇ ਆਪਣੇ ਖਾਲਸਾ ਪੰਥ ਦੀ ਨੁਮਾਇੰਦਗੀ ਕਰਦਾ ਹੈ ਤਾਂ ਇਹ ਉਸ ਦੀ ਬੜੀ ਵੱਡੀ ਖੂਬੀ ਹੈ। ਸਿੱਖ ਦੀ ਆਨ-ਸ਼ਾਨ ਅਤੇ ਪਛਾਣ 'ਦਸਤਾਰ' ਸਿੱਖ ਨੂੰ ਬਾਕੀ ਲੋਕਾਂ ਦੀ ਭੀੜ ਨਾਲੋਂ ਵੱਖਰਾ ਕਰ ਦਿੰਦੀ ਹੈ। ਅੱਗੇ ਅਸੀਂ ਸਿੱਖੀ ਦੀਆਂ ਵਿਸ਼ੇਸ਼ਤਾਵਾਂ ਦੀ ਗੱਲ ਕਰਾਂਗੇ:-

**੧. ਸੇਵਾ-** ਗੁਰਬਾਣੀ ਦਾ ਫੁਰਮਾਨ ਹੈ- *ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥* ਸੇਵਾ ਮਨੁੱਖ ਨੂੰ ਜ਼ਮੀਨ ਤੋਂ ਅਰਸ਼ (ਰੂਹਾਨੀਅਤ) ਤਕ ਦਾ ਸਫਰ ਕਰਵਾਉਂਦੀ ਹੈ। ਜਦੋਂ ਇਕ ਆਮ ਇਨਸਾਨ ਦੇ ਮਨ ਵਿਚ ਗੁਰੂ ਸਦਕਾ ਸੇਵਾ-ਭਾਵਨਾ ਪੈਦਾ ਹੋ ਜਾਂਦੀ ਹੈ, ਤਾਂ ਉਹ ਆਮ ਇਨਸਾਨ, ਸੇਵਕ ਬਣ ਜਾਂਦਾ ਹੈ। ਬਾਅਦ ਵਿਚ ਉਹ ਸੇਵਕ ਹੀ ਗੁਰੂ ਹੋਣ ਦਾ ਮਾਣ ਹਾਸਿਲ ਕਰਦਾ ਹੈ। ਜਿਵੇਂ- ਭਾਈ

** ਮਕਾਨ ਨੰ.੦੨, ਗਲੀ ਨੰ.੦੨, ਗੰਡਾ ਸਿੰਘ ਵਾਲਾ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ। ਮੋ. ੬੨੩੯੭੪੯੪੯੪*

ਲਹਿਣਾ ਜੀ, ਸ੍ਰੀ (ਗੁਰੂ) ਅਮਰਦਾਸ ਸਾਹਿਬ ਜੀ ਤੇ ਭਾਈ ਜੇਠਾ ਜੀ ਦੀ ਸੇਵਾ ਦੀ ਮਿਸਾਲ ਸੰਸਾਰ ਅਤੇ ਸਿੱਖ ਕੌਮ ਲਈ ਚਾਨਣ-ਮੁਨਾਰੇ ਦਾ ਕੰਮ ਕਰ ਰਹੀ ਹੈ। ਰੂਹਾਨੀ ਅਰਸ਼ ਤਕ ਪਹੁੰਚਣ ਲਈ ਸੇਧ ਦੀ ਲੋੜ ਹੈ, ਉਹ ਸੇਧ ਹੈ- ਸੇਵਾ। ਇਹ ਸੇਵਾ ਹੀ ਹੈ ਜਿਸ ਦੀ ਬਦੌਲਤ ਗੁਰੂ ਦੇ ਅਨੇਕਾਂ ਪਿਆਰੇ ਸੇਵਕਾਂ ਨੇ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਆਪਣਾ ਨਾਮ ਅੰਕਿਤ ਕਰਵਾਇਆ!

**੨. ਕੁਰਬਾਨੀ–** *ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*

ਗੁਰੂ ਨਾਨਕ ਪਾਤਸ਼ਾਹ ਜੀ ਦੇ ਕਥਨਾਂ ਨੂੰ ਪੂਰਾ ਕਰਨ ਲਈ ਸਿੰਘਾਂ ਨੇ ਆਪਣੇ ਸੀਸ ਭੇਟਾ ਕਰਨ ਵਿਚ ਕੋਈ ਕਾਣ ਨਹੀਂ ਛੱਡੀ। ਸੰਸਾਰ ਦੇ ਸਰਬ ਧਰਮਾਂ ਨੇ ਕਰਮ-ਕਾਂਡਾਂ ਕਰਕੇ ਆਪਣੇ ਧਰਮ ਨੂੰ ਧਰਮ ਬਣਾਈ ਰੱਖਿਆ। ਪਰ ਪਹਿਲੀ ਪਾਤਸ਼ਾਹੀ ਵੱਲੋਂ ਸਿੱਖ ਪੰਥ ਦੀ ਜਗਾਈ ਜੋਤ ਨੂੰ ਜਗਦੀ ਰੱਖਣ ਵਾਸਤੇ ਪੰਜਵੀਂ, ਨੌਵੀਂ ਅਤੇ ਸਰਬੰਸਦਾਨੀ ਦਸਵੀਂ ਪਾਤਸ਼ਾਹੀ ਦੇ ਪਿਆਰੇ ਸੇਵਕਾਂ ਨੇ ਆਪਣੇ ਰੱਤ ਦੇ ਤੇਲ ਨਾਲ ਇਸ ਨੂੰ ਜਗਾਇਆ ਹੀ ਨਹੀਂ, ਸਗੋਂ ਹੋਰ ਪ੍ਰਚੰਡ ਵੀ ਕੀਤਾ। ਸਿੱਖਾਂ ਨੇ ਅਥਾਹ ਕੁਰਬਾਨੀਆਂ ਸਦਕਾ ਆਪਣੀ ਹੋਂਦ ਨੂੰ ਹੀ ਕਾਇਮ ਨਹੀਂ ਕੀਤਾ, ਸਗੋਂ ਦੂਸਰੇ ਧਰਮਾਂ ਨੂੰ ਵੀ ਖ਼ਤਮ ਹੋਣ ਦੀ ਕਾਗਾਰ ਤੋਂ ਬਚਾਇਆ।

**੩. ਲੰਗਰ ਪ੍ਰਥਾ–** ਪਹਿਲੀ ਵਾਰ ਲੰਗਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧੂਆਂ ਦੀ ਤ੍ਰਿਪਤੀ ਲਈ ਲਗਾਇਆ। ਬਾਅਦ ਵਿਚ ਬਾਕੀ ਗੁਰੂ ਸਾਹਿਬਾਨ ਨੇ ਇਸ ਨੂੰ ਗੁਰਦੁਆਰਾ ਸਾਹਿਬਾਨ ਵਿਚ ਲਾਜ਼ਮੀ ਬਣਾ ਕੇ ਰਹਿੰਦੀ ਕਾਇਨਾਤ ਤਕ ਕਾਇਮ ਕਰ ਦਿੱਤਾ। ਲੰਗਰ ਪ੍ਰਥਾ ਜਿੱਥੇ ਭੁੱਖੇ ਤਨ ਦੀ ਤ੍ਰਿਪਤੀ ਕਰਦੀ ਹੈ, ਉੱਥੇ ਨਾਲ ਹੀ ਸਮਾਜ ਵਿਚ ਫੈਲੀਆਂ ਅਨੇਕਾਂ ਕੁਰੀਤੀਆਂ ਜਿਵੇਂ— ਜਾਤ-ਪਾਤ, ਉੱਚ-ਨੀਚ, ਛੂਤ-ਛਾਤ, ਅਮੀਰ-ਗ਼ਰੀਬ, ਧਾਰਮਿਕ-ਪੱਖ-ਪਾਤ, ਲਿੰਗ-ਭੇਦ ਭਾਵਾਂ ਆਦਿ ਨੂੰ ਵੀ ਖਤਮ ਕਰਦੀ ਹੈ। ਇਸ ਪ੍ਰਥਾ ਦੀ ਵਜ੍ਹਾ ਨਾਲ ਹੀ ਰਾਜਾ ਅਤੇ ਰੰਕ ਇਕ ਸਮਾਨ ਪੰਗਤ ਵਿਚ ਬੈਠ ਕੇ ਇੱਕੋ ਜਿਹਾ ਪਰਸ਼ਾਦਾ ਛਕ ਸਕਦੇ ਹਨ।

**੪. ਕੀਰਤਨ–** ਲੰਗਰ ਨਾਲ ਜਿੱਥੇ ਤਨ ਨੂੰ ਖੁਰਾਕ ਨਾਲ ਰਜਾਇਆ ਜਾਂਦਾ ਹੈ, ਉੱਥੇ ਕੀਰਤਨ ਮਨ ਨੂੰ ਖੁਰਾਕ ਹੀ ਪ੍ਰਦਾਨ ਨਹੀਂ ਕਰਦਾ, ਸਗੋਂ ਕੀਰਤਨ ਆਤਮਾ ਨੂੰ ਵੀ ਰਜਾਉਂਦਾ ਹੈ। ਸੁਚੱਜੇ ਢੰਗ ਨਾਲ ਗੁਰਬਾਣੀ ਦਾ ਰਾਗਾਂ ਅਨੁਸਾਰ ਕੀਤਾ ਗਿਆ ਗਾਇਨ (ਕੀਰਤਨ) ਮਨੁੱਖੀ ਆਤਮਾ ਨੂੰ ਪਰਮ-ਪਿਤਾ ਪਰਮਾਤਮਾ ਨਾਲ ਜੋੜ ਦਿੰਦਾ ਹੈ। ਕੀਰਤਨ ਦੇ ਕਾਰਨ ਹੀ ਸੱਜਣ ਠੱਗ ਜਿਹੇ ਪਾਪੀ ਤੇ ਅਧਰਮੀ ਬੰਦੇ ਗੁਰੂ ਪਿਆਰੇ ਸਿੱਖ ਸੇਵਕ ਬਣ ਜਾਂਦੇ ਹਨ। ਗੁਰਬਾਣੀ ਨੂੰ ਜੇਕਰ ਬਿਨਾਂ ਸਾਜ਼ਾਂ ਦੇ ਵੀ ਪੜ੍ਹਿਆ ਜਾਵੇ ਤਾਂ ਵੀ ਇਹ ਮਨੁੱਖ ਨੂੰ ਪਰਮਾਤਮਾ ਨਾਲ ਜੋੜ ਦਿੰਦੀ ਹੈ।

**੫. ਦਇਆ–** ਦਇਆ ਦੀ ਅਦੁੱਤੀ ਤੇ ਲਾਸਾਨੀ ਮਿਸਾਲ ਜੇ ਦੇਖਣ ਨੂੰ

ਮਿਲਦੀ ਹੈ, ਤਾਂ ਉਹ ਹੈ ਜਦੋਂ ਭਾਈ ਘਨੱਈਆ ਜੀ ਦਇਆ ਦਾ ਮੀਂਹ ਵਰਸਾਉਂਦੇ ਜੰਗ ਵਿਚ ਜ਼ਖ਼ਮੀ ਹੋਏ ਦੁਸ਼ਮਣਾਂ ਨੂੰ ਵੀ ਪਾਣੀ ਪਿਲਾ ਰਹੇ ਹਨ। ਸਿੰਘ ਇਸ ਘਟਨਾ ਦੀ ਸ਼ਿਕਾਇਤ ਗੁਰੂ ਜੀ ਪਾਸ ਕਰਦੇ ਹਨ। ਬਾ-ਕਮਾਲ ਗੁਰੂ ਦਇਆ ਦੀ ਮੂਰਤ ਅੱਗੋਂ ਭਾਈ ਜੀ ਨੂੰ ਦੁਸ਼ਮਣਾਂ ਲਈ ਪੱਟੀ ਤੇ ਮਰਹਮ ਦੇ ਦਿੰਦੇ ਹਨ।

**੬. ਸਿੱਦਕ-** ਸਿੱਖ ਕੌਮ ਦੇ ਸਿੱਦਕ ਦਾ ਡੰਕਾ ਹਰ ਸਦੀ ਵਿਚ ਆਪਣੀ ਗੂੰਜ ਨੂੰ ਬਰਕਰਾਰ ਰੱਖਦਾ ਰਿਹਾ ਹੈ। ਹਰ ਜਾਲਮ ਦੇ ਜ਼ਬਰ ਨੂੰ ਕੌਮ ਨੇ ਆਪਣੇ ਸਬਰ ਨਾਲ ਸ਼ਿਕਸਤ ਦਿੱਤੀ। ਆਪਣੇ ਸਬਰ ਅਤੇ ਸਿੱਦਕ ਨਾਲ ਹਰ ਔਖੇ ਤੋਂ ਔਖੇ ਮੁਹਾਜ ’ਤੇ ਫਤਹ ਹਾਸਲ ਕੀਤੀ।

ਅਕਾਲ-ਪੁਰਖ ਨੂੰ ਆਪਣਾ ਓਟ-ਆਸਰਾ ਮੰਨਣ ਵਾਲੇ ਸਿੰਘ-ਸਿੰਘਣੀਆਂ ਨੇ ਆਪਣੇ ਸਿੱਦਕ ਨੂੰ ਕਦੀ ਆਪਣੇ ‘ਵਾਹਿਗੁਰੂ’ ਤੋਂ ਡੋਲਣ ਨਹੀਂ ਦਿੱਤਾ। ਅਜਿਹੇ ਸਿਦਕ ਤੋਂ ਸਾਰਾ ਸੰਸਾਰ ਅਸ਼-ਅਸ਼ ਕਰ ਉਠਦਾ ਹੈ।

***੭. ਆਚਰਨ-*** ਸਿੱਖ ਦਾ ਆਚਰਨ, ਉਸ ਦਾ ਕਿਰਦਾਰ ਉਸ ਨੂੰ ਬਾਕੀ ਇਨਸਾਨਾਂ ਨਾਲੋਂ ਉੱਚਾ ਤੇ ਸੁੱਚਾ ਰੱਖਦਾ ਹੈ। ਗੁਰਮਤਿ ਦੇ ਸਿਧਾਂਤਾਂ— *ਪਰ ਬੇਟੀ ਕੋ ਬੇਟੀ ਜਾਨੇ, ਪਰ ਨਾਰੀ ਕੋ ਮਾਤ ਬਖਾਨੇ* ਨੂੰ ਉਸ ਨੇ ਅਮਲੀ ਜਾਮਾ ਪਹਿਨਾਇਆ ਹੈ। ਇਸ ਕਿਰਦਾਰ ਦੀ ਵਜ੍ਹਾ ਕਰਕੇ ਹੀ ਸਿੱਖ ਆਪਣੀ ਤਾਰੀਫ਼ ਦੁਸ਼ਮਣ ਕੋਲੋਂ ਵੀ ਕਰਵਾ ਸਕਦੇ ਹਨ। ਬੇਸ਼ੱਕ ਉਨ੍ਹਾਂ ਦੁਸ਼ਮਣਾਂ ਨੇ ਸਿੱਖਾਂ ਨੂੰ ਸਗ ਕਹਿ ਕੇ ਵੀ ਬੁਲਾਇਆ, ਪਰ ਇਨ੍ਹਾਂ ਦੁਸ਼ਮਣਾਂ ਤੋਂ ਆਪਣੇ ਆਪ ਨੂੰ ਇਨ੍ਹਾਂ ਸਿੰਘਾਂ ਦੀ ਤਾਰੀਫ ਕਰਨੋਂ ਰੋਕਿਆ ਵੀ ਨਾ ਗਿਆ। ਕਿਸੇ ਵੀ ਮਨੁੱਖ ਦੀ ਜੀਵਨ-ਗਾਥਾ ਬਿਆਨ ਕਰਨ ਲਈ ਉਸ ਦਾ ਕਿਰਦਾਰ ਅਹਿਮ ਭੂਮਿਕਾ ਨਿਭਾਉਂਦਾ ਹੈ।

**੮. ਨਿਡਰਤਾ-** ਖਾਲਸੇ ਦਾ ਰੋਅਬ, ਰੂਪ ਤੋਂ ਵਜੂਦ ਜਿੱਥੇ ਮਜ਼ਲੂਮ ਨੂੰ ਜ਼ਾਲਮ ਦੇ ਭੈ ਤੋਂ ਰਹਿਤ ਕਰਦਾ ਹੈ, ਉੱਥੇ ਜ਼ਾਲਮ ਨੂੰ ਖਾਲਸੇ ਦਾ ਰੋਅਬ ਆਪਣੇ ਆਪ ਭੈ-ਭੀਤ ਕਰ ਦਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਹਾਕਮ ਬਾਬਰ ਨੂੰ ਜਾਬਰ ਆਖ ਕੇ ਜਿਹੜਾ ਨਿਡਰਤਾ ਦਾ ਪੂਰਨਾ ਖਾਲਸਾ ਕੌਮ ਲਈ ਪਾਇਆ ਸੀ, ਉਸ ਨੂੰ ਹੋਰ ਵੀ ਸੁਨਹਿਰੀ ਅੱਖਰਾਂ ਵਿਚ ਦ੍ਰਿੜ੍ਹ ‘ਧਰਮ ਦੀ ਚਾਦਰ’ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ- *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥* ਆਖ ਕੇ ਦਿੱਤਾ। ਸਾਰੀ ਕਾਇਨਾਤ ਦੇ ਰਚਾਇਤਾ ਤੇ ਮਾਲਕ ਅਕਾਲ ਪੁਰਖ ਵਾਹਿਗੁਰੂ ਦਾ ਡਰ ਖਾਲਸੇ ਦੀ ਰਹਿਤ ਹੈ। ਬਾਕੀ ਮਤ ਬਾਦਸ਼ਾਹਤਾਂ ਤੋਂ ਖਾਲਸਾ ਨਿਡਰ ਪੈਦਾ ਹੋਇਆ ਹੈ।

**੯. ਸਹਿਣਸ਼ੀਲਤਾ-** ਕੁਰਬਾਨੀ ਅਤੇ ਸਹਿਣਸ਼ੀਲਤਾ ਇੱਕੋ ਹੀ ਤਸਵੀਰ ਦੇ ਵੱਖਰੇ-ਵੱਖਰੇ ਰੂਪ ਹਨ। ਜੰਗ ਵਿਚ ਲੱਗੀ ਗੋਲ਼ੀ ਅਤੇ ਤਲਵਾਰ ਦੇ ਇੱਕੋ ਵਾਰ ਧੜ ਤੋਂ ਲੱਥਿਆ ਸਿਰ ਕੁਰਬਾਨੀ ਹੀ ਕਹਾਉਂਦੀ ਹੈ, ਪਰ ਜੋ ਸਹਿਣਸ਼ੀਲਤਾ ਦੀਆਂ ਮਿਸਾਲਾਂ ਸਿੰਘ

ਸੂਰਮਿਆਂ ਵਿਚ ਹਨ ਉਹੋ ਹੋਰ ਕਿਤੇ ਦੇਖਣ ਨੂੰ ਨਹੀਂ ਮਿਲ ਸਕਦੀਆਂ ਹਨ। ਜ਼ਾਲਮ ਜ਼ੁਲਮ ਕਰ ਕੇ ਥੱਕ ਗਏ, ਪਰ ਸਿੱਖ ਅਕਾਲ ਪੁਰਖ ਵਾਹਿਗੁਰੂ ਦਾ ਜਾਪ ਕਰਦਿਆਂ ਜ਼ੁਲਮ ਸਹਿਣ ਕਰਦੇ ਕਦੀ ਨਹੀਂ ਥੱਕੇ। ਤਪਦੀ ਲੋਹ 'ਤੇ ਬੈਠੇ ਗੁਰੂ ਜੀ ਸੀਸ ਵਿਚ ਰੇਤਾ ਵੀ ਤੱਤੀ ਪਵਾ ਰਹੇ ਸਨ। ਸਿੱਖੀ ਦੇ ਮਹੱਲ ਦੀ ਕੰਧ ਨੂੰ ਸੂਤਰ ਕਰਨ ਲਈ ਇੱਟ ਨਹੀਂ ਟੁੱਟਦੀ 'ਨੰਨ੍ਹੀਆਂ ਜਿੰਦਾਂ ਵੱਡਿਆਂ ਸਾਕਿਆਂ' ਦੇ ਵਿਚ ਸਾਹਿਬਜ਼ਾਦਿਆਂ ਦੀਆਂ ਚੱਪਣੀਆਂ ਤੋੜੀਆਂ ਜਾਂਦੀਆਂ ਹਨ। ਤਕਰੀਬਨ ਨੱਬੇ ਸਾਲ ਦੇ ਬਜ਼ੁਰਗ ਨੂੰ ਸ਼ਹੀਦ ਕਰਨ ਲਈ ਪੋਟਾ-ਪੋਟਾ ਕੀਤਾ ਜਾਂਦਾ ਹੈ ਤੇ ਅੱਸੀ ਸਾਲ ਦਾ ਬਾਬਾ ਆਪਣਾ ਹੀ ਸੀਸ ਤਲੀ 'ਤੇ ਧਰ ਆਪਣੀ ਹੀ ਸ਼ਹਾਦਤ ਨੂੰ ਸਹਿਣ ਕਰ ਜਾਂਦਾ ਹੈ ਕਿ ਹਾਲੇ ਉਸ ਨੇ ਆਪਣੇ ਗੁਰੂ ਨਾਲ ਕੀਤਾ ਬਚਨ ਪੂਰਾ ਨਹੀਂ ਕੀਤਾ ਅਤੇ ਆਪਣੇ ਹੀ ਸਰੀਰ ਨੂੰ ਜੋ ਸਿਰਫ ਧੜ ਹੀ ਰਹਿ ਗਿਆ ਹੈ, ਧਰਤੀ 'ਤੇ ਨਹੀ ਡਿੱਗਣ ਦਿੰਦਾ। ਹਥੌੜੀ, ਛੈਣੀ ਤੇ ਰੰਬੀ ਕਿਸੇ ਜ਼ਿੰਦਾ ਇਨਸਾਨ ਦਾ ਖੋਪੜ ਉਤਾਰ ਰਹੀ ਹੈ, ਕਿਤੇ ਕੋਈ ਸਿੰਘ ਰੂੰ ਵਿਚ ਲਪੇਟ ਕੇ ਸਾੜਿਆ (ਸ਼ਹੀਦ ਕੀਤਾ) ਜਾ ਰਿਹਾ ਹੈ, ਕਿਤੇ ਸਰੀਰ ਆਰੇ ਨਾਲ ਚੀਰੇ ਜਾ ਰਹੇ ਹਨ, ਕਿਤੇ ਚਰਖੜੀਆਂ 'ਤੇ ਚੜ੍ਹ, ਕਿਤੇ ਦੇਗਾਂ 'ਚ ਉਬਲਦੇ ਸਿੰਘ ਸਭ ਸਹਿਣ ਕਰੀ ਜਾ ਰਹੇ ਹਨ, ਕਿਤੇ ਕੋਈ ਗੁਰੂ ਪਿਆਰੇ ਦਾ ਸਰੀਰ ਜੰਬੂਰਾਂ ਨਾਲ ਕੋਹਿਆ ਜਾ ਰਿਹਾ ਹੈ ਅਤੇ ਜ਼ੁਲਮ ਦੀ ਇੰਤਹਾ ਦੇਖੋ, ਉਸ ਇਨਸਾਨ (ਬਾਬਾ ਬੰਦਾ ਸਿੰਘ ਬਹਾਦਰ ਜੀ) ਦੇ ਸਾਹਮਣੇ ਹੀ ਉਨ੍ਹਾਂ ਦੇ ਨੰਨ੍ਹੇ ਬੱਚੇ (ਅਜੈ ਸਿੰਘ) ਨੂੰ ਸ਼ਹੀਦ ਕਰ ਕੇ ਉਸ ਦਾ ਤੜਫਦਾ ਕਲੇਜਾ ਕੱਢ ਕੇ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਜਾਂਦਾ ਹੈ। ਪਤਾ ਨਹੀਂ ਹੋਰ ਕੀ-ਕੀ ਸਹਿਣ ਕਰ ਕੇ ਗੁਰੂ ਦੇ ਪਿਆਰੇ ਸੇਵਕ ਸ਼ਹਾਦਤਾਂ ਪਾਂਦੇ ਰਹੇ ਜੋ ਕਿ ਕਹਿਣੀ ਤੋਂ ਬਾਹਰ ਹੈ। ਗੁਰਬਾਣੀ ਦਾ ਫੁਰਮਾਨ ਹੈ:

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੫)*

**੧੦. ਸ਼ਰਧਾ-** ਜਦੋਂ ਕੋਈ ਆਦਰ-ਸਤਿਕਾਰ, ਪ੍ਰੇਮ, ਭਰੋਸਾ ਤੇ ਸੇਵਾ ਸਿਖਰ ਹਾਸਲ ਕਰ ਲਏ ਤਾਂ ਸ਼ਰਧਾ ਰੂਪ ਹੋ ਜਾਂਦਾ ਹੈ। ਗੁਰੂ ਹੁਕਮ ਲਈ ਅਥਾਹ ਸ਼ਰਧਾ ਤੇ ਪੂਰਨ ਭਰੋਸਾ ਕਿ ਸੇਵਕ (ਭਾਈ ਲਹਿਣਾ ਜੀ) ਸ਼ਰਧਾ ਭਾਵ ਵਿਚ ਆ ਕੇ ਆਪਣੇ ਗੁਰੂ ਦੇ ਹਰ ਹੁਕਮ ਦਾ ਬੱਧਾ ਹੈ। ਅਨੰਤ ਸ਼ਰਧਾ ਕਿ ਉਮਰ ਵਿਚ ਵੱਡਾ ਅਤੇ ਰਿਸ਼ਤੇ ਵਿਚ ਵੀ ਵੱਡਾ ਇਨਸਾਨ (ਸਾਡੇ ਸਮਾਜ ਵਿਚ ਲੜਕੀ ਦੇ ਸਹੁਰੇ ਅਤੇ ਸਹੁਰੇ ਪਰਿਵਾਰ ਨੂੰ ਵਿਸ਼ੇਸ਼ ਉੱਚਾ ਸਥਾਨ ਦਿੱਤਾ ਜਾਂਦਾ ਹੈ) ਕੁੜਮਾਚਾਰੀ ਤੇ ਲੋਕ ਲਾਜ ਨੂੰ ਭੁੱਲ ਕੇ ਆਪਣੇ ਗੁਰੂ ਲਈ ਲਗਾਤਾਰ ਕਈ ਸਾਲ ਇਸ਼ਨਾਨ ਕਰਵਾਉਣ ਲਈ ਅੱਧੀ ਰਾਤ ਨੂੰ ਜਲ ਲਿਆਉਣ ਅਤੇ ਹਰ ਪ੍ਰਕਾਰ ਦੀ ਸੇਵਾ ਸ਼ਰਧਾ-ਵੱਸ ਬਜੁਰਗ ਅਵਸਥਾ ਵਿਚ ਵੀ ਕਾਇਮ ਰੱਖੇ। ਗੁਰੂ ਆਪਣੇ ਦਿਲ ਵਿਚ ਸਮਾਈ ਬੈਠਾ ਹੈ। ਸੇਵਕ ਭਾਈ ਜੇਠਾ ਜੀ ਥੜ੍ਹਾ ਉਸਾਰਦੇ ਹਨ, ਪਰ ਗੁਰੂ ਜੀ ਨੂੰ ਥੜ੍ਹਾ ਬਾਰ-ਬਾਰ ਪਸੰਦ ਨਹੀਂ ਆਉਂਦਾ ਤੇ ਢਾਹੁਣ ਦਾ ਹੁਕਮ ਕਰ ਦਿੰਦੇ ਹਨ। ਭਾਈ ਜੇਠਾ ਜੀ ਆਪਣੇ ਜਵਾਈਪੁਣੇ ਨੂੰ ਭੁਲਦਿਆਂ ਹੋਇਆਂ ਗੁਰੂ ਜੀ ਨੂੰ ਹੱਥ ਜੋੜ ਕੇ ਬੇਨਤੀ ਕਰਦੇ ਹਨ,

ਕਿ ਮੈਂ ਤੁਛ ਬੁੱਧੀ ਦਾ ਆਪ ਜੀ ਦਾ ਹੁਕਮ ਸਮਝਣ ਤੋਂ ਅਸਮਰੱਥ ਹਾਂ। ਆਪ ਜੀ ਮੇਰੇ 'ਤੇ ਮਿਹਰ ਕਰੋ ਤਾਂ ਆਪ ਜੀ ਦਾ ਹੁਕਮ ਪੂਰਾ ਕਰ ਸਕਾਂ।

**੧੧. ਸੂਰਬੀਰਤਾ–** *ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥੨॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੫)*

ਸਿੰਘ ਸੂਰਬੀਰਾਂ ਨੇ ਭਗਤ ਕਬੀਰ ਜੀ ਤੇ ਦਸਮ ਪਿਤਾ ਜੀ ਦੇ ਕਥਨਾਂ ਨੂੰ ਅਜਿਹੀ ਸਕਾਰਤਮਕਤਾ ਦਿੱਤੀ ਕਿ ੧੦ ਲੱਖ ਗਿਣਤੀ ਦੀ ਮੁਗ਼ਲ ਫੌਜ ਤੇ ਚਾਲੀ ਭੁੱਖੇ ਤੇ ਪਿਆਸੇ ਸਿੰਘ ਸੂਰਮੇ ਆਪਣੀ ਸੂਰਬੀਰਤਾ ਦੇ ਜੌਹਰ ਵਿਖਾਉਂਦੇ ਸ਼ਹੀਦ ਹੋ ਜਾਂਦੇ ਹਨ। ਅਬਦਾਲੀ ਦੀ ਹਜ਼ਾਰਾਂ ਦੀ ਫੌਜ, ਬਾਬਾ ਗੁਰਬਖਸ਼ ਸਿੰਘ ਜੀ ਦੀ ਜਥੇਦਾਰੀ ਹੇਠ ਕੇਵਲ ੩੦ ਸਿੰਘਾਂ ਨੂੰ ਆਪਣੀ ਸੂਰਬੀਰਤਾ ਦੇ ਝੰਡੇ ਗੱਡਣੋ ਨਹੀਂ ਰੋਕ ਸਕੀ। ਸਾਰਾਗੜ੍ਹੀ ਦੇ ੨੧ ਸਿੱਖ ਸੂਰਬੀਰ, ਪਠਾਣਾਂ ਦੇ ਆਹੂ ਲਾਹੁੰਦੇ ਸੂਰਮਤਾ ਦੇ ਸਿਖਰ ਨੂੰ ਪਾ ਜਾਂਦੇ ਹਨ। ਅਜਿਹੀਆਂ ਹੋਰ ਵੀ ਕਈ ਬੇਜੋੜ ਜੰਗਾਂ ਦਾ ਸਾਹਮਣਾ ਖਾਲਸਾ ਕੌਮ ਨੇ ਹੱਸ-ਹੱਸ ਕੇ ਕੀਤਾ ਤੇ ਲਾੜ੍ਹੀ ਮੌਤ ਨੂੰ ਵਿਆਹਿਆ। ਅੱਜ ਵੀ ਸਿੰਘ ਸੂਰਮੇ ਕੁੱਲ ਦੁਨੀਆ ਦੇ ਇਤਿਹਾਸ ਵਿਚ ਪੂਰੇ ਸੰਸਾਰ ਨੂੰ ਆਪਣੀ ਸੂਰਬੀਰਤਾ ਦਾ ਲੋਹਾ ਮੰਨਵਾ ਰਹੇ ਹਨ।

**੧੨. ਜਾਲਮਾਂ ਨੂੰ ਸੋਧਣ ਦੀ ਕਲਾ–** ਸਿੱਖਾਂ ਨੇ ਆਪਣੇ ਗੁਰੂ ਦੇ ਹਰ ਫੁਰਮਾਨ ਨੂੰ ਸਿਰ ਮੱਥੇ ਪਰਵਾਨ ਕੀਤਾ ਹੈ। ਕਦੀ ਤੇਸੀਆਂ ਤੇ ਕਾਂਡੀਆਂ, ਕਦੇ ਪਾਣੀ ਦੇ ਉਬਾਲਿਆਂ ਅੱਗੇ, ਅੰਗਰੇਜ਼ਾਂ ਦੀਆਂ ਗੋਲੀਆਂ ਤੇ ਡਾਂਗਾਂ, ਰੱਸਿਆਂ ਦੇ ਫਾਹਿਆਂ, ਨੇਜਿਆਂ ਤੇ ਰੰਬੀਆਂ, ਜੰਬੂਰਾਂ ਤੇ ਆਰਿਆਂ ਚਰਖੜੀਆਂ ਤੇ ਤਲਵਾਰਾਂ ਨੂੰ ਆਪਣੇ ਪਿੰਡਿਆਂ 'ਤੇ ਬਰਦਾਸ਼ਤ ਕਰ ਲਿਆ, ਇੱਥੋਂ ਤਕ ਕਿ ਰੇਲ-ਗੱਡੀਆਂ ਤਕ ਵੀ ਆਪਣੇ ਹੱਡ-ਮਾਸ ਤੇ ਰੱਤ ਨਾਲ ਰੋਕ ਦਿੱਤੀਆਂ। ਆਪਣੇ ਪਿਆਰੇ ਗੁਰੂ ਦੀ ਮਹਿਮਾ ਦਾ ਪੜ੍ਹਾਇਆ ਪਾਠ ਆਪਣੇ ਸਰੀਰਕ ਬਲ ਨੂੰ ਨਜ਼ਰ-ਅੰਦਾਜ਼ ਕਰ ਕੇ ਆਪਣੇ ਆਤਮਿਕ ਬਲ ਨੂੰ ਪ੍ਰਬਲ ਕਰ ਕੇ ਪੜ੍ਹਿਆ, ਪਰ ਨਾਲ ਹੀ ਆਪਣੇ ਗੁਰੂ ਪਿਤਾ ਦੀ ਸਿੱਖਿਆ– *ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥* ਨੂੰ ਵੀ ਕਦੇ ਨਹੀ ਭੁੱਲੇ। ਚਾਹੇ ਉਹ ਮੁਗ਼ਲ, ਅੰਗਰੇਜ਼ ਜਾਂ ਹਿੰਦੂ ਸਰਕਾਰ ਸੀ, ਸਖ਼ਤ ਪਹਿਰਿਆਂ ਦੇ ਵਿਚ ਜਾ ਕੇ ਦੁਸ਼ਮਣਾਂ ਨੂੰ ਸੋਧਿਆ। ਮਿਸਾਲ ਵਜੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸੂਬਾ-ਸਰਹਿੰਦ, ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਜੀ ਨੇ ਮੱਸਾ ਰੰਗੜ ਨੂੰ ਸਰਦਾਰ ਊਧਮ ਸਿੰਘ ਨੇ ਜਨਰਲ ਡਾਇਰ ਨੂੰ ਤੇ ਸ. ਸਤਵੰਤ ਸਿੰਘ ਤੇ ਕੇਹਰ ਸਿੰਘ ਜੀ ਨੇ ਇੰਦਰਾ ਗਾਂਧੀ ਨੂੰ ਸੋਧਿਆ। ਇਹ ਸਾਰੇ ਅਜਿਹੇ ਜਾਲਮ ਸਨ ਜਿਨ੍ਹਾਂ ਨੇ ਜੁਲਮ ਹੀ ਨਹੀਂ ਕੀਤੇ, ਸਗੋਂ ਗੁਰਦੁਆਰਾ ਸਾਹਿਬਾਨ ਦੀ ਬੇਅਦਬੀ ਵੀ ਕੀਤੀ। ਆਪਣੇ ਗੁਰੂ-ਘਰਾਂ ਦੀ ਬੇਅਦਬੀ ਜਿਉਂਦੇ ਜੀ ਸਿੱਖ ਬਰਦਾਸ਼ਤ ਨਹੀਂ ਕਰ ਸਕਦੇ:

*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨)*

**੧੩. ਸਰਬ-ਸਾਂਝੀਵਾਲਤਾ-** 'ਤੇਰੇ ਭਾਣੇ ਸਰਬੱਤ ਦਾ ਭਲਾ' ਇਹ ਸਾਡੀ ਨਿੱਤ ਦੀ ਅਰਦਾਸ ਹੈ ਕਿ ਅਕਾਲ-ਪੁਰਖ ਪਰਮਾਤਮਾ ਅੱਗੇ ਸਰਬੱਤ ਇਨਸਾਨੀਅਤ ਦਾ ਭਲਾ ਮੰਗਣਾ। ਮੁੱਢ ਤੋਂ ਹੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਰਬੱਤ ਦੇ ਭਲੇ ਦੀ ਮੰਗ ਕਰਨ ਦਾ ਸਿੱਖ ਕੌਮ ਨੂੰ ਹੁਕਮ ਕੀਤਾ ਹੈ। ਆਪ ਜੀ ਨੇ ਹਰ ਮਨੁੱਖ ਨੂੰ ਅਕਾਲ ਪੁਰਖ ਦੀ ਰਚਨਾ ਆਖ ਕੇ ਬਰਾਬਰ ਦੱਸਿਆ ਹੈ, ਇਸ ਮਨੋਰਥ ਨੂੰ ਪ੍ਰਪੱਕ ਕਰਨ ਲਈ ਬਾਕੀ ਗੁਰੂ ਸਾਹਿਬਾਨ ਜੀ ਨੇ ਤੇ ਗੁਰੂ ਸੇਵਕਾਂ ਨੇ ਚਾਰੇ ਦਿਸ਼ਾਵਾਂ ਦੇ ਮਨੁੱਖਾਂ ਲਈ ਗੁਰੂ-ਘਰਾਂ ਦੇ ਚਾਰੇ ਦਰਵਾਜ਼ੇ ਰੱਖੇ ਹਨ। ਗੁਰੂ ਸਾਹਿਬਾਨ ਨੇ ਸਾਂਝੇ ਲੰਗਰ ਸਾਂਝੀਆਂ ਪੰਗਤਾਂ, ਸਾਂਝੀਆਂ ਸੰਗਤਾਂ, ਸਾਂਝੇ ਸਰੋਵਰ, ਸਾਂਝੀਆਂ ਬਾਉਲੀਆਂ ਕਾਇਮ ਕੀਤੀਆਂ ਜੋ ਸਾਂਝੇ ਭਾਵਾਂ ਨੂੰ ਪ੍ਰਗਟਾਉਂਦੇ ਹਨ। ਸਾਂਝੇਪਨ ਦੀ ਇਕ ਵੱਡੀ ਮਿਸਾਲ ਪੰਦਰ੍ਹਾਂ ਭਗਤ ਸਾਹਿਬਾਨ ਜਿਨ੍ਹਾਂ ਰਾਮ ਤੇ ਖੁਦ੍ਹਾ ਨੂੰ ਇੱਕ ਦੱਸਿਆ। ਉਨ੍ਹਾਂ ਭਗਤਾਂ ਨੂੰ ਹਾਜਰਾ ਹਜੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਆਪਣੀ ਗੋਦ ਦੀ ਉਚੇਰੀ ਨਿੱਘ ਵੀ ਬਖ਼ਸ਼ਿਸ਼ ਕੀਤੀ। ਸਿੱਖ ਧਰਮ ਵਿਚ ਹਰ ਮਨੁੱਖ ਜੋ ਕਿਸੇ ਵੀ ਧਰਮ, ਜਾਤ ਨਾਲ ਸੰਬੰਧ ਰੱਖਦਾ ਹੋਵੇ, ਨੂੰ ਅੰਮ੍ਰਿਤ-ਪਾਨ ਕਰਨ ਦਾ ਖੁੱਲ੍ਹਾ ਸੱਦਾ, ਜੋ ਸਾਂਝੀਵਾਲਤਾ ਦਾ ਪ੍ਰਤੀਕ ਹੈ। ਸਾਂਝੇ ਭਾਵ ਨੂੰ ਦਰਸਾਉਂਦੇ ਸਾਡੇ ਗੁਰੂ ਸਾਹਿਬਾਨ ਦੇ ਗੁਰਪੁਰਬ ਵੀ ਹਨ। ਫਿਰ ਚਾਹੇ ਸ਼ਹੀਦੀ ਹੋਣ ਜਾਂ ਪ੍ਰਕਾਸ਼ ਗੁਰਪੁਰਬ ਦੇਸ਼-ਵਿਦੇਸ਼ ਵਿਚ ਸਾਂਝੇ ਪੱਧਰ 'ਤੇ ਮਨਾਏ ਜਾਂਦੇ ਹਨ, ਕਿਉਂਕਿ ਗੁਰੂ ਸਾਹਿਬਾਨ ਜੀ ਨੇ ਸਮੁੱਚੀ ਮਾਨਵ ਜਾਤੀ ਨੂੰ ਗੁਲਾਮੀ ਚਾਹੇ ਉਹ ਹਾਕਮ ਦੀ ਸੀ, ਚਾਹੇ ਕਰਮ-ਕਾਂਡਾਂ ਦੀ ਗ਼ੁਲਾਮੀ ਸੀ, ਧੁਰ ਕੀ ਬਾਣੀ ਰਾਹੀਂ ਹਰ ਇਨਸਾਨ ਨੂੰ ਅਜ਼ਾਦੀ ਦੇ ਚਾਨਣ ਦਾ ਅਹਿਸਾਸ ਕਰਵਾਇਆ:

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੯)*

**੧੪. ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ-** ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸਿੱਖੀ ਦਾ ਧੁਰਾ ਹੈ। ਦੁਨੀਆ ਦੀਆਂ ਚੁਨਿੰਦਾ ਇਤਿਹਾਸਿਕ ਇਮਾਰਤਾਂ ਵਿੱਚੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਸਿਰਮੌਰ ਇਮਾਰਤ ਹੈ ਜੋ ਸਮੁੱਚੇ ਸੰਸਾਰ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ ਅਤੇ ਦਰਸ਼ਨ ਕਰਨ ਵਾਲਿਆਂ ਦੇ ਮਨਾਂ 'ਤੇ ਅਤੇ ਆਤਮਾ 'ਤੇ ਆਪਣੀ ਰੂਹਾਨੀਅਤ ਦੀ ਅਮਿੱਟ ਛਾਪ ਵੀ ਛੱਡ ਜਾਂਦੀ ਹੈ। ਅਜਿਹੇ ਧਰਮ ਸਥਲ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਸਾਨੂੰ ਵੇਖਣ ਨੂੰ ਨਹੀਂ ਮਿਲਦੇ ਜੋ ਸੋਨੇ ਦੇ ਨਾਲ ਬਣਾਏ ਹੀ ਨਹੀਂ ਗਏ, ਸਗੋਂ ਆਤਮਾ ਨੂੰ ਵੀ ਆਪਣੀ ਰੂਹਾਨੀਅਤ ਨਾਲ ਚਕਾਚੌਂਧ ਕਰ ਜਾਂਦੇ ਹਨ। ਇਸ ਇਮਾਰਤ ਦੀ ਬਣਤਰ ਵੀ ਦੁਨੀਆ ਨੂੰ ਆਪਣੀ ਖ਼ੂਬੀ ਦਾ ਅਹਿਸਾਸ ਕਰਵਾਉਂਦੀ ਹੈ।

**੧੫. ਦਸਵੰਧ ਪ੍ਰਥਾ-** ਇਹ ਪ੍ਰਥਾ ਕੋਈ ਦਾਨ ਪ੍ਰਥਾ ਨਾ ਹੋ ਕੇ ਇੱਕ ਫ਼ਰਜ਼ ਅਤੇ ਹੱਕ ਦਾ ਅਹਿਸਾਸ ਕਰਵਾਉਂਦੀ ਹੈ। ਜੋ ਲੋਕ ਆਪਣੇ ਹੱਥੀਂ ਕਿਰਤ ਕਮਾਈ ਕਰ ਸਕਦੇ

ਹਨ। ਉਨ੍ਹਾਂ ਨੂੰ ਇਸ ਪ੍ਰਥਾ ਰਾਹੀਂ ਅਹਿਸਾਸ ਹੁੰਦਾ ਹੈ, ਕਿ ਜੋ ਮਨੁੱਖ ਹੱਥੀਂ ਕਿਰਤ ਕਰਨ ਤੋਂ ਕਿਸੇ ਵੀ ਕਾਰਨ ਅਸਮਰੱਥ ਹਨ, ਉਨ੍ਹਾਂ ਪ੍ਰਤੀ ਸਾਡੇ ਕੁਝ ਫ਼ਰਜ਼ ਬਣਦੇ ਹਨ। ਕੋਈ ਵੀ ਅਸਮਰੱਥ ਇਨਸਾਨ ਇਸ ਦਸਵੰਧ ਨੂੰ ਲੈ ਕੇ ਆਪਣੇ ਆਪ ਨੂੰ ਲਜਿੱਤ ਨਹੀਂ ਸਮਝਦਾ। ਇਸੇ ਦਸਵੰਧ ਪ੍ਰਥਾ ਨਾਲ ਗੁਰੂ-ਘਰਾਂ ਦੇ ਨਿਰਮਾਣ-ਕਾਰਜ ਵੀ ਹੁੰਦੇ ਹਨ ਅਤੇ ਗੁਰੂ ਕੇ ਬੇਅੰਤ ਲੰਗਰ ਵਰਤਦੇ ਹਨ। ਕੁਝ ਅਜਿਹੀਆਂ ਸੰਸਥਾਵਾਂ ਵੀ ਦਸਵੰਧ ਦੀ ਮਾਇਆ ਨਾਲ ਚਲਾਈਆਂ ਜਾਂਦੀਆਂ ਹਨ ਜਿੱਥੇ ਬੇਆਸਰਿਆਂ ਨੂੰ ਆਸਰਾ ਤੇ ਰੋਗੀਆਂ ਨੂੰ ਮੁਫਤ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਭਗਤ ਪੂਰਨ ਸਿੰਘ ਜੀ ਦਾ ਵਿਸ਼ਾਲ ਪਿੰਗਲਵਾੜਾ ਇਸ ਪ੍ਰਥਾ ਦੀ ਜਿਉਂਦੀ ਜਾਗਦੀ ਮਿਸਾਲ ਹੈ।

**੧੬. ਸਿੱਖ ਸ਼ਖ਼ਸੀਅਤਾਂ-** ਸਿੱਖ ਧਰਮ ਦੀਆਂ ਮਹਾਨ ਸਿੱਖ ਸ਼ਖ਼ਸੀਅਤਾਂ ਦੀ ਧਰੋਹਰ ਵੀ ਸਾਨੂੰ ਵਿਰਸੇ ਵਿਚ ਮਿਲੀ ਹੈ। ਬੇਸ਼ੱਕ ਇਨ੍ਹਾਂ ਸ਼ਖ਼ਸੀਅਤਾਂ ਨੇ ਜੰਗਾਂ-ਯੁੱਧਾਂ ਵਿਚ ਕੁਰਬਾਨੀਆਂ ਨਹੀਂ ਦਿੱਤੀਆਂ। ਪਰ ਇਨ੍ਹਾਂ ਜਿਵੇਂ- ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਮੰਝ ਜੀ, ਭਾਈ ਲੰਗਾਹ ਜੀ, ਭਾਈ ਲੱਧਾ ਜੀ, ਭਾਈ ਨੰਦ ਲਾਲ ਜੀ ਅਤੇ ਅਨੇਕਾਂ ਹੀ ਹੋਰ ਗੁਰੂ ਪਿਆਰੇ ਸੇਵਕਾਂ ਨੇ ਸੇਵਾ, ਸ਼ਰਧਾ, ਸਿਦਕ, ਭਰੋਸਾ ਅਤੇ ਗੁਰੂ ਹੁਕਮ ਦੇ ਬੱਧੇ ਰਹਿਣ ਦੇ ਅਜਿਹੇ ਪਗ-ਚਿੰਨ੍ਹ ਸਾਨੂੰ ਵਿਰਸੇ ਵਿਚ ਦਿੱਤੇ ਹਨ, ਜਿਨ੍ਹਾਂ 'ਤੇ ਚੱਲ ਕੇ ਅਸੀਂ ਆਪਣਾ ਜੀਵਨ ਹੀ ਸਫਲਾ ਨਹੀਂ ਕਰ ਸਕਦੇ ਸਗੋਂ ਗੁਰੂ ਦੇ ਪਿਆਰੇ ਵੀ ਬਣ ਸਕਦੇ ਹਾਂ। ਇਨ੍ਹਾਂ ਸ਼ਖ਼ਸੀਅਤਾਂ ਦੇ ਪੂਰਨਿਆਂ 'ਤੇ ਚੱਲ ਕੇ ਆਪਣੇ ਜੀਵਨ ਨੂੰ ਦਿਸ਼ਾ-ਨਿਰਦੇਸ਼ ਦੇ ਸਕਦੇ ਹਾਂ।

**੧੭. ਸਿੱਖ ਭਾਈਚਾਰਾ-** ਸਿੱਖ ਭਾਈਚਾਰਾ ਇੱਕ ਅਜਿਹਾ ਭਾਈਚਾਰਾ ਹੈ, ਜੋ ਕਿਸੇ ਇੱਕ ਸਿੱਖ 'ਤੇ ਭੀੜ ਪੈਣ 'ਤੇ ਇਕ ਮਜ਼ਬੂਤ ਜਥੇਬੰਦੀ ਦਾ ਰੂਪ ਧਾਰਨ ਕਰ ਲੈਂਦਾ ਹੈ। ਸਿੱਖ ਇਤਿਹਾਸ ਵਿਚ ਅਜਿਹੇ ਭਾਈਚਾਰੇ ਦੀਆਂ ਕਈ ਮਿਸਾਲਾਂ ਦੇਖਣ ਨੂੰ ਮਿਲ ਜਾਂਦੀਆਂ ਹਨ। ਸਿੱਖ ਕੌਮ ਆਪਣਾ ਪਿਤਾ ਸ੍ਰੀ ਗੁਰੂ ਗੋਬਿੰਦ ਜੀ ਤੇ ਮਾਤਾ ਸਾਹਿਬ ਕੌਰ ਜੀ ਨੂੰ ਆਪਣੀ ਮਾਂ ਸਮਝਦੇ ਹੋਇਆਂ, ਹਰ ਸਿੱਖ ਦੂਜੇ ਸਿੱਖ ਨੂੰ ਆਪਣਾ ਭਰਾ ਮੰਨਦਾ ਹੈ। ਇਸ ਲਈ ਮੀਲਾਂ ਦੇ ਪੈਂਡੇ ਵੀ ਸਿੱਖਾਂ ਦੇ ਦਿਲਾਂ ਵਿਚ ਵਿੱਥ ਨਹੀਂ ਪੈਣ ਦਿੰਦੇ।

**੧੮. ਸਿੱਖ ਬੱਚੇ-** ਸਿੱਖ ਬੱਚੇ ਕਦੀ ਜੰਗਾਂ 'ਚੋਂ, ਕਦੇ ਕੰਧਾਂ 'ਚੋਂ, ਕਦੇ ਨੇਜਿਆਂ 'ਚ, ਕਦੇ ਘੱਲੂਘਾਰਿਆਂ ਦੇ ਰੱਤ ਭਰੇ ਰੰਗਾਂ 'ਚੋਂ, ਕਦੀ ੧੯੦੦ ਈ. ਦੇ ਸ਼ੁਰੂਆਤੀ ਸਾਕਿਆਂ 'ਚ ਕਦੀ ੧੯੮੪ ਈ. ਦੇ ਤੋਪਾਂ ਤੇ ਕਤਲ-ਏ-ਆਮ 'ਚ ਅੱਤਿਆਚਾਰੀਆਂ ਦੀ ਬਦਹਵਾਸੀ ਦਾ ਸ਼ਿਕਾਰ ਹੋ ਕੇ ਸਿੱਖ ਕੌਮ ਦੇ ਮੁੱਢ ਤੋਂ ਲੈ ਕੇ ਅਜੋਕੇ ਸਮੇਂ ਤਕ ਸ਼ਹੀਦ ਹੁੰਦੇ ਰਹੇ ਹਨ, ਜਿਸ ਦੀ ਉਦਾਹਰਨ ਮਿਲਣੀ ਕਿਸੇ ਵੀ ਧਰਮ 'ਚ ਮੁਮਕਿਨ ਨਹੀਂ। ਜਿਨ੍ਹਾਂ ਪੰਥ ਕੀ ਜੀਤ ਲਈ ਆਪਣਾ ਵਡਮੁੱਲਾ ਯੋਗਦਾਨ ਪਾਇਆ ਤੇ ਆਪਣਾ ਨਾਮ ਅਮਰ ਕਰ ਗਏ। ਇਸ ਲਈ ਬੱਚਿਓ! ਸਾਨੂੰ ਆਪਣੇ ਅਮੀਰ ਵਿਰਸੇ ਉੱਪਰ ਹਮੇਸ਼ਾ ਮਾਣ ਹੋਣਾ ਚਾਹੀਦਾ ਹੈ। ■

# ਗੁਰਮਤਿ ਦੇ ਅਨਮੋਲ ਵਿਚਾਰ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

**੧.** ਅੰਮ੍ਰਿਤ ਵੇਲੇ ਉੱਠ ਕੇ ਹਰ ਰੋਜ਼ ਬਾਣੀ ਪੜ੍ਹੀਏ ਅਤੇ ਸਿਮਰਨ ਕਰਦੇ ਰਹੀਏ ਤਾਂ ਤਨ ਦੀ ਧਰਤੀ ਵਿੱਚ ਇਕ ਐਸਾ ਅੰਮ੍ਰਿਤਮਈ ਬਿਰਛ ਪੈਦਾ ਹੋ ਜਾਂਦਾ ਹੈ ਜੋ ਸਦਾ ਹੀ ਹਰਿਆ-ਭਰਿਆ ਰਹਿੰਦਾ ਹੈ।

**੨.** ਜਿਹੜਾ ਰਹਿਤਵਾਨ ਸਿੱਖ ਗੁਰਬਾਣੀ ਅਤੇ ਸਿੱਖੀ ਦੇ ਪੰਜਾਂ ਕਕਾਰਾਂ ਨੂੰ ਆਪਣੀ ਜਾਨ ਤੋਂ ਵੀ ਪਿਆਰਾ ਸਮਝਦਾ ਹੈ, ਗੁਰੂ ਸਾਹਿਬ ਐਸੇ ਸਿੱਖ ਨੂੰ ਆਪਣਾ ਹੀ ਰੂਪ ਦੇ ਦਿੰਦੇ ਹਨ।

**੩.** ਦਇਆਵਾਨ ਮਨੁੱਖ ਹੀ ਧਰਮੀ ਹੋ ਸਕਦਾ ਹੈ ਅਤੇ ਧਰਮੀ ਮਨੁੱਖ ਹੀ ਪਰਉਪਕਾਰੀ ਹੋ ਸਕਦਾ ਹੈ।

**੪.** ਜੇ ਮਨੁੱਖ ਦਾ ਮਨ ਰੱਬ ਦੀ ਭਗਤੀ ਵਿਚ ਭਿੱਜਾ ਨਾ ਹੋਵੇ ਤਾਂ ਐਸੇ ਮਨੁੱਖ ਦਾ ਪਾਇਆ ਹੋਇਆ ਧਰਮੀ ਬੁਰਕਾ ਵੀ ਪਖੰਡ ਬਣ ਜਾਂਦਾ।

**੫.** ਸੁਪਨੇ ਵਿਚ ਰੱਬ ਦੀ ਮਿਲੀ ਹੋਈ ਝਲਕ ਜੀਵਨ ਬਦਲ ਕੇ ਰੱਖ ਦਿੰਦੀ ਹੈ।

**੬.** ਜਦ ਪਰਵਾਰ ਅਤੇ ਸੰਸਾਰ ਵਿਚ ਰੱਬ ਦਿਖਾਈ ਦੇਣ ਲੱਗ ਪਵੇ ਤਾਂ ਘਰ ਹੀ ਸੱਚਖੰਡ ਬਣ ਜਾਂਦਾ ਹੈ।

**੭.** ਕਿਸੇ ਦਾ ਹਿਰਦਾ ਦੁਖਾਉਣਾ, ਰੱਬ ਦੀ ਕਰੋਪੀ ਸਹੇੜਨ ਦੇ ਤੁਲ ਹੁੰਦਾ ਹੈ।

**੮.** ਮਿੱਤਰ ਦਾ ਮਿਲਣ ਸਮੇਂ ਸਤਿਕਾਰ ਕਰਨਾ, ਪਿੱਠ ਪਿੱਛੇ ਪ੍ਰਸੰਸਾ ਕਰਨੀ ਅਤੇ ਲੋੜ ਵੇਲੇ ਸਹਾਇਤਾ ਕਰਨੀ ਅਸਲੀ ਮਿੱਤਰਤਾਈ ਹੁੰਦੀ।

**੯.** ਜਦੋਂ ਕੋਈ ਸੰਤ, ਸਿੱਖ, ਸਾਧੂ ਆਪਣੇ ਜੀਵਨ ਵਿਚ ਸੱਚ ਦਾ ਦੀਵਾ ਬਾਲਦਾ ਹੈ ਤਾਂ ਹਜ਼ਾਰਾਂ ਸੰਸਾਰੀ ਲੋਕ ਉਸ ਦੀਵੇ ਨੂੰ ਬੁਝਾਉਣ ਲਈ ਡਟ ਜਾਂਦੇ ਹਨ।

**੧੦.** ਗੁਰਮੁਖਾਂ ਦੀ ਸੰਗਤ ਕਰ ਕੇ ਮਨੁੱਖ ਹੰਸ ਬਿਰਤੀ ਹੋ ਜਾਂਦਾ ਹੈ ਅਤੇ ਮਨਮੁਖਾਂ ਦੀ ਸੰਗਤ ਕਰ ਕੇ ਮਨੁੱਖ ਕਾਂ ਬਿਰਤੀ ਹੋ ਜਾਂਦਾ ਹੈ।

**੧੧.** ਕਿਸੇ ਦਾ ਕਸੂਰ ਬਹੁਤ ਹੌਲੀ ਹੌਲੀ ਦੱਸੋ, ਪਰ ਪ੍ਰਸੰਸਾ ਉੱਚੀ ਉੱਚੀ ਕਰੋ।

**੧੨.** ਸ਼ਹੀਦ ਸਿੰਘ ਸਿੱਖੀ ਦਾ ਸਰਮਾਇਆ ਹੁੰਦੇ ਹਨ ਅਤੇ ਸ਼ਹੀਦ, ਸ਼ਹੀਦੀ ਪਾ ਕੇ ਸਿੱਖੀ ਨੂੰ ਚਾਰ ਚੰਨ ਲਾ ਜਾਂਦੇ ਹਨ।

**੧੩.** ਜਿਹੜੇ ਸਿੱਖ ਦੇ ਜੀਵਨ ਦੇ ਬੂਟੇ 'ਤੇ ਉੱਚੇ ਆਚਰਨ ਦਾ ਫੁੱਲ ਖਿੜ ਜਾਂਦਾ ਹੈ, ਗੁਰੂ ਐਸੇ ਸਿੱਖ ਨੂੰ ਸਦਾ ਆਪਣੀ ਗਲਵੱਕੜੀ ਵਿਚ ਹੀ ਰੱਖਦਾ ਹੈ।

**੧੪.** ਮਨੁੱਖ ਲਈ ਗੁਰੂ ਅੱਗੇ ਧਨ ਦਾਨ ਕਰਨਾ ਬਹੁਤ ਸੌਖਾ ਹੈ, ਪਰ ਗੁਰੂ ਅੱਗੇ ਮਨ ਭੇਟ ਕਰਨਾ ਬਹੁਤ ਔਖਾ ਹੈ।

** #੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ ੧੪੩੦੦੧। ਮੋ. ੯੮੧੫੧-੪੩੫੨੬*

**੧੫.** ਇਕ ਧਰਮੀ ਮਨੁੱਖ ਦੀ ਸਾਰੀ ਭਗਤੀ ਮਨ ਮਾਰਨ 'ਤੇ ਹੀ ਖੜੀ ਹੁੰਦੀ ਹੈ।

**੧੬.** ਮਨੁੱਖ 'ਤੇ ਬਿਪਤਾ ਬਣ ਜਾਣ 'ਤੇ ਉਸ ਦੇ ਦੋਸਤਾਂ-ਮਿੱਤਰਾਂ ਅਤੇ ਸਾਕ-ਸੰਬੰਧੀਆਂ ਦੀ ਪਰਖ ਹੋ ਜਾਂਦੀ ਹੈ।

**੧੭.** ਦੂਜਿਆਂ ਨਾਲ ਸਲੂਕ ਐਸਾ ਨਾ ਕਰੋ, ਜੋ ਤੁਸੀਂ ਆਪ ਪਸੰਦ ਨਹੀਂ ਕਰਦੇ।

**੧੮.** ਜਿਸ ਮਨੁੱਖ ਕੋਲ ਕੋਈ ਚੰਗਾ ਗੁਣ ਨਾ ਹੋਵੇ, ਚੰਗਾ ਗਿਆਨ ਨਾ ਹੋਵੇ ਅਤੇ ਚੰਗੀ ਸੂਝਬੂਝ ਨਾ ਹੋਵੇ, ਪਰ ਫਿਰ ਵੀ ਹੰਕਾਰ ਵਿਚ ਮਤਿਆ ਰਹੇ, ਐਸਾ ਮਨੁੱਖ ਖੋਤੇ ਦੀ ਬਿਰਤੀ ਵਾਲਾ ਹੁੰਦਾ ਹੈ।

**੧੯.** ਸਿੱਖ ਦਾ ਆਪਣਾ ਘਰ ਭਾਵੇਂ ਮਿੱਟੀ ਦਾ ਹੋਵੇ, ਪਰ ਉਹ ਗੁਰੂ-ਘਰ ਨੂੰ ਸੰਗਮਰਮਰ ਵਿਚ ਬਣਾਉਣ ਦਾ ਯਤਨ ਕਰਦਾ ਹੈ।

**੨੦.** ਆਪਣੇ ਹਿਰਦੇ ਅੰਦਰ ਆਪਣੇ ਜੋਤ ਸਰੂਪ ਨੂੰ ਪਛਾਣਨਾ ਹੀ, ਰੱਬੀ ਭਗਤੀ ਹੁੰਦੀ ਹੈ।

**੨੧.** ਨੇਕਨਾਮੀ ਬਹੁਤ ਚੰਗੇ ਕੰਮਾਂ ਨਾਲ ਖੱਟੀ ਜਾਂਦੀ ਹੈ, ਪਰ ਤਬਾਹੀ ਇੱਕੋ ਮਾੜੇ ਕੰਮ ਨਾਲ ਹੋ ਜਾਂਦੀ ਹੈ।

**੨੨.** ਗੁਰੂ ਕੇ ਪਿਆਰੇ ਸਿੱਖ ਨੂੰ ਰੱਬੀ ਦਰਗਾਹ ਵਿਚ ਮਾਣ ਮਿਲਦਾ ਹੈ।

**੨੩.** ਜਿਹੜੇ ਸਿੱਖ ਦੀ ਉਮਰ ਪੱਕਣ ਨਾਲ, ਸਿਮਰਨ ਦੁਆਰਾ ਗਿਆਨ ਵੀ ਪੱਕ ਜਾਂਦਾ ਹੈ, ਐਸੇ ਸਿੱਖ ਦੇ ਜੀਵਨ ਦਾ ਰੁਖ ਫ਼ਲ ਤਕ ਪਹੁੰਚ ਹੀ ਜਾਂਦਾ ਹੈ।

**੨੪.** ਜਿਹੜਾ ਮਨੁੱਖ ਪਰਾਈ ਨਿੰਦਾ ਕਰਦਿਆਂ ਗੂੰਗਾ, ਪਰਾਇਆ ਰੂਪ ਵੇਖਦਿਆਂ ਅੰਨ੍ਹਾ ਅਤੇ ਚੋਰੀ ਕਰਨ ਵੇਲੇ ਪਿੰਗਲੇ ਵਾਂਗੂੰ ਹੋ ਜਾਂਦਾ ਹੈ, ਐਸਾ ਮਨੁੱਖ ਦੁਨੀਆ ਵਿਚ ਸਭ ਤੋਂ ਨੇਕ ਮਨੁੱਖ ਹੁੰਦਾ ਹੈ।

**੨੫.** ਜਿਸ ਸਿੱਖ ਦੇ ਹਿਰਦੇ ਅੰਦਰ ਪ੍ਰਭੂ ਮਿਲਣ ਦੇ ਨਾਲ ਨਾਲ ਤਿਆਗ ਦੀ ਭਾਵਨਾ ਪ੍ਰਗਟ ਹੋ ਜਾਂਦੀ ਹੈ, ਐਸੇ ਸਿੱਖ ਦੇ ਹਿਰਦੇ ਅੰਦਰ ਰੱਬ ਇਸ ਤਰ੍ਹਾਂ ਪ੍ਰਗਟ ਹੁੰਦਾ ਹੈ ਜਿਵੇਂ ਸਵੇਰੇ-ਸਵੇਰ ਪਹਾੜਾਂ ਵਿੱਚੋਂ ਸੂਰਜ ਨਿਕਲਦਾ ਹੈ।

**੨੬.** ਇਕ ਅਨਪੜ੍ਹ ਮਨੁੱਖ ਦੁਨੀਆ ਨੂੰ ਭਾਵੇਂ ਨਾ ਸਮਝ ਸਕੇ, ਪਰ ਅਨਪੜ੍ਹ ਮਨੁੱਖ ਪਰਮਾਤਮਾ ਨੂੰ ਸਮਝਣ ਵਿਚ ਜ਼ਰੂਰ ਕਾਮਯਾਬ ਹੋ ਜਾਂਦਾ।

**੨੭.** ਸਿੱਖ ਲਈ ਜ਼ੁਲਮ ਕਰਨਾ ਵੀ ਪਾਪ ਹੈ ਅਤੇ ਜ਼ੁਲਮ ਸਹਿਣਾ ਵੀ ਪਾਪ ਹੈ।

**੨੮.** ਮਾਂ-ਪਿਉ ਦੀ ਸੇਵਾ ਨਾ ਕਰਨ ਵਾਲੇ ਮਨੁੱਖ ਨੂੰ ਪਵਿੱਤਰ ਗੁਰਬਾਣੀ ਨੇ ਬੇਈਮਾਨ ਦਾ ਦਰਜਾ ਦਿੱਤਾ ਹੈ।

**੨੯.** ਜਿਹੜਾ ਮਨੁੱਖ ਵਿੱਦਿਆ ਪੜ੍ਹ ਕੇ ਵੀ ਪਰਉਪਕਾਰ ਨਹੀਂ ਕਰਦਾ, ਐਸਾ ਪੜ੍ਹਿਆ ਹੋਇਆ ਮਨੁੱਖ ਮੂਰਖ ਦੀ ਨਿਆਂਈਂ ਹੁੰਦਾ ਹੈ।

**੩੦.** ਮਾਇਆ ਸਪਨੀ ਦਾ ਰੂਪ ਹੁੰਦੀ ਹੈ, ਇਸ ਦੇ ਜ਼ਹਿਰੀ ਡੰਗ ਤੋਂ ਕੋਈ ਸੰਤ, ਸਾਧੂ, ਸਿੱਖ ਹੀ ਬਚ ਸਕਦਾ ਹੈ।

**ਚਲਦਾ...**

# ਸਿੱਖ ਸਾਹਿਤ ਦੇ ਰੂ-ਬ-ਰੂ ੪

*-ਡਾ. ਰਣਜੀਤ ਕੌਰ ਪੰਨਵਾਂ**

ਪੁਸਤਕ : ਅਕਾਲੀ ਲਹਿਰ ਦੇ ਮਹਾਨ ਨੇਤਾ
ਲੇਖਕ : ਗਿਆਨੀ ਪ੍ਰਤਾਪ ਸਿੰਘ
ਪ੍ਰਕਾਸ਼ਕ : ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ: ਅੰਮ੍ਰਿਤਸਰ
ਪ੍ਰਕਾਸ਼ਨ ਸਾਲ : ਫਰਵਰੀ, ੧੯੭੬
ਪੰਨੇ : ੩੪੦
ਕੀਮਤ : ੧੦ ਰੁਪਏ (੧੯੭੬ ਵਾਲੇ ਐਡੀਸ਼ਨ ਦੀ ਕੀਮਤ)

ਗਿ. ਪ੍ਰਤਾਪ ਸਿੰਘ ਦੁਆਰਾ ਲਿਖੀ ਪੁਸਤਕ ਅਕਾਲੀ ਲਹਿਰ ਦੇ ਮਹਾਨ ਨੇਤਾ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਬਤ ਮਹਤਵਪੂਰਨ ਦਸਤਾਵੇਜ਼ੀ ਪੁਸਤਕ ਹੈ। ਗਿ. ਪ੍ਰਤਾਪ ਸਿੰਘ (੩ ਜਨਵਰੀ, ੧੯੦੪ -੧੦ ਮਈ, ੧੯੮੪ ਈ.) ਲਹਿਰ ਦੇ ਸਮਕਾਲੀ ਲੇਖਕ ਅਤੇ ਜੈਤੋ ਮੋਰਚੇ ਦੇ ਸੋਲ੍ਹਵੇਂ ਜਥੇ ਵਿਚ ਖੁਦ ਸ਼ਮੂਲੀਅਤ ਕਰਨ ਵਾਲੇ ਸਿੱਖ ਪ੍ਰਚਾਰਕ ਸਨ। ਉਨ੍ਹਾਂ ਨੇ ਲਹਿਰ ਵਿਚ ਜੁਝਾਰੂ ਹਿੱਸੇ ਦੇ ਨਾਲ-ਨਾਲ ਕਲਮ ਦੁਆਰਾ ਵੀ ਲਗਪਗ ੨੨ ਪੁਸਤਕਾਂ ਲਿਖ ਕੇ ਅਕਾਲੀ ਲਹਿਰ ਦੇ ਇਤਿਹਾਸ, ਸਿਧਾਂਤ, ਗੁਰਮਤਿ ਦਰਸ਼ਨ, ਵਿਚਾਰਧਾਰਾ ਦੀ ਵਡਮੁੱਲੀ ਸੇਵਾ ਕੀਤੀ ਹੈ। ਗਿਆਨੀ ਜੀ ਅਕਾਲੀ ਲਹਿਰ ਦੌਰਾਨ ਅਤੇ ਸਕਿਉਰਿਟੀ ਐਕਟ ਦੌਰਾਨ ਵੀ ਜੇਲ੍ਹ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਤੇ ੧੯੪੮ ਈ. ਤੋਂ ਲੈ ਕੇ ੧੯੫੨ ਈ. ਤਕ ਤਖ਼ਤ ਸ੍ਰੀ ਕੇਸਗੜ੍ਹ, ਸ੍ਰੀ ਅਨੰਦਪੁਰ ਸਾਹਿਬ ਦੇ ਵੀ ਜਥੇਦਾਰ ਦੀ ਪਦਵੀ 'ਤੇ ਰਹੇ। ਸੇਵਾ ਮੁਕਤੀ ਉਪਰੰਤ 'ਗਿਆਨ ਅੰਮ੍ਰਿਤ' ਮਾਸਕ ਪੱਤਰ ਰਾਹੀਂ ਕਲਮੀ ਸੇਵਾ ਅਰੰਭੀ ਜੋ ੨੫-੨੬ ਸਾਲ ੧੯੮੧ ਈ. ਤਕ ਨਿਭਾਈ। ਆਪ ਫੇਰੂਮਾਨ ਟਰੱਸਟ ਕਾਲਜ ਦੇ ਮੈਂਬਰ ਵੀ ਰਹੇ ਸਨ। ਪੰਜਾਬੀ ਪੱਤਰਕਾਰ ਵਜੋਂ ਕਾਰਜਰਤ ਰਹਿਣ ਕਾਰਨ ਆਪ ਨੂੰ ਭਾਸ਼ਾ ਵਿਭਾਗ ਨੇ ੧੯੮੧ ਈ. ਵਿਚ 'ਸ਼੍ਰੋਮਣੀ ਪੱਤਰਕਾਰ' ਵਜੋਂ ਸਨਮਾਨਿਤ ਕੀਤਾ।

ਉਕਤ ਪੁਸਤਕ ਵਿਚ ਸਮਕਾਲੀ ਲੇਖਕ ਨੇ ਹੱਡੀਂ ਹੰਢਾਏ ਤੇ ਅੱਖੀਂ ਵੇਖੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਵਾਪਰੇ ਮੋਰਚਿਆਂ ਸਮੇਂ ਜਥਿਆਂ ਦੇ ਜਥੇਦਾਰਾਂ ਬਾਬਤ ਵਿਸਤ੍ਰਿਤ ਹਾਲ ਉਲੇਖ ਕੀਤੇ ਹਨ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਸਿਰਕਰਦਾ ਅਕਾਲੀ ਨੇਤਾਵਾਂ ਦੁਆਰਾ ਪਾਏ ਵਡਮੁੱਲੇ ਯੋਗਦਾਨ

** ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਪ੍ਰਥਾਇ ਇਹ ਪੁਸਤਕ ਬੜੀ ਅਹਿਮ ਹੈ।

ਇਸ ਪੁਸਤਕ ਵਿਚ ਅਕਾਲੀ ਨੇਤਾਵਾਂ ਦੇ ਜੀਵਨ ਵੇਰਵੇ ਅਤੇ ਸਿੱਖ ਰਾਜਸੀ ਪ੍ਰਬੰਧ ਵਿਚ ਨਿਭਾਈ ਭੂਮਿਕਾ ਦਾ ਵਰਣਨ ਹੈ। ਲੇਖਕ ਆਪ ਵੀ ਇਸ ਲਹਿਰ ਦੇ ਸਰਗਰਮ ਨੇਤਾ ਸਨ। ਲੇਖਕ ਇਸ ਪੁਸਤਕ ਦੀ ਭੂਮਿਕਾ "ਅਰੰਭਕ ਬੇਨਤੀ" ਵਿਚ ਪੁਸਤਕ ਦੀ ਅਹਿਮੀਅਤ ਬਾਰੇ ਲਿਖਦੇ ਹਨ ਕਿ:

"ਜਿਨ੍ਹਾਂ ਲੀਡਰਾਂ ਨੇ ਉਸ ਲਹਿਰ (ਅਕਾਲੀ ਲਹਿਰ) ਨੂੰ ਜਨਮ ਦਿੱਤਾ, ਉਸ ਵਿਚ ਕੁਰਬਾਨੀਆਂ ਕੀਤੀਆਂ ਤੇ ਸਫਲਤਾ ਪ੍ਰਾਪਤ ਕੀਤੀ, ਜਿਹੜੇ ਨੇਤਾ ਉਸ ਲਹਿਰ ਵਿਚ ਉਪਜੇ ਤੇ ਬਾਅਦ ਵਿਚ ਉਨਾਂ ਨੇ ਵੱਡੀਆਂ ਪਦਵੀਆਂ ਉੱਤੇ ਸੇਵਾ ਕੀਤੀ, ਉਨਾਂ ਦੇ ਜੀਵਨ ਲਿਖਣ ਦਾ ਖਿਆਲ ਆਇਆ। ਮੈਨੂੰ ਬਹੁਤ ਪ੍ਰਸੰਨਤਾ ਹੈ ਕਿ ਅਕਾਲੀ ਲਹਿਰ ਦੇ ਇਤਿਹਾਸ ਦੀ ਦੂਜੀ ਐਡੀਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਿਤ ਕੀਤੀ ਹੈ। ਉਸਦੇ ਨਾਲ ਹੀ ਮਹਾਨ ਅਕਾਲੀ ਲਹਿਰ ਦੇ ੩੬ ਆਗੂਆਂ ਦੇ ਜੀਵਨ ਦੂਜੀ ਪੁਸਤਕ ਦੇ ਰੂਪ ਵਿਚ ਪੇਸ਼ ਕਰ ਰਿਹਾ ਹਾਂ ।

ਮੈਂ ਆਪ ੧੬ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਚਾਰ ਬ੍ਰਾਂਚ ਵਿਚ ਤੇ ਏਨਾ ਹੀ ਸਮਾਂ ਸ੍ਰੀ ਅਕਾਲ ਤਖਤ ਸਾਹਿਬ ਤੇ ਤਖਤ ਸ੍ਰੀ ਕੇਸਗੜ੍ਹ ਦੀ ਸੇਵਾ ਵਿਚ ਰਹਿਣ ਕਰਕੇ ਉਸ ਲਹਿਰ ਵਿੱਚੋਂ ਲੰਘਿਆ ਹਾਂ। ਮੇਰੇ ਪੂਜ ਪਿਤਾ ਭਾਈ ਮਖ਼ਨ ਸਿੰਘ ਗੁਰੂ ਕੇ ਬਾਗ ਦੇ ਮੋਰਚੇ ਵਿਚ ਕੈਦ ਹੋਏ। ਮੈਂ ਆਪ ਜੈਤੋ ਦੇ ਮੋਰਚੇ ਸਮੇਂ ਡੇਢ ਸਾਲ ਮੁਲਤਾਨ ਸੰਟ੍ਰਲ ਜੇਲ੍ਹ ਵਿਚ ਕੈਦ ਰਿਹਾ ਹਾਂ। ਸਾਰੇ ਆਗੂਆਂ ਨਾਲ ਮੇਰਾ ਨਿੱਜੀ ਵਾਹ ਪਿਆ ਹੈ। ਅਕਾਲੀ ਲਹਿਰ ਦਾ ਕੁਝ ਰੀਕਾਰਡ ਵੀ ਸੰਭਾਲ ਕੇ ਰੱਖਿਆ ਹੈ। ਜਿਸ ਵਿੱਚੋਂ ਕੁਝ ਰੀਕਾਰਡ ਪ੍ਰੋ. ਕ੍ਰਿਪਾਲ ਸਿੰਘ ਪੰਜਾਬੀ ਯੂਨੀਵਰਸਟੀ ਪਟਿਆਲਾ ਲੈ ਗਏ ਹਨ।

ਅਕਾਲੀ ਲਹਿਰ ਵਿਚ ਹੋਰ ਵੀ ਬਹੁਤ ਸਾਰੇ ਆਗੂਆਂ ਨੇ ਕੁਰਬਾਨੀਆਂ ਕੀਤੀਆਂ ਹਨ। ਗੁਰੂ ਨੇ ਕ੍ਰਿਪਾ ਕੀਤੀ ਤਾਂ ਉਨਾਂ ਦੇ ਜੀਵਨ ਦੂਜੇ ਭਾਗ ਵਿਚ ਦਿਤੇ ਜਾਣਗੇ।

ਮਿਤੀ ੧੬ ਫਰਵਰੀ, ੧੯੭੬
ਦਾਸ ਪ੍ਰਤਾਪ ਸਿੰਘ ਗਿਆਨੀ,
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ।"

ਪੁਸਤਕ ਵਿਚ ੩੬ (ਛੱਤੀ) ਅਕਾਲੀ ਨੇਤਾਵਾਂ ਦੇ ਅਕਾਲੀ ਲਹਿਰ ਵਿਚ ਪਾਏ ਯੋਗਦਾਨ ਅਤੇ ਜੀਵਨ ਬਾਰੇ ਲੇਖ ੩੨ (ਬੱਤੀ) ਅਧਿਆਇਆਂ ਵਿਚ ਦਰਜ ਹਨ – ਪੰਥ ਦੇ ਬੇਤਾਜ ਬਾਦਸ਼ਾਹ ਸ. ਖੜਕ ਸਿੰਘ, ਸ. ਬ. ਮਹਿਤਾਬ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ਼ਹੀਦ ਸ. ਸੇਵਾ ਸਿੰਘ ਠੀਕਰੀਵਾਲਾ, ਝੁਲਾਬੀਏ ਵੀਰ (ਸ. ਅਮਰ ਸਿੰਘ, ਸ. ਸਰਮੁਖ ਸਿੰਘ, ਸ. ਜਸਵੰਤ ਸਿੰਘ), ਭਾਈ ਕਰਤਾਰ ਸਿੰਘ ਝੱਬਰ,

ਜਥੇਦਾਰ ਤੇਜਾ ਸਿੰਘ ਭੁਚਰ, ਸ. ਮੰਗਲ ਸਿੰਘ ਅਕਾਲੀ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ. ਦਾਨ ਸਿੰਘ ਵਛੋਆ, ਮਾਸਟਰ ਤਾਰਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਸ਼ਹੀਦ ਸ. ਦਰਸ਼ਨ ਸਿੰਘ ਫੇਰੂਮਾਨ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਸ. ਭਾਗ ਸਿੰਘ ਐਡਵੋਕੇਟ, ਸ. ਅਮਰ ਸਿੰਘ ਵਾਸੂ, ਜਥੇਦਾਰ ਮੋਹਨ ਸਿੰਘ ਨਾਗੋਕੇ, ਜਥੇਦਾਰ ਸੋਹਨ ਸਿੰਘ ਜਲਾਲ ਉਸਮਾ, ਮਾਸਟਰ ਮੋਤਾ ਸਿੰਘ, ਗਿ. ਸ਼ੇਰ ਸਿੰਘ, ਸ. ਹਰੀ ਸਿੰਘ ਜਲੰਧਰੀ, ਬਾਬੂ ਲਾਭ ਸਿੰਘ, ਬਾਬਾ ਈਸ਼ਰ ਸਿੰਘ ਮਰਹਾਣਾ, ਭਗਤ ਜਸਵੰਤ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਸੰਤ ਹਰਨਾਮ ਸਿੰਘ ਜਿਆਣ, ਭਾਈ ਪਿਆਰਾ ਸਿੰਘ ਲੰਗੇਰੀ ਤੇ ਜਥੇਦਾਰ ਹੁਸ਼ਨਾਕ ਸਿੰਘ, ਸ. ਈਸਰ ਸਿੰਘ ਮਝੈਲ, ਸ: ਮਹਿੰਦਰ ਸਿੰਘ ਸਿਧਵਾਂ, ਗਿ. ਗੁਰਮੁਖ ਸਿੰਘ ਮੁਸਾਫਰ, ਸੰਤ ਪ੍ਰੇਮ ਸਿੰਘ ਕੋਕਰੀ, ਜਥੇਦਾਰ ਸੁਚਾ ਸਿੰਘ ਰੋਡੇ ਤੇ ਮੋਗਾ।

ਜੈਤੋ ਦੇ ਮੋਰਚੇ ਵਿਚ ਲਗਪਗ ੧੮ (ਅਠਾਰ੍ਹਾਂ) ਅਕਾਲੀ ਨੇਤਾਵਾਂ ਦੁਆਰਾ ਪਾਏ ਯੋਗਦਾਨ ਦੇ ਸੰਖਿਪਤ ਪਰ ਠੋਸ ਵੇਰਵੇ ਮਿਲਦੇ ਹਨ।

ਪੁਸਤਕ ਆਮ/ਅਕਾਦਮਿਕ ਪੱਧਰ ਦੇ ਪਾਠਕਾਂ ਲਈ ਬਹੁਤ ਵਡਮੁੱਲੀ ਅਤੇ ਪ੍ਰਥਮ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਬਤ ਵਡਮੁੱਲੀ ਜਾਣਕਾਰੀ ਸਮੋਈ ਇਹ ਪੁਸਤਕ ਚਸ਼ਮਦੀਦ ਸਮਕਾਲੀ ਦੁਆਰਾ ਹੱਡੀਂ ਹੰਢਾਈਆਂ ਪ੍ਰਸਥਿਤੀਆਂ ਨੂੰ ਕਲਮਬੱਧ ਕਰਨ ਕਰਕੇ ਬਹੁਤ ਮਹੱਤਵਪੂਰਨ ਹੈ ਅਤੇ ਹਰ ਭਾਰਤੀ ਨੂੰ ਪੜ੍ਹਨੀ ਚਾਹੀਦੀ ਹੈ ਕਿ ਕਿਵੇਂ ਅੰਗਰੇਜ਼ੀ ਸ਼ਾਸਨ ਨੂੰ ਖਤਮ ਕਰਨ ਲਈ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਪੂਰਨ ਵੱਡਾ ਰੋਲ ਅਦਾ ਕੀਤਾ, ਜਿਸ ਦੀ ਠੀਕ ਤਸਵੀਰ ਪਾਠਕਾਂ ਸਾਹਵੇਂ ਅਜੇ ਤਕ ਪੇਸ਼ ਹੀ ਨਹੀਂ ਹੋਣ ਦਿੱਤੀ ਗਈ। ਇਹ ਪੁਸਤਕ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਬਤ ਪੂਰਨ ਜਾਣਕਾਰੀ ਉਪਲਬਧ ਕਰਵਾਉਣ ਵਾਲਾ ਦਸਤਾਵੇਜ਼ ਹੈ। ਲੇਖਕ ਦੁਆਰਾ ਪੁਸਤਕ ਰਚਨ ਸਮੇਂ ਤਕ ਬਹੁਤ ਸਾਰੇ ਅਕਾਲੀ ਨੇਤਾ ਸੰਸਾਰ ਤੋਂ ਕੂਚ ਕਰ ਚੁਕੇ ਸਨ, ਕੇਵਲ ਸੱਤ-ਅੱਠ ਹੀ ਜ਼ਿੰਦਾ ਸਨ। ਇਹ ਪੁਸਤਕ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਅਕਾਲੀ ਨੇਤਾਵਾਂ ਦੁਆਰਾ ਪਾਏ ਯੋਗਦਾਨ ਬਾਰੇ ਬਹੁਤ ਉਪਯੋਗੀ ਜਾਣਕਾਰੀ ਦਿੰਦੀ ਹੈ। ■

---

## ਜ਼ਿਲ੍ਹਾ ਗੁਰਦਾਸਪੁਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਗੁਰਮੁੱਖ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ, ਡੱਲਾ ਮੋੜ, ਨੇੜ੍ਹੇ ਕਾਦੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਜਥੇ. ਗੁਰਿੰਦਰਪਾਲ ਸਿੰਘ ਗੋਰਾ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ੩੧ ਜੁਲਾਈ, ੨੦੨੫ ਨੂੰ ਅੰਮ੍ਰਿਤ-ਸੰਚਾਰ ਕਰਵਾਇਆ ਗਿਆ ਜਿਸ ਵਿਚ ੮੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਰਾਗੁ ਵਡਹੰਸੁ

*-ਮਾ. ਬਲਬੀਰ ਸਿੰਘ ਹੰਸਪਾਲ**

ਰਾਗੁ ਵਡਹੰਸੁ ਗੁਰਬਾਣੀ ਸੰਗੀਤ ਦਾ ਮਹੱਤਵਪੂਰਨ ਰਾਗ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਵਿਧਾਨ ਦੀ ਤਰਤੀਬ ਅਨੁਸਾਰ ਰਾਗੁ ਵਡਹੰਸੁ ਨੂੰ ਅਠਵਾਂ ਸਥਾਨ ਦਿੱਤਾ ਹੈ। ਇਸ ਰਾਗ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ।

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਰਾਗੁ ਵਡਹੰਸੁ ਦੀ ਮਹਿਮਾ ਕਰਦੇ ਹੋਏ ਫੁਰਮਾਉਂਦੇ ਹਨ:

*ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾਂ ਕੀ ਧੁਨਿ ਗਾਵਣੀ*
*ੴ ਸਤਿਗੁਰ ਪ੍ਰਸਾਦਿ॥ ਸਲੋਕ ਮ:੩॥*
*ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ॥*
*ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੫੮੫)*

ਇਸ ਰਾਗ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਅਲਾਹਣੀਆ' ਸਿਰਲੇਖ ਹੇਠ ਬਾਣੀ ਰਚਨਾ ਦਰਜ ਹੈ, ਇਸ ਵਿਚ ਕਿਸੇ ਵਿਅਕਤੀ ਦੇ ਅਕਾਲ ਚਲਾਣਾ ਕਰ ਜਾਣ ਤੇ ਉਸ ਦੀ ਯਾਦ ਵਿਚ ਉਸ ਦੇ ਪਰਵਾਰ ਅਤੇ ਸਾਕ-ਸੰਬੰਧੀਆਂ ਵੱਲੋਂ ਰੋਣਾ, ਪਿੱਟਣਾ ਅਤੇ ਵਿਰਲਾਪ ਕਰਨ ਦੀ ਥਾਂ ਗੁਰੂ ਸਾਹਿਬ ਨੇ ਸੰਸਾਰਕ ਪ੍ਰਾਣੀਆਂ ਨੂੰ ਗੁਰਬਾਣੀ ਦਾ ਓਟ ਆਸਰਾ ਲੈਣ ਅਤੇ ਅਕਾਲ ਪੁਰਖ ਦੀ ਰਜ਼ਾ ਵਿਚ ਰਹਿਣ ਦਾ ਆਦੇਸ਼ ਕੀਤਾ ਹੈ। ਇਸੇ ਹੀ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ 'ਘੋੜੀਆ' ਸਿਰਲੇਖ ਹੇਠ ਬਾਣੀ ਵੀ ਦਰਜ ਹੈ। ਘੋੜੀਆਂ ਪੰਜਾਬੀ ਲੋਕ ਗੀਤਾਂ ਦਾ ਇਕ ਅੰਗ ਹੈ ਜੋ ਕਿ ਮੁੰਡੇ ਦੀ ਮਾਂ, ਭੈਣ ਅਤੇ ਨਜ਼ਦੀਕੀ ਰਿਸ਼ਤੇ ਦੀਆਂ ਇਸਤ੍ਰੀਆਂ ਵੱਲੋਂ ਵਿਆਹ ਸਮੇਂ ਉਸ ਦੇ ਖ਼ਾਨਦਾਨ ਦੀ ਪ੍ਰਸੰਸਾ ਵਿਚ ਰਲ-ਮਿਲ ਕੇ ਤੁਕਬੰਦੀ ਨਾਲ ਗੀਤ ਗਾਏ ਜਾਂਦੇ ਹਨ, ਪਰ ਗੁਰੂ ਸਾਹਿਬ ਸਾਨੂੰ ਇਨ੍ਹਾਂ ਸਮਾਜਿਕ ਰਸਮਾਂ ਤੋਂ ਉੱਚਾ ਉੱਠਣ ਲਈ ਪ੍ਰੇਰਦੇ ਹੋਏ ਪਰਮਾਤਮਾ ਦੇ ਨਾਮ ਰੰਗ ਵਿਚ ਆਪਣੇ ਆਪ ਨੂੰ ਰੰਗ ਕੇ ਉੱਚਾ-ਸੁੱਚਾ ਆਤਮਿਕ ਸਥਾਨ ਹਾਸਲ ਕਰਨ ਲਈ ਆਦੇਸ਼ ਕਰਦੇ ਹਨ। ਗੁਰੂ ਸਾਹਿਬ ਰਾਗੁ ਵਡਹੰਸੁ ਵਿਚ "ਵਡਹੰਸ ਕੀ ਵਾਰ ਮਹਲਾ ੪" ਨੂੰ ਗੁਰੂ-ਕਾਲ

** ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯-੪੯੪੪੮*

ਵਿਚ ਲਲਾ ਅਤੇ ਬਹਲੀਮਾ ਰਾਜਿਆਂ ਦੀ ਲੜਾਈ ਦੇ ਦ੍ਰਿਸ਼ਟਾਂਤ ਨੂੰ ਉਸ ਸਮੇਂ ਦੀ ਪ੍ਰਚਲਿਤ ਲੋਕ ਸੰਗੀਤਕ ਧੁਨ ਉੱਪਰ ਗਾਇਨ ਕਰਨ ਲਈ ਆਦੇਸ਼ ਕਰਦੇ ਹਨ।

ਰਾਗੁ ਵਡਹੰਸੁ ਬਹੁਤ ਪੁਰਾਤਨ ਰਾਗ ਹੈ। ਭਾਰਤੀ ਸੰਗੀਤ ਦੇ ਕੁਝ ਵਿਦਵਾਨਾਂ ਅਤੇ ਗ੍ਰੰਥਕਾਰਾਂ ਨੇ ਰਾਗੁ ਵਡਹੰਸੁ ਦਾ ਵਰਣਨ ਕੀਤਾ ਹੈ। ਸ਼ਾਸਤਰੀ ਸੰਗੀਤ ਦੇ ਵਿਦਵਾਨਾਂ ਅਨੁਸਾਰ ਰਾਗੁ ਵਡਹੰਸੁ ਸਾਰੰਗ ਰਾਗ ਦਾ ਇੱਕ ਪ੍ਰਕਾਰ ਹੈ।

ਇਸ ਦੇ ਥਾਟ ਸਬੰਧੀ ਸ਼ਾਸਤਰੀ ਸੰਗੀਤ ਦੇ ਵਿਦਵਾਨਾਂ ਵਿਚ ਮਤਭੇਦ ਪਾਏ ਜਾਂਦੇ ਹਨ। ਕੁਝ ਵਿਦਵਾਨ ਇਸ ਰਾਗ ਨੂੰ ਕਾਫੀ ਥਾਟ ਦੇ ਅੰਤਰਗਤ ਅਤੇ ਕੁਝ ਬਿਲਾਵਲ ਥਾਟ ਦੇ ਅੰਤਰਗਤ ਮੰਨਦੇ ਹਨ।

ਰਾਗੁ ਵਡਹੰਸੁ ਲੋਕ ਸੰਗੀਤਕ ਧੁਨਾਂ ਤੋਂ ਵਿਕਸਿਤ ਗੁਰੂ-ਕਾਲ ਦਾ ਪ੍ਰਸਿੱਧ ਰਾਗ ਹੈ। ਇਹ ਰਾਗ ਤਿਲਕ ਕਮੋਦ, ਦੇਸ, ਬਰਵਾ ਅਤੇ ਸਾਰੰਗ ਰਾਗ ਦੀਆਂ ਵਿਸ਼ੇਸ਼ ਸਵਰ ਸੰਗਤੀਆਂ ਦਾ ਇਕ ਮਿਸ਼ਰਨ ਹੈ। ਗੁਰਬਾਣੀ ਸੰਗੀਤ ਦੇ ਵੱਖ-ਵੱਖ ਵਿਦਵਾਨਾਂ ਅਤੇ ਗ੍ਰੰਥਕਾਰਾਂ ਅਨੁਸਾਰ ਰਾਗੁ ਵਡਹੰਸੁ ਨੂੰ ਖਮਾਜ ਥਾਟ ਦੇ ਅੰਤਰਗਤ ਬਣਦੇ ਸਰੂਪ ਨੂੰ ਪ੍ਰਵਾਨਿਤ ਮੰਨਿਆ ਗਿਆ ਹੈ। ਇਸ ਰਾਗ ਵਿਚ ਨੀ (ਨਿਸ਼ਾਦ) ਸਵਰ ਦੇ ਦੋਨੋਂ ਰੂਪ ਸ਼ੁੱਧ ਅਤੇ ਕੋਮਲ ਲਗਦੇ ਹਨ। ਇਸਦੇ ਅਰੋਹ ਵਿਚ ਗਾ (ਗੰਧਾਰ) ਸਵਰ ਨਹੀਂ ਲਗਾਇਆ ਜਾਂਦਾ, ਕਹਿਣ ਤੋਂ ਭਾਵ ਗੰਧਾਰ ਸਵਰ ਇਸ ਰਾਗ ਦਾ ਵਰਜਿਤ ਸਵਰ ਹੈ। ਇਸ ਰਾਗ ਦੀਆਂ ਕੁਝ ਵਿਸ਼ੇਸ਼ ਸਵਰ ਸੰਗਤੀਆਂ (ਸਵਰ ਚਲਨ) ਜੋ ਕਿ ਇਸ ਰਾਗ ਨਾਲ ਰਲਦੇ-ਮਿਲਦੇ ਸਮਪ੍ਰਕ੍ਰਿਤਕ ਰਾਗਾਂ ਤੋਂ ਇਸ ਨੂੰ ਵੱਖ ਕਰ ਕੇ ਆਪਣਾ ਮੂਲ ਸਰੂਪ ਨਿਖਾਰ ਕੇ ਪੇਸ਼ ਕਰਨ ਵਿਚ ਲਾਹੇਵੰਦ ਸਾਬਤ ਹੁੰਦੀਆਂ ਹਨ, ਅੱਗੇ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਗੁਰਬਾਣੀ ਸੰਗੀਤ ਦੇ ਸਿਖਿਆਰਥੀ ਇਨ੍ਹਾਂ ਸਵਰ ਸੰਗਤੀਆਂ ਨੂੰ ਧਿਆਨ ਵਿਚ ਰੱਖ ਕੇ ਰਾਗੁ ਵਡਹੰਸੁ ਦੇ ਮੂਲ ਸਰੂਪ ਨੂੰ ਯਾਦ ਕਰਦੇ ਹੋਏ ਗਾਇਨ ਅਤੇ ਵਾਦਨ ਕਰਨ ਵਿਚ ਸਫਲਤਾ ਹਾਸਲ ਕਰ ਸਕਣ:-

ਸਾ, ਸਾ ਰੇ ਸਾ ਨ਼ੀ, ਸਾ ਰੇ ਨ਼ੀ ਸਾ, ਨ਼ੀ ਸਾ ਰੇ, ਗਾ ਰੇ ਸਾ ਨ਼ੀ, ਪ਼ਾ ਨ਼ੀ ਸਾ, ਰੇ ਮਾ ਗਾ ਰੇ, ਰੇ ਮਾ ਪਾ, ਧਾ ਪਾ, ਧਾ ਨ੍ਰੀ ਪਾ, ਮਾ ਪਾ ਧਾ ਨ੍ਰੀ ਪਾ, ਮਾ ਪਾ ਨੀ ਸਾਂ, ਪਾ ਨੀ ਸਾਂ ਰੇਂ ਨੀ ਸਾਂ, ਨੀ ਸਾਂ ਰੇਂ, ਰੇਂ ਮਾਂ ਗਾਂ ਰੇਂ ਸਾਂ ਨੀ, ਪਾ ਨੀ ਸਾਂ ਰੇਂ ਨੀ ਸਾਂ, ਰੇਂ ਸਾਂ ਨ੍ਰੀ ਪਾ, ਧਾ ਨ੍ਰੀ ਪਾ, ਮਾ ਪਾ ਧਾ ਪਾ ਮਾ, ਧਾ ਮਾ ਗਾ ਰੇ, ਗਾ ਰੇ ਸਾ ਨ਼ੀ, ਪ਼ਾ ਨ਼ੀ ਸਾ।

**ਰਾਗ ਦਾ ਸਧਾਰਨ ਪਰਿਚਯ**

**ਰਾਗੁ–** ਵਡਹੰਸੁ

**ਥਾਟ–** ਖਮਾਜ

**ਵਾਦੀ ਸਵਰ–** ਪਾ (ਪੰਚਮ) ਸਵਰ

**ਸੰਵਾਦੀ ਸਵਰ–** ਰੇ (ਰਿਸ਼ਭ) ਸਵਰ

**ਗਾਇਨ ਸਮਾਂ–** ਦੁਪਹਿਰ ਦਾ

**ਸਵਰ–** ਦੋਨੋਂ ਨੀ (ਨਿਸ਼ਾਦ) ਸਵਰ ਦੇ ਸ਼ੁੱਧ ਅਤੇ ਕੋਮਲ ਰੂਪ ਅਤੇ ਬਾਕੀ ਸਾਰੇ ਸਵਰ ਸ਼ੁੱਧ।

**ਵਰਜਿਤ ਸਵਰ–** ਅਰੋਹ ਵਿਚ ਗਾ (ਗੰਧਾਰ) ਸਵਰ

**ਜਾਤੀ–** ਸ਼ਾੜਵ-ਸੰਪੂਰਨ

**ਅਰੋਹ–** ਸਾ ਰੇ ਮਾ ਪਾ, ਧਾ ਨੁੀ ਪਾ, ਨੀ ਸਾਂ।

**ਅਵਰੋਹ–** ਸਾਂ ਨੁੀ ਪਾ, ਧਾ ਮਾ ਗਾ ਰੇ, ਸਾ ਨ਼ੀ ਸਾ।

**ਪਕੜ–** ਸਾ ਰੇ ਮਾ ਪਾ ਨੁੀ ਪਾ, ਧਾ ਮਾ ਗਾ ਰੇ ਸਾ ਨ਼ੀ, ਪ਼ਾ ਨ਼ੀ ਸਾ।

**ਚਲਦਾ...**

---

ਕਬਿੱਤ

## ਬਿਰਹੇ ਪਿਆਸ ਕੋ

*–ਭਾਈ ਹਰਪ੍ਰੀਤ ਸਿੰਘ**

*ਕਾਵਿ ਛੰਦ ਰਾਗ ਤਾਲ ਸਬਦ ਮਿਲਾਏ ਚਾਲ*
*ਗਿਆਨ ਹੀ ਤੇ ਬੂਝੀਐ ਅਨਹਦ ਨਾਦ ਕੋ,*
*ਬਿਬੇਕ ਬੁੱਧ ਨਾਮ ਦਾਨ ਮਨ ਕੋ ਮਿਟਾਏ ਮਾਨ*
*ਸਤਸੰਗ ਲਗ ਪਾਈਐ ਜੀ ਸਬਦ ਬਿਚਾਰ ਕੋ*
*ਸੇਵ ਸਿੱਖ ਲਾਏ ਚਿਤ ਪ੍ਰੇਮ ਕੀ ਭਗਤਿ ਹਿਤ*
*ਪ੍ਰਾਣ ਦਾਨ ਪਾਈਐ ਜੀ ਮੁਕਤ ਗਿਆਨ ਕੋ,*
*ਧਾਰ ਏਕ ਰਾਖ ਟੇਕ ਦੂਜਾ ਨਾਹਿ ਮਨਹਿ ਚੇਤ*
*ਕੀਜੈ ਨਾ ਅਵਰ ਆਸ ਬਿਰਹੇ ਪਿਆਸ ਕੋ।*

** ਹਜ਼ੂਰੀ ਦਿਲਰੁਬਾ ਵਾਦਕ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।*
*ਮੋ. ੯੮੫੫੭੦੦੯੯੦*

# ਸਤੰਬਰ ਅਤੇ ਅਕਤੂਬਰ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਜੀ | ੨੧ ਭਾਦੋਂ ੦੫ ਸਤੰਬਰ |
| ਮੱਸੇ ਰੰਘੜ ਨੂੰ ਮੌਤ ਦੇ ਘਾਟ ਉਤਾਰਿਆ | ੨੨ ਭਾਦੋਂ ੦੬ ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ (ਜੋੜ-ਮੇਲਾ ਗੋਇੰਦਵਾਲ ਸਾਹਿਬ) | ੨੩ ਭਾਦੋਂ ੦੭ ਸਤੰਬਰ |
| ਜੋੜ-ਮੇਲਾ ਬਾਬਾ ਬੁੱਢਾ ਜੀ (ਰਮਦਾਸ) | ੨੭ ਭਾਦੋਂ ੧੧ ਸਤੰਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੨੮ ਭਾਦੋਂ ੧੨ ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | ੦੧ ਅੱਸੂ ੧੬ ਸਤੰਬਰ |
| ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ | ੦੫ ਅੱਸੂ ੨੦ ਸਤੰਬਰ |
| ਸਿੰਘ ਸਭਾ ਲਹਿਰ ਸਥਾਪਨਾ ਦਿਵਸ | ੧੬ ਅੱਸੂ ੦੧ ਅਕਤੂਬਰ |
| ਦਰਬਾਰ ਖ਼ਾਲਸਾ (ਦੁਸਹਿਰਾ) | ੧੭ ਅੱਸੂ ੦੨ ਅਕਤੂਬਰ |
| ਜੋੜ-ਮੇਲਾ ਬੀੜ ਬਾਬਾ ਬੁੱਢਾ ਜੀ (ਠੱਠਾ) | ੨੧-੨੨ ਅੱਸੂ ੬-੭ ਅਕਤੂਬਰ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ | ੨੩ ਅੱਸੂ ੦੮ ਅਕਤੂਬਰ |
| ਜਨਮ ਦਿਹਾੜਾ ਭਾਈ ਤਾਰੂ ਸਿੰਘ ਜੀ | ੨੪ ਅੱਸੂ ੦੯ ਅਕਤੂਬਰ |
| ਸ਼ਹੀਦੀ ਦਿਹਾੜਾ ਭਾਈ ਸੁਖਦੇਵ ਸਿੰਘ ਜੀ (ਸੁੱਖਾ) ਅਤੇ ਭਾਈ ਹਰਜਿੰਦਰ ਸਿੰਘ ਜੀ (ਜਿੰਦਾ) | ੨੪ ਅੱਸੂ ੦੯ ਅਕਤੂਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੩੦ ਅੱਸੂ ੧੫ ਅਕਤੂਬਰ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੩੦ ਅੱਸੂ ੧੫ ਅਕਤੂਬਰ |
| ਬੰਦੀ ਛੋੜ ਦਿਵਸ (ਦੀਵਾਲੀ) | ੦੫ ਕੱਤਕ ੨੧ ਅਕਤੂਬਰ |
| ਜਨਮ ਦਿਹਾੜਾ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲੇ | ੦੫ ਕੱਤਕ ੨੧ ਅਕਤੂਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੦੭ ਕੱਤਕ ੨੩ ਅਕਤੂਬਰ |
| ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) | ੦੭ ਕੱਤਕ ੨੩ ਅਕਤੂਬਰ |
| ਅਕਾਲ ਚਲਾਣਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ | ੦੭ ਕੱਤਕ ੨੩ ਅਕਤੂਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | ੧੦ ਕੱਤਕ ੨੬ ਅਕਤੂਬਰ |
| ਸਾਕਾ ਪੰਜਾ ਸਾਹਿਬ (ਪਾਕਿਸਤਾਨ) | ੧੪ ਕੱਤਕ ੩੦ ਅਕਤੂਬਰ |
| ਸ਼ਹੀਦੀ ਦਿਹਾੜਾ ਭਾਈ ਬੇਅੰਤ ਸਿੰਘ | ੧੫ ਕੱਤਕ ੩੧ ਅਕਤੂਬਰ |

**ਪੂਰਨਮਾਸੀ** ੨੩ ਭਾਦੋਂ ੦੭ ਸਤੰਬਰ, **ਸੰਗਰਾਂਦ** ੦੧ ਅੱਸੂ ੧੬ ਸਤੰਬਰ
**ਮੱਸਿਆ** ੦੬ ਅੱਸੂ ੨੧ ਸਤੰਬਰ, **ਪੂਰਨਮਾਸੀ** ੨੨ ਅੱਸੂ ੦੭ ਅਕਤੂਬਰ
**ਸੰਗਰਾਂਦ** ੦੧ ਕੱਤਕ ੧੭ ਅਕਤੂਬਰ, **ਮੱਸਿਆ** ੦੫ ਕੱਤਕ ੨੧ ਅਕਤੂਬਰ

ਖ਼ਬਰਨਾਮਾ

# ਰਾਜਸਥਾਨ ਹਾਈਕੋਰਟ ਸਿਵਲ ਜੱਜ ਦੀ ਭਰਤੀ ਲਈ ਗੁਰਸਿੱਖ ਲੜਕੀ ਨੂੰ ਕਕਾਰਾਂ ਕਰਕੇ ਪੇਪਰ ਦੇਣ ਤੋਂ ਰੋਕਣਾ ਸੰਵਿਧਾਨ ਦੀ ਉਲੰਘਣਾ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨੨ ਜੁਲਾਈ- ਰਾਜਸਥਾਨ ਹਾਈਕੋਰਟ ਦੇ ਸਿਵਲ ਜੱਜ ਦੀ ਭਰਤੀ ਲਈ ਹੋਈ ਪ੍ਰੀਖਿਆ ਦੌਰਾਨ ਪੇਪਰ ਦੇਣ ਪਹੁੰਚੀ ਇੱਕ ਗੁਰਸਿੱਖ ਲੜਕੀ ਨੂੰ ਸਿੱਖ ਕਕਾਰ ਕਿਰਪਾਨ ਤੇ ਕੜਾ ਉਤਾਰਨ ਲਈ ਆਖਣ ਅਤੇ ਪ੍ਰੀਖਿਆ ਵਿਚ ਦਾਖ਼ਲਾ ਨਾ ਦੇਣ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਦੇਸ਼ ਦੇ ਸੰਵਿਧਾਨ ਦੀ ਵੱਡੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਗੁਰਸਿੱਖ ਲੜਕੀ ਨੂੰ ਕਿਰਪਾਨ ਸਮੇਤ ਪ੍ਰੀਖਿਆ ਵਿੱਚੋਂ ਰੋਕਣ ਵਾਲੇ ਪ੍ਰੀਖਿਆ ਕੇਂਦਰ ਦੇ ਅਧਿਕਾਰੀਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਜਿਨ੍ਹਾਂ ਦੀ ਇਸ ਆਪਹੁਦਰੀ ਹਰਕਤ ਨਾਲ ਇੱਕ ਬੱਚੀ ਪ੍ਰੀਖਿਆ ਤੋਂ ਵਾਂਝੀ ਰਹਿ ਗਈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਿਛਲੇ ਸਾਲ ਵੀ ਰਾਜਸਥਾਨ ਵਿਚ ਕੁਝ ਵਿਦਿਆਰਥੀਆਂ ਨਾਲ ਅਜਿਹਾ ਵਰਤਾਰਾ ਹੋਇਆ ਸੀ, ਜਿਸ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਵਫਦ ਨੇ ਉੱਥੋਂ ਦੇ ਪ੍ਰਸ਼ਾਸਨ ਨਾਲ ਗੱਲ ਕੀਤੀ ਸੀ ਅਤੇ ਅੱਗੋਂ ਅਜਿਹਾ ਨਾ ਹੋਵੇ ਇਸ ਦਾ ਧਿਆਨ ਰੱਖਣ ਲਈ ਕਿਹਾ ਸੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਸਿੱਖਾਂ ਨੂੰ ਕਿਰਪਾਨ ਪਹਿਨਣ ਦਾ ਪੂਰਾ ਅਧਿਕਾਰ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਕੋਈ ਵੀ ਅੰਮ੍ਰਿਤਧਾਰੀ ਸਿੱਖ ਆਪਣੇ ਸਰੀਰ ਨਾਲੋਂ ਪੰਜ ਕਕਾਰ ਵੱਖ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਪਿਛਲੇ ਕੁਝ ਸਮੇਂ ਤੋਂ ਦੇਸ਼ ਅੰਦਰ ਸਿੱਖ ਉਮੀਦਵਾਰਾਂ ਨੂੰ ਖਾਸ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਅਕਸਰ ਹੀ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਧਾਰਮਿਕ ਚਿੰਨ੍ਹ ਕਕਾਰ ਉਤਾਰਨ ਲਈ ਆਖਿਆ ਜਾਂਦਾ ਹੈ ਅਤੇ ਵਿਰੋਧ ਕਰਨ ਉੱਤੇ ਮੁਕਾਬਲਾ ਪ੍ਰੀਖਿਆਵਾਂ ਵਿਚ ਦਾਖ਼ਲਾ ਨਹੀਂ ਦਿੱਤਾ ਜਾਂਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਇਸ ਵਰਤਾਰੇ ਨੂੰ ਆਪਣੇ ਹੀ ਦੇਸ਼ ਭਾਰਤ ਅੰਦਰ ਸਿੱਖਾਂ ਨਾਲ ਵੱਡਾ ਵਿਤਕਰਾ ਕਰਾਰ ਦਿੰਦਿਆਂ ਕਿਹਾ ਕਿ ਸਿੱਖ ਉਮੀਦਵਾਰਾਂ ਨਾਲ ਕੀਤਾ ਜਾਂਦਾ ਇਹ ਵਖਰੇਵਾਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਸਭ ਨੂੰ ਇਹ

ਪਤਾ ਹੋਣ ਦੇ ਬਾਵਜੂਦ ਵੀ ਕਿ ਕਿਰਪਾਨ ਸਿੱਖਾਂ ਦੇ ਪੰਜ ਕਕਾਰਾਂ ਦਾ ਹਿੱਸਾ ਹੈ ਅਤੇ ਇਹ ਸਿੱਖ ਪਛਾਣ, ਮੌਲਿਕ ਅਧਿਕਾਰਾਂ ਦੀ ਤਰਜਮਾਨ ਹੈ, ਫਿਰ ਵੀ ਸਿੱਖਾਂ ਨਾਲ ਨਫ਼ਰਤੀ ਵਿਹਾਰ ਕਰਨਾ ਅਤਿ ਨਿੰਦਣਯੋਗ ਹੈ। ਐਡੋਵੇਕਟ ਹਰਜਿੰਦਰ ਸਿੰਘ ਧਾਮੀ ਨੇ ਰਾਜਸਥਾਨ ਸਰਕਾਰ ਦੇ ਮੁੱਖ ਮੰਤਰੀ ਨੂੰ ਇਸ ਮਾਮਲੇ ਵਿਚ ਤੁਰੰਤ ਦਖ਼ਲ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਉਹ ਸਿੱਖ ਬੱਚੀ ਨੂੰ ਪੇਪਰ ਵਿਚ ਦਾਖ਼ਲੇ ਤੋਂ ਰੋਕਣ ਵਾਲੇ ਦੋਸ਼ੀ ਅਧਿਕਾਰੀਆਂ ਖ਼ਿਲਾਫ ਸਖ਼ਤ ਕਾਰਵਾਈ ਕਰਨ। ਉਨ੍ਹਾਂ ਮੁੱਖ ਮੰਤਰੀ ਤੋਂ ਇਹ ਵੀ ਮੰਗ ਕੀਤੀ ਕਿ ਅਧਿਕਾਰੀਆਂ ਦੇ ਗ਼ਲਤ ਵਤੀਰੇ ਕਾਰਨ ਪੇਪਰ ਦੇਣ ਤੋਂ ਰਹਿ ਗਈ ਸਿੱਖ ਉਮੀਦਵਾਰ ਦਾ ਇਹ ਪੇਪਰ ਦਿਵਾਉਣ ਲਈ ਸੂਬਾ ਸਰਕਾਰ ਵੱਲੋਂ ਵਿਸ਼ੇਸ਼ ਪ੍ਰਬੰਧ ਕਰਕੇ ਉਸ ਨੂੰ ਇਨਸਾਫ਼ ਦਿੱਤਾ ਜਾਵੇ।

ਐਡਵੋਕੇਟ ਧਾਮੀ ਨੇ ਇਹ ਵੀ ਕਿਹਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸਿੱਖ ਕਕਾਰਾਂ ਵਿਰੁੱਧ ਅਜਿਹੀਆਂ ਕਾਰਵਾਈਆਂ ਸਿੱਖ ਕਕਾਰਾਂ ਦੀ ਬੇਅਦਬੀ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਵੀ ਮੰਗ ਕੀਤੀ ਕਿ ਅਜਿਹੇ ਵਰਤਾਰੇ ਨੂੰ ਰੋਕਣ ਲਈ ਕਨੂੰਨ ਬਣਾਇਆ ਜਾਵੇ, ਜਿਸ ਤਹਿਤ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਹੋਣ ਤਾਂ ਜੋ ਕੋਈ ਵੀ ਅਧਿਕਾਰੀ ਅਜਿਹੀ ਹਰਕਤ ਨਾ ਕਰੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਲਦ ਇੱਕ ਵਫਦ ਰਾਜਸਥਾਨ ਭੇਜਿਆ ਜਾਵੇਗਾ ਜੋ ਇਸ ਮਾਮਲੇ ਸਬੰਧੀ ਰਾਜਸਥਾਨ ਸਰਕਾਰ ਨਾਲ ਗੱਲਬਾਤ ਕਰੇਗਾ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਉਣ ਲਈ ਕਹੇਗਾ।

## ਏਆਈ ਟੂਲਸ ਰਾਹੀਂ ਗੁਰਬਾਣੀ, ਸਿੱਖ ਇਤਿਹਾਸ ਤੇ ਗੁਰਮਤਿ ਦੀ ਗ਼ਲਤ ਜਾਣਕਾਰੀ ਦੇਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਿਆ ਨੋਟਿਸ

ਸ੍ਰੀ ਅੰਮ੍ਰਿਤਸਰ, ੩੧ ਜੁਲਾਈ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸੰਗਤ ਵੱਲੋਂ ਮਿਲ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਟੂਲਸ ਨਾਲ ਗੁਰਬਾਣੀ, ਸਿੱਖ ਇਤਿਹਾਸ ਤੇ ਗੁਰਮਤਿ ਦੀ ਗ਼ਲਤ ਜਾਣਕਾਰੀ ਦੇਣ ਦਾ ਨੋਟਿਸ ਲੈਂਦਿਆਂ ਵੱਖ-ਵੱਖ ਏਆਈ ਪਲੇਟਫਾਰਮਾਂ ਨੂੰ ਈ-ਮੇਲ ਪੱਤਰ ਭੇਜ ਕੇ ਇਤਰਾਜ਼ ਪ੍ਰਗਟ ਕੀਤਾ ਹੈ। ਜਿਨ੍ਹਾਂ ਏਆਈ ਪਲੇਟਫਾਰਮਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਿਖਿਆ ਗਿਆ ਹੈ, ਉਨ੍ਹਾਂ ਵਿਚ ਚੈਟ ਜੀਪੀਟੀ, ਡੀਪਸੀਕ, ਗਰੋਕ, ਜੇਮਿਨੀ ਏਆਈ, ਮੈਟਾ, ਗੂਗਲ, ਵੀਓ ੩, ਡਿਸਕਰਿਪਟ, ਰਨਵੇਅ ਐਮਐਲ, ਪਿਕਟੋਰੀ, ਮਜਿਸਟੋ, ਇਨਵੀਡਿਓ, ਡੈਲ-ਈ ੨, ਮਿਡਜਰਨੀ, ਡੀਪਏਆਈ

ਅਤੇ ਹੋਰ ਸ਼ਾਮਲ ਹਨ।

ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਧਰਮ ਦੀਆਂ ਆਪਣੀਆਂ ਮੌਲਿਕ ਪ੍ਰੰਪਰਾਵਾਂ ਹਨ, ਜਿਨ੍ਹਾਂ ਵਿਚ ਤਬਦੀਲੀ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਤਕਨੀਕ ਦੇ ਯੁੱਗ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਿੱਖ ਗੁਰੂ ਸਾਹਿਬਾਨ ਦੇ ਇਤਿਹਾਸ ਤੇ ਤਸਵੀਰਾਂ ਨਾਲ ਛੇੜਛਾੜ ਕਰ ਕੇ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦੀਆਂ ਕੋਝੀਆਂ ਹਰਕਤਾਂ ਨਾਲ ਸਿੱਖ ਹਿਰਦਿਆਂ ਨੂੰ ਗਹਿਰੀ ਸੱਟ ਵੱਜ ਰਹੀ ਹੈ। ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬਉੱਚ ਹਨ, ਜਿਸ ਅੰਦਰ ਦਰਜ ਗੁਰਬਾਣੀ ਨਾਲ ਕਿਸੇ ਤਰ੍ਹਾਂ ਦੀ ਛੇੜਛਾੜ ਨਹੀਂ ਹੋ ਸਕਦੀ, ਪ੍ਰੰਤੂ ਅਜਿਹੀਆਂ ਐਪਸ ਗੁਰਬਾਣੀ ਦੀਆਂ ਪਾਵਨ ਪੰਕਤੀਆਂ ਨੂੰ ਗ਼ਲਤ ਤਰੀਕੇ ਨਾਲ ਦਰਸਾ ਰਹੀਆਂ ਹਨ, ਜੋ ਗੁਰਬਾਣੀ ਦੀ ਬੇਅਦਬੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਈ ਇਤਰਾਜ਼ ਪ੍ਰਗਟ ਹੋਏ ਹਨ, ਜਿਸ ਦੇ ਮੱਦੇਨਜ਼ਰ ਏਆਈ ਪਲੇਟਫਾਰਮਾਂ ਨੂੰ ਈ-ਮੇਲ ਪੱਤਰ ਭੇਜ ਕੇ ਗ਼ਲਤ ਜਾਣਕਾਰੀਆਂ 'ਤੇ ਰੋਕ ਲਗਾਉਣ ਲਈ ਕਿਹਾ ਗਿਆ ਹੈ।

ਉਨ੍ਹਾਂ ਕਿਹਾ ਕਿ ਵੱਖ-ਵੱਖ ਏਆਈ ਪਲੇਟਫਾਰਮਾਂ 'ਤੇ ਅਜਿਹੀ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਰਾਹੀਂ ਸਤਿਕਾਰਯੋਗ ਸਿੱਖ ਧਾਰਮਿਕ ਸ਼ਖ਼ਸੀਅਤਾਂ, ਪਾਵਨ ਗ੍ਰੰਥਾਂ ਅਤੇ ਸਿੱਖ ਪ੍ਰਤੀਕਾਂ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਨੌਜੁਆਨ ਪੀੜ੍ਹੀ ਤਕਨਾਲੋਜੀ ਦੀ ਵਰਤੋਂ ਜਰੀਏ ਆਪਣੇ ਇਤਿਹਾਸ, ਪਰੰਪਰਾਵਾਂ ਅਤੇ ਮਾਨਤਾਵਾਂ ਨੂੰ ਜਾਣਨ ਦਾ ਯਤਨ ਕਰਦੀ ਹੈ, ਪ੍ਰੰਤੂ ਏਆਈ ਦੁਆਰਾ ਉਨ੍ਹਾਂ ਨੂੰ ਮਿਲ ਰਹੀ ਅਧੂਰੀ ਤੇ ਗ਼ਲਤ ਜਾਣਕਾਰੀ ਧਰਮ ਦੇ ਸਿਧਾਂਤਾਂ ਨੂੰ ਸੱਟ ਮਾਰਨ ਵਾਲੀ ਸਾਬਤ ਹੋ ਰਹੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਕਈ ਗੁਰਬਾਣੀ ਐਪਸ 'ਤੇ ਵੀ ਗੁਰਬਾਣੀ ਸ਼ੁੱਧ ਰੂਪ ਵਿਚ ਨਹੀਂ ਹੈ, ਜਿਸ ਬਾਰੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਹੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਖੇਤਰ ਵਿਚ ਕੰਮ ਕਰ ਰਹੇ ਲੋਕਾਂ ਅਤੇ ਸੰਸਥਾਵਾਂ ਦਾ ਵੀ ਸਹਿਯੋਗ ਲਿਆ ਜਾਵੇਗਾ। ਉਨ੍ਹਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਉਹ ਅਜਿਹੀਆਂ ਐਪਸ ਤੋਂ ਅਧੂਰੀ ਜਾਣਕਾਰੀ ਨਾ ਲੈਣ, ਸਗੋਂ ਸਿੱਖ ਇਤਿਹਾਸ ਅਤੇ ਪਰੰਪਰਾਵਾਂ ਸਬੰਧੀ ਇਤਿਹਾਸਿਕ ਸਰੋਤਾਂ ਦੀ ਹੀ ਵਰਤੋਂ ਕਰਨ।

ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਭਾਰਤ ਦੇ ਗ੍ਰਿਹ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਵੀ ਅਪੀਲ ਕੀਤੀ ਕਿ ਇਸ ਸੰਜੀਦਾ ਮਸਲੇ ਪ੍ਰਤੀ ਗੰਭੀਰਤਾ ਦਿਖਾਉਂਦਿਆਂ ਸਰਕਾਰੀ ਤੌਰ 'ਤੇ ਵੀ ਨੋਟਿਸ ਲਿਆ ਜਾਵੇ ਅਤੇ ਕੋਈ ਠੋਸ ਨੀਤੀ ਬਣਾ ਕੇ ਅਜਿਹੇ ਚਲਣ ਨੂੰ ਰੋਕਣ ਲਈ ਪ੍ਰਬੰਧ ਕੀਤੇ ਜਾਣ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਚੇਚੇ ਜਨਰਲ ਇਜਲਾਸ 'ਚ ਤਖ਼ਤ ਸਾਹਿਬਾਨ ਦੇ ਸਨਮਾਨ ਸਬੰਧੀ ਅਹਿਮ ਮਤਾ ਪਾਸ

ਸ੍ਰੀ ਅੰਮ੍ਰਿਤਸਰ, ੫ ਅਗਸਤ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਚੇਚਾ ਜਨਰਲ ਇਜਲਾਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਇਆ, ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ੧੦੦ ਦੇ ਕਰੀਬ ਮੈਂਬਰ ਸ਼ਾਮਲ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਇਸ ਇਜਲਾਸ ਦੌਰਾਨ ਤਖ਼ਤ ਸਾਹਿਬਾਨ ਦੀ ਮਾਣ-ਮਰਯਾਦਾ ਦੇ ਸਬੰਧ ਵਿਚ ਵਿਚਾਰ-ਵਟਾਂਦਰੇ ਉਪਰੰਤ ਇਕ ਮਤਾ ਪਾਸ ਕੀਤਾ ਗਿਆ, ਜਿਸ ਵਿਚ ਕੌਮ ਦੀਆਂ ਇਨ੍ਹਾਂ ਸਰਵਉੱਚ ਸੰਸਥਾਵਾਂ ਦੇ ਪੰਥਕ ਜਲੌ, ਮਾਣ-ਸਨਮਾਨ ਅਤੇ ਮਹੱਤਵ ਦੇ ਅਸਲ ਰੂਪ ਨੂੰ ਕਾਇਮ ਰੱਖਣ ਪ੍ਰਤੀ ਜਥੇਦਾਰ ਸਾਹਿਬਾਨ ਨੂੰ ਅਪੀਲ ਕੀਤੀ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗਏ ਮਤੇ ਵਿਚ ਕਿਹਾ ਗਿਆ ਕਿ ਸਿੱਖ ਧਰਮ ਆਪਣੇ ਮੌਲਿਕ ਇਤਿਹਾਸ, ਸਿਧਾਂਤਾਂ, ਮਰਿਆਦਾ ਅਤੇ ਵਿਚਾਰਧਾਰਾ ਦੀ ਅਮੀਰੀ ਕਰਕੇ ਦੁਨੀਆ ਦੇ ਧਰਮਾਂ ਅੰਦਰ ਨਿਵੇਕਲਾ ਸਥਾਨ ਰੱਖਦਾ ਹੈ। ਤਖ਼ਤ ਸਾਹਿਬਾਨ ਸਿੱਖ ਪੰਥ ਦੀਆਂ ਸਰਵਉੱਚ ਸੰਸਥਾਵਾਂ ਹਨ ਜੋ ਸਿੱਖ ਇਤਿਹਾਸ, ਗੁਰਬਾਣੀ ਅਤੇ ਗੁਰਮਤਿ ਪਰੰਪਰਾਵਾਂ ਅਨੁਸਾਰ ਸਿੱਖ ਕੌਮ ਦੀ ਧਾਰਮਿਕ, ਪੰਥਕ, ਨੈਤਿਕ ਅਤੇ ਰੂਹਾਨੀ ਅਗਵਾਈ ਕਰਦੇ ਹਨ। ਹਰ ਤਖ਼ਤ ਸਾਹਿਬ ਦੀ ਆਪਣੇ ਇਤਿਹਾਸਿਕ ਪਿਛੋਕੜ ਅਤੇ ਪੰਥਕ ਮਹੱਤਤਾ ਦੇ ਨਾਲ-ਨਾਲ ਖੇਤਰੀ ਵਿਸ਼ੇਸ਼ਤਾ ਸਿੱਖ ਮਰਯਾਦਾ ਦਾ ਹਿੱਸਾ ਹੈ, ਪਰ ਮਹੱਤਵਪੂਰਨ ਇਹ ਹੈ ਕਿ ਸਭ ਤਖ਼ਤ ਸਾਹਿਬਾਨ ਇੱਕੋ ਗੁਰਮਰਿਆਦਾ ਅਤੇ ਗੁਰੂ ਮਰਜੀ ਅਧੀਨ ਹਨ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਥਾਪਿਤ ਪ੍ਰਭੁਸੱਤਾ ਸੰਪੰਨ ਹਸਤੀ ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਵਾਸਤੇ ਇਲਾਹੀ ਆਦੇਸ਼ ਦਾ ਅਸਥਾਨ ਹੈ। ਇਹ ਧਰਮ ਦੇ ਨਾਲ ਪੰਥਕ ਤੇ ਰਾਜਨੀਤਕ ਅਗਵਾਈ ਲਈ ਵੀ ਮਾਰਗ-ਦਰਸ਼ਨ ਹੈ।

ਮਤੇ ਵਿਚ ਅੱਗੇ ਕਿਹਾ ਗਿਆ ਕਿ ਸਿੱਖ ਕੌਮ ਦੇ ਪੰਜ ਤਖ਼ਤ ਸਾਹਿਬਾਨ ਆਪੋ-ਆਪਣੀ ਥਾਂ ਵੱਡੀ ਅਹਿਮੀਅਤ ਰੱਖਦੇ ਹਨ, ਲੇਕਿਨ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਪੰਥ ਵੱਲੋਂ ਪ੍ਰਵਾਨੀ ਤੇ ਸਨਮਾਨੀ ਜਾਂਦੀ ਹੈ। ਸਿੱਖਾਂ ਦੇ ਕੌਮੀ ਮਸਲੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਵਿਚਾਰੇ

ਜਾਣ ਅਤੇ ਨਿਰਣਾ ਕਰਨ ਦਾ ਸਰਬ-ਪ੍ਰਮਾਣਿਤ ਵਿਧਾਨ ਹੈ, ਪਰ ਬਾਕੀ ਤਖ਼ਤ ਸਾਹਿਬਾਨ ਦਾ ਸਥਾਨਕ ਪੱਧਰ 'ਤੇ ਮਾਮਲਿਆਂ ਨੂੰ ਸੰਬੋਧਨ ਹੋਣਾ ਵੀ ਸਿੱਖ ਰਹਿਤ ਮਰਯਾਦਾ ਦੀ ਸੇਧ ਵਿਚ ਅਧਿਕਾਰਤ ਹੈ। ਇਸ ਦੇ ਮੱਦੇਨਜ਼ਰ ਜਰਨਲ ਇਜਲਾਸ ਦੌਰਾਨ ਕੌਮੀ ਇਤਿਹਾਸ, ਮਰਿਆਦਾ, ਪ੍ਰੰਪਰਾਵਾਂ ਅਤੇ ਚੱਲਦੇ ਆ ਰਹੇ ਵਿਧੀ-ਵਿਧਾਨ ਦੀ ਰੋਸ਼ਨੀ ਵਿਚ ਤਖ਼ਤ ਸਾਹਿਬਾਨ ਦੇ ਮਾਣ-ਸਤਿਕਾਰ ਅਤੇ ਅਧਿਕਾਰਾਂ ਦਾ ਸਨਮਾਨ ਕਰਦਿਆਂ ਜਥੇਦਾਰ ਸਾਹਿਬਾਨ ਨੂੰ ਅਪੀਲ ਕੀਤੀ ਗਈ ਕਿ ਕਿਸੇ ਵੀ ਮਾਮਲੇ 'ਤੇ ਫੈਸਲਾ ਲੈਣ ਸਮੇਂ ਪੰਥਕ ਰਵਾਇਤਾਂ ਨੂੰ ਨਜ਼ਰ-ਅੰਦਾਜ਼ ਨਾ ਕੀਤਾ ਜਾਵੇ। ਕੌਮੀ ਫੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੈਣ ਦੀ ਰਵਾਇਤ ਹੈ ਅਤੇ ਲਏ ਜਾਂਦੇ ਰਹਿਣਗੇ, ਪਰੰਤੂ ਦੂਸਰੇ ਚਾਰ ਤਖਤ ਸਾਹਿਬਾਨ ਨਾਲ ਸੰਬੰਧਿਤ ਸਥਾਨਕ ਮਾਮਲਿਆਂ ਵਿਚ ਉਨ੍ਹਾਂ ਦੇ ਸਲਾਹ ਮਸ਼ਵਰੇ ਬਿਨ੍ਹਾਂ ਦਖ਼ਲ ਨਾ ਦਿੱਤਾ ਜਾਵੇ। ਜੇਕਰ ਕੋਈ ਅਜਿਹਾ ਮਾਮਲਾ ਵਿਚਾਰ ਅਧੀਨ ਆਵੇ ਤਾਂ ਦੀਰਘ ਵਿਚਾਰ-ਵਟਾਂਦਰੇ ਮਗਰੋਂ ਹੀ ਕੋਈ ਫੈਸਲਾ ਕੀਤਾ ਜਾਵੇ। ਇਸ ਵਿਚ ਸੰਬੰਧਿਤ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਫੈਸਲੇ ਦਾ ਹਿੱਸਾ ਲਾਜ਼ਮੀ ਬਣਾਇਆ ਜਾਵੇ। ਸਾਂਝੀ ਰਾਏ ਨਾ ਬਣਨ 'ਤੇ ਉਸ ਮਾਮਲੇ ਪ੍ਰਤੀ ਕਾਹਲੀ ਵਿਚ ਫੈਸਲਾ ਨਾ ਹੋਵੇ। ਵਿਸ਼ੇਸ਼ ਕਾਰਨਾਂ ਕਰਕੇ ਤੁਰੰਤ ਫੈਸਲਾ ਲਏ ਜਾਣ ਦੇ ਹਾਲਾਤ ਨੂੰ ਛੱਡ ਕੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਕੁਝ ਦਿਨ ਪਹਿਲਾਂ ਐਲਾਨ ਕੀਤੀ ਜਾਵੇ। ਜੇਕਰ ਕਿਸੇ ਤਖਤ ਸਾਹਿਬ ਤੋਂ ਜਥੇਦਾਰ ਸਾਹਿਬ ਕਿਸੇ ਕਾਰਨ ਮੀਟਿੰਗ ਵਿਚ ਸ਼ਾਮਲ ਨਾ ਹੋ ਸਕਣ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ੧੯ ਨਵੰਬਰ, ੨੦੦੩ ਨੂੰ ਕੀਤੇ ਗਏ ਮਤੇ ਦੀ ਰੋਸ਼ਨੀ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬਾਨਾਂ ਵਿੱਚੋਂ ਹੀ ਸ਼ਾਮਲ ਕੀਤੇ ਜਾਣ।

ਇਜਲਾਸ ਦੌਰਾਨ ਇਸ ਤੋਂ ਇਲਾਵਾ ਯੂਨੀਵਰਸਿਟੀਆਂ ਵਿਚ ਆਰ.ਐਸ.ਐਸ. ਦਾ ਦਖ਼ਲ, ਪੰਜਾਬ ਸਰਕਾਰ ਵੱਲੋਂ ਬੇਅਦਬੀਆਂ ਸਬੰਧੀ ਲਿਆਂਦੇ ਗਏ ਬਿੱਲ, ਪੰਜਾਬ ਸਰਕਾਰ ਵੱਲੋਂ ਸਰਕਾਰ ਤੌਰ 'ਤੇ ਸਿੱਖ ਸੰਸਥਾਵਾਂ ਦੇ ਮੁਕਾਬਲੇ 'ਤੇ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਸਮੇਂ ਗੁਰਮਤਿ ਸਮਾਗਮ ਰੱਖਣ ਦੀ ਜ਼ਿੱਦ ਅਤੇ ਰਾਮ ਰਹੀਮ ਨੂੰ ਬਾਰ-ਬਾਰ ਪੈਰੋਲ ਦੇਣ ਦੀ ਕਰੜੀ ਨਿੰਦਾ ਕੀਤੀ ਗਈ। ਸਮਾਗਮ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਜਸਵੰਤ ਸਿੰਘ ਪੁੜੈਣ, ਬੀਬੀ ਕਿਰਨਜੋਤ ਕੌਰ ਅਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਵੀ ਸੰਬੋਧਨ ਕੀਤਾ।

ਇਜਲਾਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਇਜਲਾਸ

ਬਹੁਤ ਹੀ ਮਹੱਤਵਪੂਰਨ ਮੁੱਦੇ 'ਤੇ ਰੱਖਿਆ ਗਿਆ ਸੀ, ਜਿਸ ਪ੍ਰਤੀ ਹਰ ਬੁਲਾਰੇ ਨੇ ਸੰਜੀਦਗੀ ਦਿਖਾਈ ਅਤੇ ਭਾਵਪੂਰਤ ਵਿਚਾਰ ਦਿੱਤੇ। ਉਨ੍ਹਾਂ ਹਾਊਸ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਅੰਦਰ ਵੀ ਉਹ ਅਜਿਹੇ ਹੀ ਸਹਿਯੋਗ ਦੀ ਆਸ ਰੱਖਦੇ ਹਨ। ਉਨ੍ਹਾਂ ਪਾਸ ਕੀਤੇ ਮਤੇ ਬਾਰੇ ਗੱਲ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਇਹ ਵੱਡੀ ਲੋੜ ਹੈ ਕਿ ਤਖ਼ਤ ਸਾਹਿਬਾਨ ਦੇ ਮਾਣ-ਸਨਮਾਨ ਨੂੰ ਕਿਸੇ ਤਰ੍ਹਾਂ ਦੀ ਠੇਸ ਨਾ ਪੁੱਜੇ। ਸਿੱਖ ਪੰਥ ਦੀਆਂ ਸ਼ਾਨਾਂਮੱਤੀ ਪਰੰਪਰਾਵਾਂ, ਸਿਧਾਂਤਾਂ, ਰਹੁਰੀਤਾਂ, ਪੰਥਕ ਜਲੌ ਅਤੇ ਕੌਮੀ ਸੰਸਥਾਵਾਂ ਦੇ ਮਾਣ-ਸਨਮਾਨ ਤੇ ਮਹੱਤਵ ਨੂੰ ਅਸਲ ਰੂਪ ਵਿਚ ਬਣਾਈ ਰੱਖਣ ਲਈ ਇਹ ਬੇਹੱਦ ਜ਼ਰੂਰੀ ਹੈ।

ਇਜਲਾਸ 'ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਬੀਬੀ ਜਗੀਰ ਕੌਰ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਦਲਜੀਤ ਸਿੰਘ ਭਿੰਡਰ, ਸ. ਸੁਖਹਰਪ੍ਰੀਤ ਸਿੰਘ ਰੋਡੇ, ਸ. ਰਵਿੰਦਰ ਸਿੰਘ ਖ਼ਾਲਸਾ, ਸ. ਜਸਵੰਤ ਸਿੰਘ ਪੁੜੈਣ ਤੇ ਸ. ਪਰਮਜੀਤ ਸਿੰਘ ਰਾਏਪੁਰ, ਸ. ਅਮਰੀਕ ਸਿੰਘ ਜਨੈਤਪੁਰ, ਬੀਬੀ ਅਮਰਜੀਤ ਕੌਰ, ਸ. ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਸ. ਜਗਸੀਰ ਸਿੰਘ ਮਾਗੇਆਣਾ, ਬੀਬੀ ਕਿਰਨਵੀਰ ਕੌਰ, ਸ. ਕੌਰ ਸਿੰਘ ਬਹਾਵਵਾਲਾ, ਸ. ਦਰਸ਼ਨ ਸਿੰਘ ਬਰਾੜ, ਸ. ਪ੍ਰੀਤਮ ਸਿੰਘ ਮਲਸੀਹਾਂ, ਸ. ਦਰਸ਼ਨ ਸਿੰਘ ਸ਼ੇਰਖਾਂ, ਸ. ਬਲਵਿੰਦਰ ਸਿੰਘ ਭੰਮਾਂ ਲੰਡਾ, ਸ. ਸਤਪਾਲ ਸਿੰਘ ਤਲਵੰਡੀ ਭਾਈ, ਸ. ਗੁਰਮੀਤ ਸਿੰਘ ਬੂਹ, ਬੀਬੀ ਨਰਿੰਦਰ ਕੌਰ, ਸ. ਗੁਰਮੇਲ ਸਿੰਘ ਸੰਗਤਪੁਰਾ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਸ. ਫੁੰਮਣ ਸਿੰਘ, ਸ. ਅਮਰੀਕ ਸਿੰਘ ਕੋਟਸ਼ਮੀਰ, ਬੀਬੀ ਜੋਗਿੰਦਰ ਕੌਰ ਰਠੌਰ, ਸ. ਮੋਹਨ ਸਿੰਘ ਬੰਗੀ, ਸ. ਸੁਰਜੀਤ ਸਿੰਘ ਰਾਏਪੁਰ, ਬਾਬਾ ਬੂਟਾ ਸਿੰਘ, ਬੀਬੀ ਪਰਮਜੀਤ ਕੌਰ, ਸ. ਇੰਦਰਮੋਹਨ ਸਿੰਘ ਲਖਮੀਰਵਾਲਾ, ਬੀਬੀ ਜਸਪਾਲ ਕੌਰ, ਸ. ਬਲਦੇਵ ਸਿੰਘ ਚੂੰਘਾ, ਸੰਤ ਬਲਬੀਰ ਸਿੰਘ ਘੁੰਨਸ, ਸ. ਭੁਪਿੰਦਰ ਸਿੰਘ ਭਲਵਾਨ, ਸ. ਹਰਦੇਵ ਸਿੰਘ ਰੋਗਲਾ, ਬੀਬੀ ਹਰਦੀਪ ਕੌਰ, ਸ. ਜਰਨੈਲ ਸਿੰਘ ਕਰਤਾਰਪੁਰ, ਸ. ਜਸਮੇਲ ਸਿੰਘ ਲਾਛੜੂ, ਬੀਬੀ ਕੁਲਦੀਪ ਕੌਰ ਟੌਹੜਾ, ਬਾਬਾ ਗੁਰਪ੍ਰੀਤ ਸਿੰਘ, ਸ. ਅਵਤਾਰ ਸਿੰਘ ਰਿਆ, ਸ. ਦਵਿੰਦਰ ਸਿੰਘ ਖੱਟੜਾ, ਸ. ਰਘਬੀਰ ਸਿੰਘ ਸਹਾਰਨ ਮਾਜਰਾ, ਸ. ਚਰਨ ਸਿੰਘ ਆਲਮਗੀਰ, ਸ. ਹਰਪਾਲ ਸਿੰਘ ਜੱਲਾ, ਸ. ਗੁਰਪ੍ਰੀਤ ਸਿੰਘ ਗਰਚਾ, ਸ. ਜਗਜੀਤ ਸਿੰਘ ਤਲਵੰਡੀ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਕੇਵਲ ਸਿੰਘ ਬਾਦਲ, ਸ. ਬਲਵਿੰਦਰ ਸਿੰਘ ਬੈਂਸ, ਸ. ਰਣਜੀਤ ਸਿੰਘ ਮੰਗਲੀ, ਸ. ਸਰਬੰਸ ਸਿੰਘ ਮਾਣਕੀ, ਬੀਬੀ ਹਰਜਿੰਦਰ ਕੌਰ, ਸ. ਕੁਲਵੀਰ ਸਿੰਘ ਬੜਾ ਪਿੰਡ, ਬੀਬੀ

ਦਵਿੰਦਰ ਕੌਰ ਕਾਲੜਾ, ਸ. ਰਣਜੀਤ ਸਿੰਘ ਕਾਹਲੋਂ, ਬੀਬੀ ਗੁਰਮੀਤ ਕੌਰ ਭਟਨੂਰਾ, ਬੀਬੀ ਗੁਰਪ੍ਰੀਤ ਕੌਰ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਬਲਜੀਤ ਸਿੰਘ ਜਲਾਲਉਸਮਾਂ, ਸ. ਅਮਰਜੀਤ ਸਿੰਘ ਭਲਾਈਪੁਰ, ਸ. ਬਲਵਿੰਦਰ ਸਿੰਘ ਵੇਂਈਪੂਈਂ, ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਜਿੰਦਰ ਕੌਰ ਪੱਟੀ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਹਰਜਾਪ ਸਿੰਘ ਸੁਲਤਾਨਵਿੰਡ, ਭਾਈ ਰਾਜਿੰਦਰ ਸਿੰਘ ਮਹਿਤਾ, ਸ. ਬਾਵਾ ਸਿੰਘ ਗੁਮਾਨਪੁਰਾ, ਬੀਬੀ ਕਿਰਨਜੋਤ ਕੌਰ, ਸ. ਸੁਰਜੀਤ ਸਿੰਘ ਭਿੱਟੇਵੱਡ, ਬੀਬੀ ਬਲਵਿੰਦਰ ਕੌਰ ਲੋਪੋਕੇ, ਸ. ਜੋਧ ਸਿੰਘ ਸਮਰਾ, ਸ. ਅਮਰਜੀਤ ਸਿੰਘ ਬੰਡਾਲਾ, ਸ. ਭਗਵੰਤ ਸਿੰਘ ਸਿਆਲਕਾ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਗੁਰਨਾਮ ਸਿੰਘ ਜੱਸਲ, ਸ. ਅਮਰੀਕ ਸਿੰਘ ਸ਼ਾਹਪੁਰ, ਬੀਬੀ ਜੋਗਿੰਦਰ ਕੌਰ, ਬੀਬੀ ਜਸਵੀਰ ਕੌਰ ਜੱਫਰਵਾਲ, ਭਾਈ ਅਮਰਜੀਤ ਸਿੰਘ ਚਾਵਲਾ, ਸ. ਪਰਮਜੀਤ ਸਿੰਘ ਲੱਖੇਵਾਲ, ਸ. ਅਜਮੇਰ ਸਿੰਘ ਖੇੜਾ, ਸ. ਚਰਨਜੀਤ ਸਿੰਘ ਕਾਲੇਵਾਲ, ਬੀਬੀ ਪਰਮਜੀਤ ਕੌਰ ਲਾਂਡਰਾਂ, ਸ. ਜਗਤਾਰ ਸਿੰਘ ਰੋਡੇ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸ. ਗੁਰਮਿੰਦਰ ਸਿੰਘ ਮਠਾਰੂ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ ਸਮੇਤ ਹੋਰ ਹਾਜ਼ਰ ਸਨ।

## ਐਡ. ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ’ਚ ਬਜ਼ੁਰਗ ਸਿੱਖ ’ਤੇ ਹੋਏ ਨਸਲੀ ਹਮਲੇ ਦੀ ਕੀਤੀ ਨਿੰਦਾ

ਸ੍ਰੀ ਅੰਮ੍ਰਿਤਸਰ ੧੩ ਅਗਸਤ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ਅੰਦਰ ਕੈਲੀਫੋਰਨੀਆ ਦੇ ਨਾਰਥ ਹਾਲੀਵੁੱਡ ਵਿਚ ਸ. ਹਰਪਾਲ ਸਿੰਘ ਨਾਂ ਦੇ ਇਕ ਬਜ਼ੁਰਗ ਸਿੱਖ ’ਤੇ ਹੋਏ ਨਸਲੀ ਹਮਲੇ ਦੀ ਕਰੜੀ ਨਿੰਦਾ ਕਰਦਿਆਂ ਇਸ ਘਟਨਾ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕੈਲੀਫੋਰਨੀਆ ਵਿਚ ਸਿੱਖ ਬਜ਼ੁਰਗ ’ਤੇ ਹਮਲਾ ਕਰ ਕੇ ਗੰਭੀਰ ਜ਼ਖ਼ਮੀ ਕਰ ਦੇਣ ਦੀ ਖ਼ਬਰ ਬੇਹੱਦ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਅੱਜ ਵੱਖ-ਵੱਖ ਦੇਸ਼ਾਂ ਅੰਦਰ ਸਿੱਖ ਉੱਚ ਪਦਵੀਆਂ ’ਤੇ ਕਾਰਜ ਕਰ ਰਹੇ ਹਨ ਅਤੇ ਉਹ ਜਿਸ ਵੀ ਖਿੱਤੇ ਵਿਚ ਵੱਸੇ ਹਨ, ਉਨ੍ਹਾਂ ਨੇ ਉੱਥੋਂ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਵਿਰੁੱਧ ਅਜਿਹੀਆਂ ਨਫ਼ਰਤੀ ਘਟਨਾਵਾਂ ਵਾਪਰਣ ਨਾਲ ਕੌਮ ਅੰਦਰ ਰੋਸ ਪੈਦਾ ਹੋਣਾ ਕੁਦਰਤੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਮੁੱਚੀ ਮਨੁੱਖਤਾ ਭਲਾ ਚਾਹੁਣ ਵਾਲੇ ਸਿੱਖਾਂ ’ਤੇ ਵਿਦੇਸ਼ਾਂ ’ਚ ਨਸਲੀ ਹਮਲੇ ਹੋਣਾ ਬੇਹੱਦ ਮੰਦਭਾਗੇ ਹਨ। ਉਨ੍ਹਾਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ਾਂ ਵਿਚ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕੇ।

## ਮਨੁੱਖੀ ਹੱਕਾਂ ਦਾ ਪਹਿਰੇਦਾਰ
## ਸ਼ਹੀਦ ਸ. ਜਸਵੰਤ ਸਿੰਘ ਖਾਲੜਾ



Press Registrar General of India at No.354
Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

# GURMAT PARKASH September 2025

Dharam Parchar Committee, Shiromani Gurdwara Parbandhak Committee, Sri Amritsar Sahib

## ਮਹਾਰਾਜਾ ਦਲੀਪ ਸਿੰਘ



Owner : Shiromani Gurdwara Parbandhak Committee. Publisher Balwinder Singh, Printer Partap Singh, Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh
Date: 2-9-2025